# ਹਜ਼ੂਰੀ ਲੈਕਚਰ



ਭਾਗ
ਪਹਿਲਾ

ਮਾਨ ਸਿੰਘ ਝੌਰ

# ਹਜ਼ੂਰੀ ਲੈਕਚਰ ੧

SIKHBOOKCLUB.COM

# ਹਜ਼ੂਰੀ ਲੈਕਚਰ

## ਭਾਗ ਪਹਿਲਾ

ਗਿਆਨੀ ਮਾਨ ਸਿੰਘ ਝੌਰ

SIKHBOOKCLUB.COM

ਸਿੰਘ ਬ੍ਰਦਰਜ਼

ਅੰਮ੍ਰਿਤਸਰ

HAZOORI LECTURE I
(A collection of lectures on Sikh Philosophy)
*by*
GIANI MAN SINGH JHAUR

© 1991

ISBN 81-7205-054-2

ਦੂਜੀ ਵਾਰ ਦਸੰਬਰ 1991
ਤੀਜੀ ਵਾਰ ਜੂਨ 1994
ਚੌਥੀ ਵਾਰ ਜਨਵਰੀ 2001
ਪੰਜਵੀਂ ਵਾਰ ਸਤੰਬਰ 2014

**ਮੁੱਲ : 100-00 ਰੁਪਏ**

*ਪ੍ਰਕਾਸ਼ਕ :*
**ਸਿੰਘ ਬ੍ਰਦਰਜ਼**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001
*E-mail :* singhbro@vsnl.com
*Website :* www.singhbrothers.com

*ਛਾਪਕ :*
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਤਤਕਰਾ


| | |
|---|---|
| ੧. ਜਗਤ ਗੁਰੁ ਬਾਬਾ | ੯ |
| ੨. ਬੇਪ੍ਰਵਾਹ | ੩੩ |
| ੩. ਅਥਾਹ ਸਹਾਬਾ | ੪੦ |
| ੪. ਗ਼ਰੀਬ ਨਿਵਾਜ਼ | ੫੫ |
| ੫. ਬੇ-ਮੁਹਤਾਜ | ੯੨ |
| ੬. ਨਾ-ਮੋਹ | ੧੦੩ |


SIKHBOOKCLUB.COM

# ਮੁੱਢਲੇ ਸ਼ਬਦ

ਗਿਆਨੀ ਮਾਨ ਸਿੰਘ ਝੌਰ, ਮਸ਼ਹੂਰ ਸਿੱਖ ਵਕਤਾ ਸਨ। ਉਨ੍ਹਾਂ ਦੀ ਕਥਨੀ ਵਿਚ ਜ਼ੋਰ ਸੀ ਤੇ ਦਲੀਲ ਕਾਟਵੀਂ ਸੀ। ਉਨ੍ਹਾਂ ਦੇ ਸਿੱਧ-ਪੱਧਰੇ ਬੋਲਾਂ ਨੇ ਅਨੇਕਾਂ ਰੂਹਾਂ ਨੂੰ ਨਸ਼ਿਆਇਆ ਅਤੇ ਉਖੜੇ ਜੀਵਨ ਵਾਲਿਆਂ ਨੂੰ ਪਟੜੀ 'ਤੇ ਪਾਇਆ। ਉਨ੍ਹਾਂ ਦੇ ਬੋਲਾਂ ਦੀ ਕਸ਼ਿਸ਼ ਰਾਹੀਆਂ ਦੇ ਕਦਮਾਂ ਨੂੰ ਜਕੜ ਲੈਂਦੀ ਸੀ ਤੇ ਰੌਲੇ-ਰੱਪੇ ਵਾਲੇ ਮਾਹੌਲ ਨੂੰ ਸ਼ਾਂਤ ਕਰ ਦਿੰਦੀ ਸੀ।

ਗਿਆਨੀ ਜੀ ਕੋਲ ਜਨਮ-ਸਿੱਧ ਭਾਸ਼ਣੀ ਯੋਗਤਾ ਸੀ। ਭਾਵੇਂ ਉਹ ਸਕੂਲੀ ਵਿੱਦਿਆ ਤੋਂ ਵੰਚਿਤ ਹੀ ਸਨ, ਪਰ ਪੰਜਾਬੀ, ਹਿੰਦੀ-ਸੰਸਕ੍ਰਿਤ ਅਤੇ ਉਰਦੂ-ਫ਼ਾਰਸੀ ਭਾਸ਼ਾਵਾਂ ਆਪ ਨੇ ਬੜੀ ਮਿਹਨਤ ਤੇ ਸਿਦਕ-ਦਿਲੀ ਨਾਲ ਸਿੱਖੀਆਂ। ਸ਼ਾਸਤਰ ਅਧਿਐਨ ਆਪ ਦਾ ਸ਼ੌਕ ਸੀ ਤੇ ਦਲੀਲ ਦਾ ਸ਼ਸਤਰ ਆਪ ਨੇ ਚੋਖੀ ਮੁਹਾਰਤ ਨਾਲ ਬਹੁਤ ਤਿੱਖਾ ਕਰ ਲਿਆ ਸੀ। ਵਿਭਿੰਨ ਧਰਮਾਂ ਦੀਆਂ ਗੋਸ਼ਟੀਆਂ ਸਮੇਂ ਆਪ ਹਮੇਸ਼ਾ ਚੋਖਾ ਸਤਿਕਾਰ ਪਾਉਂਦੇ ਰਹੇ। ਸਿੱਖ ਸਟੇਜਾਂ 'ਤੇ ਤਾਂ ਸੰਗਤਾਂ ਘੰਟਿਆਂ-ਬੱਧੀ ਆਪ ਨੂੰ ਉਡੀਕਦੀਆਂ ਰਹਿੰਦੀਆਂ ਸਨ।

ਆਪ ਸਹੀ ਅਰਥਾਂ ਵਿਚ ਲੋਕ-ਵਕਤਾ ਸਨ। ਅਤਿ ਦੀ ਗਰੀਬੀ ਵਿਚ ਮਿਹਨਤ ਮਜੂਰੀ ਕਰਦਿਆਂ ਆਪ ਦਾ ਬਚਪਨ ਲੋਕ-ਮੇਲਿਆਂ ਵਿਚ ਗੁਜ਼ਰਿਆ, ਜਿਥੋਂ ਦੇ ਲੋਕ-ਸੰਗੀਤ ਨੇ ਆਪ ਦੇ ਅੰਦਰਲੇ ਰਾਗ-ਮਨ ਨੂੰ ਹੁਲਾਰਾ ਦਿੱਤਾ। ਇਹੀ ਹੁਲਾਰਾ ਜੀਵਨ ਪ੍ਰਯੰਤ ਆਪ ਦੇ ਅੰਦਰਲੇ ਕਵੀ ਨੂੰ ਕੁਰੇਦਦਾ ਰਿਹਾ, ਜਿਸ ਵਿੱਚੋਂ ਸੁੰਦਰ ਅਲਫ਼ਾਜ਼ ਮਨਮੋਹਣੀ ਤਰਤੀਬ ਵਿਚ ਗੁੰਦੀਂਅ ਕੇ ਨਿਕਲਦੇ ਰਹੇ। ਆਪ ਨੇ ਭਾਸ਼ਣੀ ਯੋਗਤਾ ਲਈ ਕਿਸੇ ਪਾਸੋਂ ਕੋਈ ਟ੍ਰੇਨਿੰਗ ਨਹੀਂ ਲਈ, ਪਰ ਆਪ ਦੇ ਸਿੱਖੇ ਹੋਏ ਅਨੇਕਾਂ ਸਿੱਖ ਪ੍ਰਚਾਰਕ ਚੋਖਾ ਮਾਣ ਪਾ ਰਹੇ ਹਨ ਅਤੇ ਆਪ ਪ੍ਰਤਿ ਕ੍ਰਿਤੱਗਯ ਹਨ।

ਹੱਥਲੀ ਪੁਸਤਕ, ਸਤਿਗੁਰੂ ਦੇ ਵਿਸ਼ਾਲ ਗੁਣਾਂ ਨੂੰ ਦ੍ਰਿੜ੍ਹਾਉਣ ਵਾਲੇ ਅਦੁੱਤੀ ਲੈਕਚਰਾਂ ਦਾ ਸੰਗ੍ਰਹਿ ਹੈ। ਆਸ ਹੈ ਕਿ ਸਾਡੇ ਗੋਲਡਨ ਜੁਬਲੀ ਵਰ੍ਹੇ ਦੀ ਪ੍ਰਕਾਸ਼ਨ-ਲੜੀ ਅਧੀਨ ਇਸ ਪੁਸਤਕ ਦਾ ਪੁਨਰ-ਪ੍ਰਕਾਸ਼ਨ ਗਿਆਨੀ ਜੀ ਦੀ ਉੱਤਮ ਭਾਸ਼ਣੀ ਯੋਗਤਾ ਪ੍ਰਤਿ ਇਕ ਸ਼ਰਧਾਂਜਲੀ ਵਜੋਂ ਸਵੀਕਾਰ ਕੀਤਾ ਜਾਵੇਗਾ।

ਪੁਨਰ-ਪ੍ਰਕਾਸ਼ਨ ਵੇਲੇ ਸਾਰੀ ਪੁਸਤਕ ਦੀ ਸੁਧਾਈ ਕੀਤੀ ਗਈ ਹੈ ਤੇ ਟੂਕਾਂ ਦੇ ਵੱਧ ਤੋਂ ਵੱਧ ਹਵਾਲੇ ਲੱਭ ਕੇ ਦਿੱਤੇ ਗਏ ਹਨ। ਇਹ ਬਿਖਮ ਕੰਮ ਗਿਆਨੀ ਮੋਹਨ ਸਿੰਘ ਨੇ ਬੜੀ ਤਨਦੇਹੀ ਨਾਲ ਕੀਤਾ ਹੈ। ਕੁਝ ਬੁਜੀ-ਨੁਮਾ ਟੂਕਾਂ ਦੀ ਸੁਧਾਈ ਲਈ ਡਾ. ਦੇਵਿੰਦਰ ਸਿੰਘ ਵਿਦਿਆਰਥੀ ਨੇ ਵੀ ਸਾਡੀ ਅਗਵਾਈ ਕੀਤੀ ਹੈ। ਇਸ ਸਹਿਯੋਗ ਲਈ ਅਸੀਂ ਦੋਹਾਂ ਵਿਦਵਾਨਾਂ ਦੇ ਧੰਨਵਾਦੀ ਹਾਂ।

—ਪ੍ਰਕਾਸ਼ਕ

# ਗੱਲ

ਗੱਲ ਇਹ ਹੈ ਕਿ ਦਾਸ ਦੇ ਸੱਜਣਾਂ ਮਿੱਤ੍ਾਂ ਤੇ ਗੁਰਮਤਿ ਪ੍ਰਚਾਰ ਦੇ ਚਾਹਵਾਨ ਗੁਰਸਿੱਖਾਂ ਨੇ ਕਈ ਵਾਰੀ ਹੁਕਮ ਕੀਤਾ ਕਿ ਤੂੰ ਕੁਛ ਲਿਖਤੀ ਸੇਵਾ ਵੀ ਕਰ ਤੇ ਜੋ ਕੁਛ ਤੇਰੇ ਕੋਲ ਹੈ ਉਹ ਨਾਲ ਲੈ ਕੇ ਹੀ ਨਾ ਚਲਿਆ ਜਾਈਂ। ਪਰ ਮੈਨੂੰ ਆਪਣੀ ਕਮਜ਼ੋਰੀ ਤੇ ਘਾਟ ਦਾ ਪਤਾ ਹੋਣ ਕਰਕੇ ਲਿਖਣ ਤੋਂ ਨਾਂਹ ਹੀ ਕਰਨੀ ਪੈਂਦੀ ਰਹੀ।

ਆਖ਼ਰ ੧੯੫੫ ਵਿਚ ਜਨਵਰੀ ਦੀ ੨੭ ਤਰੀਕ ਨੂੰ ਮੈਂ ਸ੍ਰੀ ਹਜ਼ੂਰ ਸਾਹਿਬ ਸਚਖੰਡ ਦੇ ਦਰਸ਼ਨਾਂ ਨੂੰ ਗਿਆ, ਜਿਥੇ ਮੈਨੂੰ ਸ੍ਰੀਮਾਨ ਪਰਮ ਕ੍ਰਿਪਾਲੂ ੧੦੮ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਦਰਸ਼ਨ ਹੋਏ, ਜਿਨ੍ਹਾਂ ਦੇ ਪ੍ਰੇਮ ਦਾ ਬੱਧਾ, ਦਸ ਬਾਰਾਂ ਦਿਨ ਹਜ਼ੂਰ ਸਾਹਿਬ ਰਿਹਾ ਤੇ ਸੰਤਾਂ ਦੇ ਗੁਰਦੁਆਰੇ ਕਥਾ ਦੀ ਸੇਵਾ ਵੀ ਕਰਦਾ ਰਿਹਾ। ਇਕ ਦਿਨ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਨੇ ਦਾਸ ਨੂੰ ਹੁਕਮ ਕੀਤਾ ਕਿ ਸਾਨੂੰ ਸੱਤ ਅੱਠ ਲੈਕਚਰ ਲਿਖ ਦੇਹ ਤਾਂ ਕਿ ਅਸੀਂ ਯਾਦ ਕਰ ਕੇ ਸੰਗਤ ਵਿਚ ਸੁਣਾਇਆ ਕਰੀਏ। ਇਸ ਪਿਆਰ ਭਿੰਨੇ ਹੁਕਮ ਨੇ ਮੇਰੇ ਅੰਦਰ ਉਤਸ਼ਾਹ ਤੇ ਉੱਦਮ ਪੈਦਾ ਕੀਤਾ, ਜਿਸਦਾ ਸਦਕਾ ਇਹ ਉਦੜ ਗੁਦੜੇ ਚਾਰ ਅੱਖਰ ਲਿਖ ਸਕਿਆ ਹਾਂ। ਇਹ ਮੇਰੀ ਪਹਿਲੀ ਲਿਖਤ ਹੋਣ ਕਰਕੇ ਇਸ ਵਿਚ ਕਈ ਘਾਟੇ ਹਨ, ਜਿਨ੍ਹਾਂ ਦਾ ਦਾਸ ਨੂੰ ਇਲਮ ਹੈ। ਆਸ ਹੈ ਕਿ ਦੂਜੀ ਐਡੀਸ਼ਨ ਵਿਚ ਉਹ ਘਾਟੇ ਪੂਰੇ ਕਰਨ ਦਾ ਯਤਨ ਕੀਤਾ ਜਾਏਗਾ।

ਚੂੰਕਿ ਇਸ ਨਿਮਾਣੀ ਜਿਹੀ ਸੇਵਾ ਕਰਨ ਦਾ ਹੁਕਮ ਸ੍ਰੀ ਹਜ਼ੂਰ ਸਾਹਿਬ ਵਿਚ ਹੋਇਆ ਸੀ, ਇਸ ਕਰਕੇ ਇਸ ਪੁਸਤਕ ਦਾ ਨਾਮ 'ਹਜ਼ੂਰੀ ਲੈਕਚਰ' ਰਖਿਆ ਹੈ। ਜਿਨ੍ਹਾਂ ਮਹਾਂਪੁਰਸ਼ਾਂ ਨੇ ਇਹ ਅੱਖਰ ਲਿਖਣ ਵਾਸਤੇ ਪ੍ਰੇਰਿਆ ਤੇ ਉੱਦਮ ਦਿਤਾ ਹੈ, ਉਨ੍ਹਾਂ ਹੀ ਮਹਾਂਪੁਰਸ਼ਾਂ ਦੀ ਪਵਿਤ੍ਰ ਸੇਵਾ ਵਿਚ ਇਹ ਪੁਸਤਕ ਭੇਟਾ ਕੀਤੀ ਗਈ ਹੈ, ਜੇ ਉਹ ਪ੍ਰਵਾਨ ਕਰਨ ਤਾਂ ਆਪਣੇ ਧੰਨ ਭਾਗ ਸਮਝਾਂਗਾ।

ਦੂਜਾ ਕਾਰਨ ਇਸ ਪੁਸਤਕ ਦੇ ਲਿਖਣ ਦਾ ਇਹ ਵੀ ਹੈ ਕਿ ਕਈ ਵਾਰੀ ਗੁਣੀ ਗਿਆਨੀ, ਰਾਗੀ, ਪ੍ਰਚਾਰਕ ਤੇ ਢਾਡੀ ਸਿੰਘ ਵੀ ਹੁਕਮ ਕਰਿਆ ਕਰਦੇ ਸਨ ਕਿ ਜੋ ਮਸਾਲਾ ਤੂੰ ਆਪਣੇ ਦਿਮਾਗ਼ ਵਿਚ ਜਮ੍ਹਾਂ ਕਰੀ ਬੈਠਾ ਹੈਂ, ਜੇ ਇਸ ਨੂੰ ਕਿਤਾਬੀ ਸ਼ਕਲ ਦੇ ਦਏਂ ਤਾਂ ਅਸੀਂ ਵੀ ਫ਼ਾਇਦਾ ਉਠਾ ਸਕਦੇ ਹਾਂ। ਸੋ ਆਪਣੀ ਯਾਦ ਦੇ ਡੱਬੇ ਵਿੱਚੋਂ ਥੋੜ੍ਹਾ ਜਿਹਾ ਮਸਾਲਾ ਗੁਣੀਆਂ ਦੀ ਭੇਟ ਕਰਦਾ ਹਾਂ, ਜੇ ਕਬੂਲ ਹੋ ਗਿਆ ਤਾਂ ਉਨ੍ਹਾਂ ਦਾ ਧੰਨਵਾਦੀ ਹਾਂ। ਅਗਲੇ ਹਿੱਸਿਆਂ ਵਿਚ ਬਾਕੀ ਦਾ ਮਸੌਦਾ ਵੀ ਪੇਸ਼ ਕਰਨ ਦਾ ਹੀਲਾ ਕੀਤਾ ਜਾਏਗਾ।

ਤੁਹਾਡਾ

**ਗਿਆਨੀ ਮਾਨ ਸਿੰਘ ਸੁਤੰਤ੍ਰ**

ਪਿੰਡ ਝੌਰ
ਤਰੀਕ ੧ ਦਸੰਬਰ ੧੯੫੫

# ਜਗਤੁ ਗੁਰੁ ਬਾਬਾ

ਜਗਤ ਕਰਤਾ ਦੀ ਸਾਜਨਾ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਭਾਈ ਗੁਰਦਾਸ ਜੀ ਭੱਲੇ ਨੇ "ਜ਼ਾਹਰ ਪੀਰ ਜਗਤੁ ਗੁਰੁ ਬਾਬਾ" ਕਹਿ ਕੇ ਚੇਤੇ ਕੀਤਾ ਹੈ। ਉਪਰੋਕਤ ਅੱਖਰ ਪੜ੍ਹ ਕੇ, ਸਿਆਣਾ ਤੇ ਸਾਧਾਰਨ, ਦੋਵੇਂ ਮਨ ਸੋਚੀਂ ਪੈ ਜਾਂਦੇ ਹਨ, ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਗਤ ਗੁਰੂ ਤੇ ਜ਼ਾਹਰਾ ਪੀਰ ਕਹਿ ਕੇ ਕਿਉਂ ਚੇਤੇ ਕੀਤਾ ਗਿਆ ਹੈ, ਇਹ ਮਾਣ ਕਿਸੇ ਦੂਸਰੀ ਹਸਤੀ ਨੂੰ ਕਿਉਂ ਨਾ ਮਿਲ ਸਕਿਆ ? ਸ੍ਰੀ ਗੁਰੂ ਸੱਚੇ ਪਾਤਸ਼ਾਹ ਵਿਚ ਉਹ ਕਿਹੜੇ ਸਰਵੋਤਮ ਗੁਣ ਹਨ ਜਿਨ੍ਹਾਂ ਕਰਕੇ ਹਜ਼ੂਰ ਨੂੰ, ਜਗਤ ਗੁਰੂ ਤੇ ਜ਼ਾਹਰਾ ਪੀਰ ਕਰਕੇ ਮੰਨਿਆ ਗਿਆ ਹੈ। ਕਰਤੇ ਦੇ ਕੀਤੇ ਹੋਏ ਅਨੰਤ ਸੰਸਾਰ ਵਿਚ ਬੇਅੰਤ ਅਵਤਾਰ, ਦੇਵਤੇ, ਦੇਵੀਆਂ, ਰਿਸ਼ੀ, ਮੁਨੀ, ਸਿਧ ਨਾਥ, ਜੋਗੀ, ਪੀਰ, ਵਲੀ, ਗੌਂਸ, ਕੁਤਬ ਅਤੇ ਨਬੀ ਆਏ ਜਿਨ੍ਹਾਂ ਨੇ ਆਪਣੇ ਆਪਣੇ ਸਮੇਂ ਵਿਚ ਸੰਸਾਰ-ਸੁਧਾਰ ਲਈ ਬੜੇ ਯਤਨ ਕੀਤੇ ਤੇ ਸਫ਼ਲ ਵੀ ਹੋਏ, ਆਪਣੇ ਨਿਸ਼ਾਨੇ ਤਕ ਪੁੱਜਣ ਲਈ ਜੇ ਉਹਨਾਂ ਨੂੰ ਕੁਰਬਾਨੀਆਂ ਵੀ ਕਰਨੀਆਂ ਪਈਆਂ ਤਾਂ ਕੀਤੀਆਂ ਤੇ ਬੜੇ ਬੜੇ ਕਰੜੇ ਦੁੱਖ ਵੀ ਝੱਲੇ, ਪਰ ਜ਼ਾਹਰਾ ਪੀਰ ਤੇ ਜਗਤ ਗੁਰੂ ਹੋਣ ਦਾ ਰੁਤਬਾ ਨਾ ਮਿਲਿਆ। ਇਹ ਰੁਤਬਾ, ਇਹ ਮਾਣ, ਇਹ ਪਦਵੀ, ਇਹ ਵਡਿਆਈ, ਇਹ ਪ੍ਰਭੁਤਾ, ਇਹ ਗੌਰਵਤਾ ਜੇ ਕਿਸੇ ਨੂੰ ਮਿਲੀ, ਤਾਂ ਉਹ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਹਨ। ਪਰ ਕਿਉਂ ? ਇਸ ਕਿਉਂ ਦਾ ਉੱਤਰ ਭਾਈ ਗੁਰਦਾਸ ਜੀ ਨੇ ਹੇਠਲੀਆਂ ਤੁਕਾਂ ਵਿਚ ਇਉਂ ਦਿਤਾ ਹੈ:

**ਸਤਿਗੁਰ ਸਚਾ ਪਾਤਿਸਾਹੁ ਬੇਪਰਵਾਹੁ ਅਥਾਹੁ ਸਹਾਬਾ।**
**ਨਾਉ ਗਰੀਬ ਨਿਵਾਜੁ ਹੈ ਬੇਮੁਹਤਾਜ ਨ ਮੋਹੁ ਮੁਹਾਬਾ।**

*(ਵਾਰ ੨੪, ਪਉੜੀ ੩)*

ਉਪਰਲੀਆਂ ਦੋਵੇਂ ਤੁਕਾਂ ਆਪਣੇ ਵਿਚ ਇਕ ਖ਼ਾਸ ਵਜ਼ਨ, ਤੇ ਮਹੱਤਤਾ ਰਖਦੀਆਂ ਹਨ। ਇਹਨਾਂ ਤੁਕਾਂ ਦਾ ਵਿਚਾਰ ਨਾਲ ਪਾਠ ਕੀਤਿਆਂ ਸਾਰਾ ਸੰਸਾਰ ਨੇਤਰਾਂ ਅੱਗੇ ਆਣ ਖਲੋਂਦਾ ਹੈ ਤੇ ਸ੍ਰੀ ਗੁਰੂ ਮਹਾਰਾਜ ਦੀ ਜਗਤ-ਯਾਤਰਾ ਅਤੇ "ਜਾਹਰ ਪੀਰ ਜਗਤ ਗੁਰੁ ਬਾਬਾ" ਹੋਣ ਵਾਲੇ ਸਰਬ-ਸ੍ਰੇਸ਼ਟ ਗੁਣਾਂ ਦੀ ਪਵਿਤ੍ਰ ਤਸਵੀਰ ਨੇਤਰਾਂ ਸਾਹਮਣੇ ਆ ਚਮਕਦੀ ਹੈ। ਭਾਈ ਗੁਰਦਾਸ ਜੀ ਨੇ, ਜੋ ਗੁਰਾਂ ਦੇ ਸੱਚੇ ਤੇ ਸਿਦਕੀ ਸਿੱਖ ਸਨ, ਉਪਰੋਕ੍ਤ ਦੋਹਾਂ ਤੁਕਾਂ ਵਿਚ ਸੱਤਾਂ ਗੁਣਾਂ ਦਾ ਜ਼ਿਕਰ ਕੀਤਾ ਹੈ, ਜੋ ਇਸ ਪ੍ਰਕਾਰ ਹਨ:

(੧) ਸੱਚਾ ਪਾਤਸ਼ਾਹ, (੨) ਬੇ-ਪ੍ਰਵਾਹ, (੩) ਅਥਾਹ ਸਹਾਬਾ, (੪) ਗਰੀਬ ਨਿਵਾਜ਼, (੫) ਬੇ-ਮੁਹਤਾਜ, (੬) ਨਾ ਮੋਹ, (੭) ਮੁਹਾਬਾ।

ਇਹਨਾਂ ਉਤੇ ਕਥਨ ਕੀਤੇ ਸੱਤਾਂ ਗੁਣਾਂ ਤੇ ਵੀ ਵਿਚਾਰ ਕੀਤੀ ਜਾਂਦੀ ਹੈ। ਪਾਠਕ

ਸੱਜਣ ਧਿਆਨ ਦੇ ਕੇ ਵਿਚਾਰਨ ਦੀ ਕਿਰਪਾ ਕਰਨ ਤੇ ਹਜ਼ੂਰ ਦੇ ਸ਼ੁਭ ਗੁਣਾਂ ਨੂੰ ਦਿਲ ਦੇ ਕਾਗਜ਼ 'ਤੇ ਲਿਖਣ ਦੀ ਖੇਚਲ ਕਰਨ ਤਾਂ ਕਿ ਦਿਲ ਦਾ ਸ਼ੀਸ਼ਾ ਸਾਫ਼ ਹੋ ਕੇ ਆਪਣੇ ਆਪੇ ਨੂੰ ਦੇਖ ਸਕੇ।

ਦੁਨੀਆਂਦਾਰ ਬਾਦਸ਼ਾਹ ਗਿਣਤੀ ਦੇ ਦਿਨ ਰਾਜ-ਸਾਜ ਭੋਗ ਕੇ ਨਿਆਇੰ ਅਨਿਆਇੰ ਕਰ ਕੇ ਤਖ਼ਤ ਛਡ ਤਖ਼ਤੇ ਉਤੇ ਪੈ ਜਾਂਦੇ ਹਨ। ਉਸੇ ਤਖ਼ਤ ਉਤੇ ਬੈਠਾ ਦੂਜਾ ਰਾਜਾ ਆਪਣਾ ਡੰਕਾ ਆ ਵਜਾਉਂਦਾ ਹੈ, ਤੇ ਪਹਿਲੇ ਦਾ ਨਾਂ ਅਲੋਪ ਕਰ ਦਿੰਦਾ ਹੈ, ਹੁਕਮ ਵਿਚ ਆਪਣੇ ਨਾਮ ਦੀ ਸਿਆਹੀ ਸਫ਼ੈਦੀ ਵਰਤਦਾ ਹੈ ਅਤੇ ਆਪਣੇ ਹੀ ਨਾਮ ਦਾ ਸਿੱਕਾ ਚਲਾਉਂਦਾ ਹੈ। ਆਪਣੇ ਹੀ ਖ਼ੁਤਬੇ ਪੜ੍ਹਾਉਂਦਾ ਤੇ ਆਪਣੇ ਹੀ ਨਾਮ 'ਤੇ ਸ਼ਹਿਰ, ਪਿੰਡ, ਕਸਬੇ ਵਸਵਾ ਕੇ ਆਪਣੇ ਹੀ ਨਾਮ ਦੀਆਂ ਨਹਿਰਾਂ, ਕੂਹਲਾਂ ਤੇ ਸੜਕਾਂ ਬਣਵਾ ਕੇ ਕੁਛ ਚਿਰ ਲਈ ਅਮੀਰ ਬਣ ਬੈਠਦਾ ਹੈ।

ਇਸਦੇ ਕੂਚ ਕਰਨ ਪਿਛੋਂ ਕੋਈ ਦੂਜਾ ਆ ਕੇ ਪਿੜ ਮੱਲ ਬੈਠ ਜਾਂਦਾ ਹੈ, ਇਸ ਤੋਂ ਉਪਰੰਤ ਕੋਈ ਤੀਜਾ, ਚੌਥਾ ਜਾਂ ਪੰਜਵਾਂ ਆ ਕੇ ਤੁਰੇ ਜਾਂਦੇ ਹਨ ਤੇ ਕੁਝ ਸਦੀਆਂ ਪਿੱਛੋਂ ਇਤਿਹਾਸ ਦੇ ਪੰਨਿਆਂ ਤੋਂ ਵੀ ਮਿਟ ਜਾਂਦੇ ਨੇ, ਹੁਕਮ ਵੀ ਹੈ ਕਿ :

(੧) ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥

*(ਆਸਾ ਸੇਖ ਫਰੀਦ, ਪੰਨਾ ੪੮੮)*

(੨) ਏਕ ਸਿਵ ਭਏ ਏਕ ਗਏ, ਏਕ ਫੇਰ ਭਏ,
ਰਾਮ ਚੰਦ੍ਰ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈਂ॥੭੭॥ *(ਅਕਾਲ ਉਸਤਤਿ)*

(੩) ਰਹਣ ਨ ਪਾਵਹਿ ਸੁਰਿ ਨਰ ਦੇਵਾ॥
ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ॥
ਜੀਵਤ ਪੇਖੇ ਜਿਨੀ ਹਰਿ ਹਰਿ ਧਿਆਇਆ॥
ਸਾਧ ਸੰਗਿ ਤਿਨੀ ਦਰਸਨੁ ਪਾਇਆ॥
ਬਾਦਿਸਾਹ ਸਾਹ ਵਾਪਾਰੀ ਮਰਨਾ॥
ਜੋ ਦੀਸੈ ਸੋ ਕਾਲਹਿ ਖਰਨਾ॥
ਕੂੜੈ ਮੋਹਿ ਲਪਟਿ ਲਪਟਾਨਾ॥
ਛੋਡਿ ਚਲਿਆ ਤਾ ਫਿਰਿ ਪਛੁਤਾਨਾ॥
ਕ੍ਰਿਪਾ ਨਿਧਾਨ ਨਾਨਕ ਕਉ ਕਰਹੁ ਦਾਤਿ॥
ਨਾਮੁ ਤੇਰਾ ਜਪੀ ਦਿਨੁ ਰਾਤਿ॥ *(ਸੂਹੀ ਮ: ੫, ਪੰਨਾ ੭੪੦)*

(੪) ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ॥
ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ॥
ਚਲਦਿਆ ਨਾਲਿ ਨ ਚਲੈ ਸਿਰਿ ਪਾਪ ਲੈ ਜਾਵਣਾ॥
ਜਾਂ ਪਕੜਿ ਚਲਾਇਆ ਕਾਲਿ ਤਾਂ ਖਰਾ ਡਰਾਵਣਾ॥
ਓਹ ਵੇਲਾ ਹਥਿ ਨ ਆਵੈ ਫਿਰਿ ਪਛੁਤਾਵਣਾ॥

*(ਸੋਰਠਿ ਵਾਰ ਮ: ੪, ਪੰਨਾ ੬੪੫)*

(੫) ਜੋਗੀ ਜਤੀ ਤਪੀ ਸੰਨਿਆਸੀ, ਬਹੁ ਤੀਰਥ ਭ੍ਰਮਨਾ॥
ਲੁੰਜਿਤ ਮੁੰਜਿਤ ਮੋਨਿ ਜਟਾਧਰ ਅੰਤਿ ਤਊ ਮਰਨਾ॥
ਤਾ ਤੇ ਸੇਵੀਅਲੇ ਰਾਮਨਾ॥
ਰਸਨਾ ਰਾਮ ਨਾਮ ਹਿਤੁ ਜਾ ਕੈ, ਕਹਾ ਕਰੈ ਜਮਨਾ॥੧॥ ਰਹਾਉ॥
ਆਗਮ ਨਿਰਗਮ ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ॥
ਤੰਤ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ॥
ਰਾਜ ਭੋਗ ਅਰੁ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ॥
ਪਾਨ ਕਪੂਰ ਸੁਬਾਸਕ ਚੰਦਨ ਅੰਤਿ ਤਊ ਮਰਨਾ॥
ਬੇਦ ਪੁਰਾਨ ਸਿੰਮ੍ਰਿਤਿ ਸਭ ਖੋਜੇ ਕਹੂ ਨ ਊਬਰਨਾ॥
ਕਹੁ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਨਾ॥

*(ਆਸਾ ਕਬੀਰ ਜੀਉ, ਪੰਨਾ ੪੭੬-੭੭)*

ਇਹ ਉਪਰ ਲਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਂ ਵਾਕ ਦਸਦੇ ਹਨ ਕਿ ਰਾਜੇ ਮਹਾਰਾਜੇ, ਪੰਡਿਤ ਤੇ ਜੋਗੀ, ਹਕੀਮ ਤੇ ਕਵੀ, ਏਥੋਂ ਤਕ ਕਿ ਨੌਂ ਖੰਡ ਧਰਤੀ ਦਾ ਚੱਕਰਵਰਤੀ ਰਾਜਾ ਵੀ ਇਸ ਅਮਿੱਤ ਸੰਸਾਰ ਵਿਚ ਪੱਕਾ ਅੱਡਾ ਬਣਾ ਕੇ ਸਦਾ ਦਾ ਵਾਸੀ ਨਹੀਂ ਅਖਵਾ ਸਕਦਾ। ਬੀਤ ਚੁਕੇ ਸਮੇਂ ਦੇ ਇਤਿਹਾਸ ਦੇ ਪੰਨਿਆਂ 'ਤੇ ਨਜ਼ਰ ਮਾਰੀਏ ਤਾਂ ਨਮਰੂਦ ਕਿਤੇ ਨਜ਼ਰੀਂ ਨਹੀਂ ਪੈਂਦਾ, ਫਰਾਊਨ ਨਹੀਂ ਲੱਭਦਾ, ਸ਼ੱਦਾਦ ਦਾ ਪਤਾ ਨਹੀਂ ਚਲਦਾ, ਲੁਕਮਾਨ ਦੀ ਕਿਤੇ ਦੱਸ ਨਹੀਂ ਪੈਂਦੀ, ਧਨੰਤਰ ਦਾ ਕਿਤੇ ਥਹੁ-ਟਿਕਾਣਾ ਨਹੀਂ ਲੱਭਦਾ, ਇਹ ਮਿਟਦੇ ਮਿਟਦੇ ਇਤਿਹਾਸ ਦੇ ਪੰਨਿਆਂ ਤੋਂ ਵੀ ਮਿਟ ਗਏ। ਹੋਰ ਪਿੱਛੇ ਚਲੇ ਜਾਈਏ ਤਾਂ ਪਤਾ ਚੱਲੇਗਾ ਕਿ ਮਧ ਕੈਟਭ ਦੀ ਹੁਣ ਯਾਦ ਵੀ ਨਾਮ ਮਾਤ੍ਰ ਈ ਰਹਿ ਗਈ ਹੈ ਤੇ ਕਰੀਚਕਾਂ ਨੂੰ ਤਾਂ ਹੁਣ ਜਾਣਦਾ ਵੀ ਕੋਈ ਨਹੀਂ। ਆਏ ਸਨ, ਚਮਕ ਦਮਕ ਦਿਖਾਈ, ਦੋ ਦਿਨ ਭੜਥੂ ਪਾਇਆ, ਤੁਰਦੇ ਹੋਏ। ਸੰਸਾਰ ਤਿਆਗ ਕੇ ਚਲੇ ਗਏ, ਕੂੜੇ ਬਾਦਸ਼ਾਹਾਂ ਦਾ ਜ਼ਿਕਰ ਕਰਦੇ ਹੋਏ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕੁਝ ਇਉਂ ਉਚਾਰਨ ਕੀਤਾ ਹੈ:

(੧) ਮਾਤੇ ਮਤੰਗ ਜਰੇ ਜਰ ਸੰਗ, ਅਨੂਪ ਉਤੰਗ ਸੁਰੰਗ ਸਵਾਰੇ॥
ਕੋਟ ਤੁਰੰਗ ਕੁਰੰਗ ਸੇ ਕੂਦਤ, ਪਉਨ ਕੇ ਗਉਨ ਕਉ ਜਾਤ ਨਿਵਾਰੇ॥
ਭਾਰੀ ਭੁਜਾਨ ਕੇ ਭੂਪ ਭਲੀ ਬਿਧਿ, ਨਿਆਵਤ ਸੀਸ ਨ ਜਾਤ ਬਿਚਾਰੇ॥
ਏਤੇ ਭਏ ਤੋ ਕਹਾ ਭਏ ਭੂਪਤਿ, ਅੰਤ ਕੋ ਨਾਂਗੇ ਹੀ ਪਾਇ ਪਧਾਰੇ॥੨੨॥

*(ਅਕਾਲ ਉਸਤਤਿ)*

(੨) ਜੀਤ ਫਿਰੇ ਸਭ ਦੇਸ ਦਿਸਾਨ ਕੋ, ਬਾਜਤ ਢੋਲ ਮ੍ਰਿਦੰਗ ਨਗਾਰੇ॥
ਗੁੰਜਤ ਗੂੜ ਗਜਾਨ ਕੇ ਸੁੰਦਰ, ਹਿੰਸਤ ਹੀ ਹਯ ਰਾਜ ਹਜਾਰੇ॥
ਭੂਤ ਭਵਿੱਖ ਭਵਾਨ ਕੇ ਭੂਪਤ, ਕਉਨ ਗਨੈ ਨਹੀ ਜਾਤ ਬਿਚਾਰੇ॥
ਸ੍ਰੀਪਤਿ ਸ੍ਰੀਭਗਵਾਨ ਭਜੇ ਬਿਨੁ, ਅੰਤ ਕਉ ਅੰਤ ਕੇ ਧਾਮ ਸਿਧਾਰੇ॥੨੩॥

*(ਅਕਾਲ ਉਸਤਤਿ)*

(੩) ਏਕ ਸਿਵ ਭਏ ਏਕ ਗਏ ਏਕ ਫੇਰ ਭਏ
ਰਾਮ ਚੰਦ੍ਰ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈਂ॥

ਬ੍ਰਹਮਾ ਅਰੁ ਬਿਸਨ ਕੇਤੇ, ਬੇਦ ਔਰ ਪੁਰਾਨ ਕੇਤੇ
ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਏ ਹੈਂ ॥
ਮੋਨਦੀ ਮਦਾਰ ਕੇਤੇ, ਅਸੁਨੀ ਕੁਮਾਰ ਕੇਤੇ
ਅੰਸਾ ਅਵਤਾਰ ਕੇਤੇ, ਕਾਲ ਬਸ ਭਏ ਹੈਂ ॥
ਪੀਰ ਔ ਪਿਕਾਂਬਰ ਕੇਤੇ, ਗਨੇ ਨ ਪਰਤ ਏਤੇ
ਭੂਮਹੀ ਤੇ ਹੁਇਕੈ, ਫੇਰਿ ਭੂਮਿ ਹੀ ਮਿਲਏ ਹੈਂ ॥੭੭॥ *(ਅਕਾਲ ਉਸਤਤਿ)*

(੪) ਜੋਗੀ ਜਤੀ ਬ੍ਰਹਮਚਾਰੀ, ਬਡੇ ਬਡੇ ਛਤ੍ਰਧਾਰੀ
ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈਂ ॥
ਬਡੇ ਬਡੇ ਰਾਜਨ ਕੇ, ਦਾਬਤਿ ਫਿਰਤਿ ਦੇਸ
ਬਡੇ ਬਡੇ ਰਾਜਨ ਕੇ, ਦ੍ਰਪ ਕੋ ਦਲਤੁ ਹੈਂ ॥
ਮਾਨ ਸੇ ਮਹੀਪ, ਔ ਦਿਲੀਪ ਕੇ ਸੇ ਛੱਤ੍ਰ ਧਾਰੀ
ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈਂ ॥
ਦਾਰਾ ਸੇ ਦਿਲੀਸਰ, ਦ੍ਰੁਜੋਧਨ ਸੇ ਮਾਨਧਾਰੀ
ਭੋਗ ਭੋਗ ਭੂਮ ਅੰਤ ਭੂਮ ਮੈਂ ਮਿਲਤ ਹੈਂ ॥੭੮॥ *(ਅਕਾਲ ਉਸਤਤਿ)*

(੫) ਕੇਤੇ ਕੱਛ ਮੱਛ, ਕੇਤੇ ਉਨ ਕਉ ਕਰਤ ਭੱਛ
ਕੇਤੇ ਅੱਛ ਵੱਛ ਹੋਇ, ਸਪੱਛ ਉਡ ਜਾਹਿਗੇ ॥
ਕੇਤੇ ਨਭ ਬੀਚ ਅੱਛ ਪੱਛ ਕਉ ਕਰੈਂਗੇ ਭੱਛ
ਕੇਤਕ ਪ੍ਰਤੱਛ ਹੁਇ, ਪਚਾਇ ਖਾਇ ਜਾਹਿਗੇ ॥
ਜਲ ਕਹਾ ਥਲ ਕਹਾ, ਗਗਨ ਕੇ ਗਉਨ ਕਹਾ
ਕਾਲ ਕੇ ਬਨਾਇ ਸਬੈ, ਕਾਲ ਹੀ ਚਬਾਹਿਗੇ ॥
ਤੇਜ ਜਿਉ ਅਤੇਜ ਮੈਂ, ਅਤੇਜ ਜੈਸੇ ਤੇਜ ਲੀਨ
ਤਾਹੀ ਤੇ ਉਪਜ ਸਬੈ, ਤਾਹੀ ਮੈਂ ਸਮਾਹਿਗੇ ॥੮੪॥ *(ਅਕਾਲ ਉਸਤਤਿ)*

SIKHBOOKSCLUB.COM

(੬) ਰਚੇ ਰੈਣ ਦਿਵਸੰ, ਥਪੇ ਸੂਰ ਚੰਦ੍ਰੰ ॥
ਠਟੇ ਦਈਵ ਦਾਨੋ, ਰਚੇ ਬੀਰ ਬ੍ਰਿੰਦੰ ॥
ਕਰੀ ਲੋਹ ਕਲਮੰ, ਲਿਖਿਓ ਲੇਖ ਮਾਥੰ ॥
ਸਬੈ ਜੇਰ ਕੀਨੇ, ਬਲੀ ਕਾਲ ਹਾਥੰ ॥੨੫॥ (੧) *(ਬਚਿਤ੍ਰ ਨਾਟਕ)*

(੭) ਕਈ ਮੇਟ ਡਾਰੇ, ਉਸਾਰੇ ਬਨਾਏ ॥
ਉਪਾਰੇ ਗੜੇ, ਫੇਰ ਮੇਟੇ ਉਪਾਏ ॥
ਕ੍ਰਿਆ ਕਾਲ ਜੂ ਕੀ, ਕਿਨੂ ਨ ਪਛਾਨੀ ॥
ਘਨਿਯੋ ਪੈ ਬਿਹੈ ਹੈ, ਘਨਿਯੋ ਪੈ ਬਿਹਾਨੀ ॥੨੬॥ (੧) *(ਬਚਿਤ੍ਰ ਨਾਟਕ)*

(੮) ਕਿਤੇ ਕ੍ਰਿਸਨ ਸੇ ਕੀਟ, ਕੋਟੈ ਬਨਾਏ ॥
ਕਿਤੇ ਰਾਮ ਸੇ ਮੇਟਿ ਡਾਰੇ, ਉਪਾਏ ॥
ਮਹਾਂਦੀਨ ਕੇਤੇ, ਪ੍ਰਿਥੀ ਮਾਂਝ ਹੂਏ ॥
ਸਮੈਂ ਆਪਨੀ ਆਪਨੀ, ਅੰਤਿ ਮੂਏ ॥੨੭॥ (੧) *(ਬਚਿਤ੍ਰ ਨਾਟਕ)*

(੯) ਜਿਤੇ ਅਉਲੀਆ, ਅੰਬੀਆ, ਹੋਇ ਬੀਤੇ ॥
ਤਿਤਿਓ ਕਾਲ ਜੀਤਾ, ਨ ਤੇ ਕਾਲ ਜੀਤੇ ॥
ਜਿਤੇ ਰਾਮ ਸੇ, ਕ੍ਰਿਸਨ ਹੁਇ ਬਿਸਨ ਆਏ ॥
ਤਿਤਿਓ ਕਾਲ ਖਾਪਿਓ, ਨ ਤੇ ਕਾਲ ਘਾਏ ॥੨੮॥ (੧) *(ਬਚਿਤ੍ਰ ਨਾਟਕ)*

(੧੦) ਜਿਤੇ ਇੰਦ੍ਰ ਸੇ, ਚੰਦ੍ਰ ਸੇ, ਹੋਤ ਆਏ ॥
ਤਿਤਿਓ ਕਾਲ ਖਾਪਾ, ਨ ਤੇ ਕਾਲ ਘਾਏ ॥
ਜਿਤੇ ਔਲੀਆ, ਅੰਬੀਆ ਗਊਸ ਹ੍ਵੈ ਹੈਂ ॥
ਸਭੈ ਕਾਲ ਕੇ ਅੰਤ, ਦਾੜ੍ਹਾ ਤਲੈ ਹੈਂ ॥੨੯॥ (੧) *(ਬਚਿਤ੍ਰ ਨਾਟਕ)*

(੧੧) ਜਿਤੇ ਮਾਨਧਾਤਾਦਿ ਰਾਜਾ ਸੁਹਾਏ ॥
ਸਭੈ ਬਾਂਧਿਕੈ ਕਾਲ, ਜੇਲੈ ਚਲਾਏ ॥
ਜਿਨੈ ਨਾਮ ਤਾਂਕੋ, ਉਚਾਰੋ, ਉਬਾਰੇ ॥
ਬਿਨਾ ਸਾਮ ਤਾਕੀ, ਲਖੇ ਕੋਟ ਮਾਰੇ ॥੩੦॥ (੧) *(ਬਚਿਤ੍ਰ ਨਾਟਕ)*

ਪ੍ਰਮਾਣ ਤਿੰਨ, ਅੱਠ, ਨੌਂ ਤੇ ਦਸ ਵਿਚ ਸ੍ਰੀ ਹਜ਼ੂਰ ਦਸਮ ਪਿਤਾ ਨੇ ਪ੍ਰਾਚੀਨ ਪਵਿਤਰ ਅਵਤਾਰਾਂ ਅਤੇ ਨਬੀਆਂ ਦਾ ਜ਼ਿਕਰ ਕਰਦਿਆਂ ਹੁਕਮ ਕੀਤਾ ਹੈ ਕਿ ਸਮੇਂ ਦਾ ਚੱਕਰ ਲੰਮੀਆਂ ਤਣਾਵਾਂ ਸੁਟ ਕੇ ਆਪਣੇ ਤੇਜ਼ ਵੇਗ ਵਿੱਚ ਚਲਦਾ ਹੋਇਆ ਕਿਸੇ ਦੀ ਰੌ ਰਿਆਤ ਨਹੀਂ ਕਰਦਾ, ਨਿਯਤ ਸਮੇਂ ਤੋਂ ਉਪਰੰਤ ਕਿਸੇ ਨੂੰ ਏਥੇ ਟਿਕਣ ਦੀ ਆਗਿਆ ਨਹੀਂ ਦਿੰਦਾ। ਏਡੀਆਂ ਏਡੀਆਂ ਹਸਤੀਆਂ ਜਿਨ੍ਹਾਂ ਨੇ ਜਗਤ ਨੂੰ ਸ਼ੁਰੂ ਸਮੇਂ ਵਿਚ ਗਿਆਨ ਦੇ ਕੇ ਮਨੁੱਖ ਨੂੰ ਸੂਝ-ਬੂਝ ਦਾ ਮਾਲਕ ਬਣਾਇਆ, ਉਹ ਵੀ ਸਮੇਂ ਦੇ ਚੱਕਰ ਵਿਚ ਚਲਦੀਆਂ ਹੋਈਆਂ, ਚਿਰ ਕਾਲ ਤੋਂ ਚਾਲੇ ਪਾ ਗਈਆਂ ਹਨ, ਜਿਨ੍ਹਾਂ ਦੀ ਅਣਹੋਂਦ ਚੇਤੇ ਆਉਂਦੀ ਹੈ।

ਕਿੰਨੇ ਮਨਜ਼ੂਰਿ-ਨਜ਼ਰ ਹੋਣਗੇ ਉਹ ਮਹਾਂਪੁਰਸ਼ ਜਿਨ੍ਹਾਂ ਨੂੰ ਅਕਾਲ ਪੁਰਖ ਨੇ ਆਦਿ ਕਾਲ ਵਿਚ ਸੰਸਾਰ-ਪ੍ਰਬੰਧ ਵਾਸਤੇ ਚੁਣਿਆ, ਪਰੰਤੂ ਸਮੇਂ ਦੇ ਠਾਠਾਂ ਮਾਰਦੇ ਦਰਿਆ ਦੇ ਤੇਜ਼ ਵੇਗ ਨੇ ਉਹ ਪਾਵਨ ਹਸਤੀਆਂ ਵੀ ਆਪਣੀਆਂ ਛੱਲਾਂ ਦੀ ਬੁੱਕਲ ਵਿਚ ਸਦਾ ਵਾਸਤੇ ਤੇ ਸਦਾ ਵਾਸਤੇ ਲੁਕਾ ਲਈਆਂ।

ਪ੍ਰਮਾਣ ਨੰਬਰ ਇਕ, ਦੋ, ਚਾਰ, ਪੰਜ, ਛੇ, ਸੱਤ ਤੇ ਯਾਰਾਂ ਵਿਚ ਸਤਿਗੁਰ ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਵੱਡੇ ਰਾਜਿਆਂ ਤੇ ਮਹਾਰਾਜਿਆਂ ਦਾ ਹਾਲ ਦਰਸਾਇਆ ਹੈ ਕਿ ਜਿਨ੍ਹਾਂ ਦੇ ਪਾਸ ਮਸਤ ਹਾਥੀ, ਦੁਆਰਿਆਂ ਤੇ ਝੂਲਦੇ ਸਨ, ਜ਼ਰ ਨਾਲ ਜੜੇ ਹੋਏ ਸਨ, ਬੜੇ ਖ਼ੂਬਸੂਰਤ ਤੇ ਉਚੇ-ਉਚੇ ਕੱਦਾਂ ਵਾਲੇ ਸਨ ਅਤੇ ਚੰਗੇ ਚੰਗੇ ਰੰਗਾਂ ਨਾਲ ਸੰਵਾਰੇ ਹੋਏ ਸਨ। ਜਿਸ ਵੇਲੇ ਕਿਸੇ ਰਾਜੇ-ਮਹਾਰਾਜੇ ਦਾ ਹਾਥੀ ਉਤੇ ਜਲੂਸ ਕੱਢਣਾ ਹੋਵੇ, ਓਦੋਂ ਹਾਥੀ ਦੇ ਕੰਨ, ਸੁੰਡ, ਮੱਥਾ ਤੇ ਲੱਤਾਂ ਉਤੇ ਵੱਖੋ ਵੱਖਰੇ ਤੇ ਰੰਗ-ਬਰੰਗੇ ਰੰਗਾਂ ਨਾਲ ਚਿਤਰਕਾਰੀ ਕਰਦੇ ਹਨ ਤਾਂ ਕਿ ਉਤੇ ਬੈਠੇ ਵਿਅਕਤੀ ਦੀ ਸ਼ੋਭਾ ਦਾ ਪਤਾ ਲਗ ਸਕੇ। ਅੱਗੇ ਚਲ ਕੇ ਫ਼ੁਰਮਾਂਦੇ ਹਨ ਕਿ ਜਿਨ੍ਹਾਂ ਨੇ ਦੇਸ਼-ਦੇਸ਼ਾਂਤਰਾਂ ਨੂੰ ਜਿੱਤਿਆ ਤੇ ਜਿੱਤ ਦੇ ਢੋਲ, ਮਿਰਦੰਗ ਤੇ ਨਗਾਰੇ ਵਜਾ ਕੇ, ਜਨਤਾ ਨੂੰ ਪ੍ਰਭੁਤਾ ਦੱਸਦੇ ਰਹੇ, ਜਿਨ੍ਹਾਂ ਦੇ ਤਬੇਲਿਆਂ ਵਿਚ ਹਾਥੀ ਝੂਲਦੇ ਤੇ ਗੱਜਦੇ ਰਹੇ ਅਤੇ ਹਜ਼ਾਰਾਂ ਘੋੜੇ ਜਿਨ੍ਹਾਂ ਦੇ ਦਰ 'ਤੇ ਹਿਣਕਦੇ ਰਹੇ,

ਬੀਤ ਚੁਕੇ ਸਮੇਂ ਦੇ ਰਾਜੇ, ਅਤੇ ਬੀਤਣ ਵਾਲੇ ਸਮੇਂ ਦੇ ਰਾਜਿਆਂ ਦਾ ਕੌਣ ਹਿਸਾਬ ਕਰ ਸਕਦਾ ਹੈ, ਪਰ ਅੰਤ ਵੇਲਾ ਆਉਣ 'ਤੇ ਨੰਗੇ ਪੈਰੀਂ ਕੂਚ ਕਰਨਾ ਪਿਆ, ਖ਼ਾਲੀ ਹੱਥ ਜਾਣਾ ਪਿਆ, ਫੋਕੀਆਂ ਫੜ੍ਹਾਂ ਮਾਰਦੇ ਅਖ਼ੀਰਲੇ ਘਰ ਪੁੱਜ ਗਏ।

ਜੋਗ ਦੀ ਸਾਧਨਾ ਕਰਦੇ ਜੋਗੀ, ਜਤ-ਸਤ ਦੀ ਪਾਲਨਾ ਕਰਦੇ ਜਤੀ, ਛਤਰ ਦੀ ਛਾਂ ਹੇਠਾਂ ਤੁਰਨ ਵਾਲੇ ਛਤਰਧਾਰੀ ਜੋ ਕਈ ਕਈ ਕੋਹ ਛਤਰਾਂ ਦੀ ਛਾਂ ਹੇਠਾਂ ਤੁਰਦੇ ਸਨ, ਜਿਨ੍ਹਾਂ ਨੇ ਵੱਡੇ ਵੱਡੇ ਰਾਜਿਆਂ ਦੇ ਦੇਸ਼ ਦਬਾ ਲਏ ਤੇ ਵੱਡੇ ਵੱਡੇ ਰਾਜਿਆਂ ਦੇ ਮਾਣ ਨੂੰ ਵੀ ਦਲ-ਮਲ ਸੁਟਿਆ।

ਮਾਨਧਾਤਾ ਤੇ ਦਲੀਪ ਵਰਗੇ ਜਰਵਾਣੇ ਜਿਨ੍ਹਾਂ ਨੂੰ ਆਪਣੀਆਂ ਬਲਵਾਨ ਬਾਂਹਵਾਂ ਤੇ ਵੱਡਾ ਮਾਣ ਸੀ, ਦਾਰਾ ਵਰਗੇ ਦਿੱਲੀ-ਪਤੀ ਤੇ ਦੁਰਜੋਧਨ ਵਰਗੇ ਮਾਣ ਕਰਨ ਵਾਲੇ, ਧਰਤੀ ਨੂੰ ਭੋਗਦੇ ਹੋਏ ਏਸੇ ਧਰਤੀ ਵਿਚ ਧਸ ਗਏ।

ਉਚੇ ਆਕਾਸ਼ਾਂ ਵਿਚ ਉੱਡਣ ਦੀ ਹਿੰਮਤ ਰੱਖਣ ਵਾਲੇ, ਸਮੁੰਦਰ ਦੀ ਤਹਿ ਵਿਚ ਪੁੱਜ ਕੇ ਪਤਾ ਕਰਨ ਵਾਲੇ, ਆਪਣੇ ਝੂਠੇ ਬਲ 'ਤੇ ਭੜਥੂ ਪਾਉਣ ਵਾਲੇ, ਭਾਦ੍ਰੋਂ ਦੀ ਖੁੰਬ ਵਾਂਗ ਚਾਰ ਦਿਨ ਦੀ ਚਮਕ ਚਮਕਾ ਕੇ ਚੇਲਿਆਂ ਚਾਟੜਿਆਂ ਸਮੇਤ ਚਲਦੇ ਬਣੇ ਤੇ ਮੁੜ ਨਾ ਆਏ। ਜਿਸ ਕਾਲ ਨੇ ਚਿੱਤਰ ਚਿਤਰੇ ਸੀ, ਓਸੇ ਨੇ ਚਬਾ ਲਏ, ਤੇ ਯਾਦਾਂ ਵੀ ਪੁਰਾਣੀਆਂ ਪੈ ਗਈਆਂ।

ਕਰਤੇ ਦੀ ਕੁਦਰਤ ਨੇ ਕਈ ਕੁਛ ਕੀਤਾ ਏ, ਕਈ ਚੰਨ, ਕਈ ਸੂਰਜ, ਕਈ ਕਰੋੜਾਂ ਤਾਰੇ, ਲੋਹ, ਕਲਮ, ਦਿਨ, ਰਾਤ, ਬੱਦਲ, ਪਹਾੜ, ਦਰਿਆ, ਗੁਲਸ਼ਨ, ਗੁੰਚੇ, ਲਹਿੰਦਾ, ਚੜ੍ਹਦਾ, ਲੰਬਾਈ, ਚੌੜਾਈ, ਕੌਣ ਗਿਣਤੀ ਕਰ ਸਕਦਾ ਹੈ ? ਕਲਗੀਧਰ ਦੇ ਜ਼ਫ਼ਰਨਾਮੇ ਦਾ ਟੀਕਾ ਕਰਦਿਆਂ ਨਾਨਕ ਚੰਦ ਨਾਜ਼ ਨੇ ਲਿਖਿਆ ਹੈ ਕਿ :

ਕਿਤਾਬੇ ਖ਼ੁਦਾ ਆ ਦਿਖਾਊਂ ਤੁਝੇ।
ਤੂ ਸੋਇਆ ਹੂਆ ਹੈ ਜਗਾਊਂ ਤੁਝੇ।
ਯਿਹ ਸ਼ਮਸੋ ਕਮਰ ਯਿਹ ਜ਼ਿਮੀ ਓ ਆਸਮਾਂ।
ਯਿਹ ਸਾਕਬ ਯਿਹ ਸਯੀਅਰ ਯਿਹ ਕੈਹਕਸ਼ਾਂ।
ਯਿਹ ਸ਼ਾਮੋ ਸਹਰ ਯਿਹ ਚਮਨ ਯਿਹ ਬਹਾਰ।
ਯਿਹ ਸ਼ਬਨਮ ਕੀ ਹਰ ਮਸਤ ਨਨੀ ਫ਼ੁਹਾਰ।
ਯਿਹ ਗੁਲਸ਼ਨ ਯਿਹ ਗੁੰਚੇ, ਯਿਹ ਖ਼ੁਸ਼ ਰੰਗ ਫੂਲ।
ਯਿਹ ਮਸ਼ਰਕ ਯਿਹ ਮਗ਼ਰਬ ਯਿਹ ਅਰਜ਼ ਔਰ ਤੂਲ।
ਯਿਹ ਬਾਦਲ, ਯਿਹ ਪਰਬਤ ਯਿਹ ਦਰਿਆ ਯਿਹ ਜਲ।
ਯਿਹ ਗੰਗਾ, ਯਿਹ ਜਮਨਾ ਯਿਹ ਸਿੰਧੂ ਯਿਹ ਡਲ।
ਯਿਹ ਚਾਂਦ ਔਰ ਤਾਰੇ, ਯਿਹ ਰੰਗੇ ਸ਼ਫ਼ਕ।
ਕਿਤਾਬੇ ਖ਼ੁਦਾ ਹੀ ਕੇ, ਹੈਂ ਯਿਹ ਵਰਕ।

ਪਰ ਇਹ ਚੰਨ ਤਾਰੇ, ਇਹ ਸੋਹਣੇ-ਸੁਹਾਣੇ ਨਜ਼ਾਰੇ, ਇਹ ਸ਼ਾਮ ਤੇ ਸਵੇਰਾ, ਇਹ ਬਾਗ਼ ਤੇ ਫੁੱਲ, ਇਹ ਅਸਮਾਨੋਂ ਡਿਗੇ ਚਮਕਦੇ ਮੋਤੀ, ਇਹ ਦਰਿਆਵਾਂ ਦਾ ਸੰਗੀਤ, ਕਿਸੇ

ਦੇ ਹੁਕਮ ਵਿਚ ਹੈ ਤੇ ਕਾਲ ਚੱਕਰ ਦੇ ਕਰੜੇ ਹੱਥਾਂ ਦਾ ਸ਼ਿਕਾਰ ਹੈ। ਕਾਲ ਦੀ ਤੇਜ਼ ਵੇਗ ਨਾਲ ਚਲਦੀ ਚੱਕੀ ਸਭ ਨੂੰ ਪੀਹ ਸੁਟਦੀ ਹੈ। ਸੰਸਾਰ-ਸਾਜਨਾ ਦੇ ਘੋਲ ਕਈ ਵਾਰੀ ਘੁਲੇ ਜਾ ਚੁਕੇ ਹਨ, ਪਰ ਸਦੀਵੀ ਨਹੀਂ ਬਣ ਸਕੇ।

ਜਿੱਥੇ ਕਦੇ ਘੁੱਗ ਵਸਦੇ ਦੀਪ ਸ਼ਹਿਰ ਸੋਂਹਦੇ ਸਨ, ਉਹ ਥਾਵਾਂ ਅੱਜ ਵੀਰਾਨ ਤੇ ਖੰਡਰ ਹਨ, ਜਿਥੇ ਕਦੇ ਮੇਵਿਆਂ ਨਾਲ ਲੱਦੇ-ਪੱਥੇ ਰਮਨੀਕ ਬਾਗ਼ ਸਨ, ਉਥੇ ਅੱਜ ਕਬਰਾਂ, ਮੜ੍ਹੀਆਂ ਨਜ਼ਰ ਆ ਰਹੀਆਂ ਹਨ ਅਤੇ ਜੋ ਕਦੇ ਉਜਾੜਾਂ ਸਨ, ਸੁੰਨ-ਸਾਨਾਂ ਸਨ, ਜਿਥੇ ਉੱਲੂ ਬੋਲਦੇ ਸਨ, ਉਹ ਥਾਵਾਂ ਅੱਜ ਸਵਰਗਾਂ ਨੂੰ ਸ਼ਰਮਾਉਂਦੀਆਂ ਹਨ, ਉਹਨਾਂ ਥਾਵਾਂ ਦੇ ਅੱਜ ਕਵਿਤਾ ਵਰਗੇ ਕੋਮਲ ਹੁਨਰ ਵਿਚ ਸੋਹਲੇ ਗਾਏ ਜਾ ਰਹੇ ਹਨ, ਤੇ ਦੂਰ ਦੁਰਾਡੇ ਦੇਸ਼ਾਂ ਦੇ ਦਰਸ਼ਕ, ਦਰਸ਼ਨਾਂ ਨੂੰ ਦੌੜਦੇ ਆ ਰਹੇ ਹਨ। ਪਰ ਕੋਈ ਨਹੀਂ ਜਾਣਦਾ,ਇਹਨਾਂ ਜੰਨਤ ਵਰਗੀਆਂ ਥਾਵਾਂ ਦਾ ਕੱਲ੍ਹ ਨੂੰ ਕੀ ਰੂਪ ਰੰਗ ਹੋਵੇਗਾ ?

ਬਰੀਕ ਨਜ਼ਰਾਂ ਨਾਲ ਕੁਦਰਤ ਨੂੰ ਦੇਖਣ ਵਾਲੇ ਭਾਈ ਗੁਰਦਾਸ ਜੀ ਨੇ ਨਾਸ਼ਵਾਨ ਵਸਤੂਆਂ ਦਾ ਇਉਂ ਜ਼ਿਕਰ ਕੀਤਾ ਹੈ :

**ਰਾਜਾ ਪਰਜਾ ਹੋਇਕੈ ਚਾਕਰ ਕੂਕਰ ਦੇਸਿ ਦੁਹਾਈ।**
**ਜੰਮਦਿਆ ਰਣਿਝੁੰਝਣਾ ਨਾਨਕ ਦਾਦਕ ਹੋਇ ਵਧਾਈ।**
**ਵੀਵਾਹਾਂਨੋ ਸਿਠਣੀਆਂ ਦੁਹੀਂ ਵਲੀ ਦੁਇ ਤੂਰ ਵਜਾਈ।**
**ਰੋਵਣੁ ਪਿਟਣੁ ਮੁਇਆ ਨੋ ਵੈਣੁ ਅਲਾਹਣਿ ਧੁਮ ਧੁਮਾਈ।**

*(ਵਾਰ ੧, ਪਉੜੀ ੧੪)*

SIKHBOOKCLUB.COM

ਕਿੰਨਾ ਅਜੀਬ ਤੇ ਗੁੰਝਲਦਾਰ ਹੈ ਜਗਤ-ਯਾਤਰਾ ਦਾ ਸਵਾਲ, ਕੋਈ ਰਾਜਾ ਹੈ, ਕੋਈ ਪਰਜਾ, ਕੋਈ ਚਾਕਰ ਹੋ ਕੇ ਆਪਣੇ ਮਾਲਕਾਂ ਦੀ ਵਡਿਆਈ ਦੇਸ਼ਾਂ ਦੇਸ਼ਾਂ ਵਿਚ ਕੂਕਦਾ ਫਿਰਦਾ ਹੈ।

ਰਾਜਿਆਂ ਦੇ ਘਰ ਪੁੱਤ ਜੰਮਦਿਆਂ ਹੀ ਆਨੰਦ ਮੰਗਲਾ-ਚਾਰ ਹੋਣ ਲੱਗ ਪੈਂਦੇ ਹਨ ਤੇ ਨਾਨਕਿਆਂ ਦਾਦਕਿਆਂ ਨੂੰ ਸਭ ਵਲੋਂ ਵਧਾਈਆਂ ਮਿਲਣ ਲੱਗ ਜਾਂਦੀਆਂ ਹਨ।

ਜਦੋਂ ਰਾਜ ਦੁਲਾਰਿਆਂ ਦਾ ਵਿਆਹ ਹੁੰਦਾ ਹੈ ਤਾਂ ਸਿਠਣੀਆਂ ਮਿਲਦੀਆਂ ਨੇ, ਦੋਹੀਂ ਪਾਸੀਂ ਖ਼ੂਬ ਢੋਲ ਢਮੱਕੇ ਵੱਜਦੇ ਅਤੇ ਨਾਚ੍ਰੰਗ ਕਰ ਕੇ ਦਿਖਾਵੇ ਦੀ ਖ਼ੁਸ਼ੀ ਕੀਤੀ ਜਾਂਦੀ ਹੈ, ਪਰ ਅੰਤ ਨੂੰ ਜਦ ਉਹ ਰਾਜ ਕੁਮਾਰ ਮਰ ਕੇ ਧਰਤੀ ਦੀ ਸੇਜ 'ਤੇ ਸਦਾ ਦੀ ਨੀਂਦ ਸੌਂ ਜਾਂਦਾ ਹੈ ਤਾਂ ਰੋਣਾ, ਪਿੱਟਣਾ ਅਤੇ ਅਲਾਹਣੀਆਂ ਦੀ ਭਿਆਨਕ ਤੇ ਡਰਾਉਣੀ ਆਵਾਜ਼ ਕੰਨਾਂ ਵਿਚ ਪੈਣ ਲੱਗ ਜਾਂਦੀ ਹੈ। ਜੰਮਿਆ, ਪਲਿਆ, ਖੇਡਿਆ, ਵਿਆਹਿਆ ਤੇ ਮਰ ਗਿਆ। ਬੱਸ ਜਗਤ-ਖੇਡ ਖ਼ਤਮ ਹੋ ਗਈ, ਸਤਿਗੁਰੂ ਸੱਚੇ ਪਾਤਸ਼ਾਹ ਤੋਂ ਬਿਨਾਂ ਸਭ ਦਾ ਏਹੋ ਹਸ਼ਰ ਹੈ, ਅਗੇ ਚੱਲ ਕੇ ਭਾਈ ਗੁਰਦਾਸ ਜੀ ਨੇ ਜਗਤ ਦੀ ਨਾਟਕੀ ਲੀਲਾ ਬਾਰੇ ਇਸ ਤਰ੍ਹਾਂ ਚਿੱਤਰ ਚਿਤਰਿਆ ਹੈ :

**ਸੂਰਵੀਰ ਵਰੀਆਮ ਜੋਰੁ ਜਣਾਵਹੀ।**
**ਸੁਣਿ ਸੁਣਿ ਸੁਰਤੇ ਲਖ ਆਖਿ ਸੁਣਾਵਹੀ।**
**ਖੋਜੀ ਖੋਜਨਿ ਖੋਜਿ ਦਹਿਦਿਸਿ ਧਾਵਹੀ।**

ਚਿਰ ਜੀਵੇ ਲਖ ਹੋਇ ਨ ਓੜਕੁ ਪਾਵਹੀ।
ਖਰੇ ਸਿਆਣੇ ਹੋਇ ਨ ਮਨੁ ਸਮਝਾਵਹੀ।
ਲਉਬਾਲੀ ਦਰਗਾਹ ਚੋਟਾ ਖਾਵਹੀ।੧੧। *(ਵਾਰ ੨੧, ਪਉੜੀ ੧੧)*

ਏਸ ਵੱਡੇ ਸਾਰੇ ਮੁਸਾਫ਼ਰਖ਼ਾਨੇ ਵਿਚ, ਅਣਗਿਣਤ ਪਾਂਧੀ ਆਏ ਤੇ ਚੰਗੀਆਂ ਮੰਦੀਆਂ ਯਾਦਾਂ ਛੱਡ ਕੇ ਚਲਦੇ ਬਣੇ। ਕਈ ਸੂਰਮੇਂ ਤੇ ਵਰਿਆਮ ਸੂਰਮੇਂ ਆਦਿ, ਜ਼ੋਰ ਜਣਾਇਆ ਤੇ ਜਾਂਦੇ ਹੋਏ ਦੱਸ ਵੀ ਨਾ ਗਏ, ਕਈ ਵੇਦ ਸ਼ਾਸਤਰਾਂ ਦੀ ਕਥਾ ਦੇ ਸਰੋਤੇ, ਸੁਣ ਸੁਣ ਕੇ ਦੂਜਿਆਂ ਨੂੰ ਸੁਣਾਉਂਦੇ ਤੇ ਆਪਣੇ ਆਪ ਨੂੰ ਚਤੁਰ ਕਹਾਉਂਦੇ ਹੋਏ ਵੀ ਅਲੋਪ ਹੋ ਗਏ, ਲੱਖਾਂ ਹੀ ਖੋਜ ਕਰਨ ਵਾਲੇ ਖੋਜੀ ਜਿਨ੍ਹਾਂ ਨੇ ਮਾਦਿਆਂ ਦੀ ਖੋਜ ਖੋਜਣ ਵਿਚ ਹੱਦ ਨੂੰ ਹੱਥ ਲਾ ਦਿੱਤਾ, ਤੇ ਖੋਜਦੇ ਹੋਏ ਚਾਰੇ ਪਾਸੇ ਗਾਹ ਮਾਰੇ ਪਰ ਅੰਤ ਨੂੰ ਉਨ੍ਹਾਂ ਦਾ ਵੀ ਅੰਤ ਹੋਇਆ।

ਲੱਖਾਂ ਹੀ ਆਪਣੇ ਆਪ ਨੂੰ ਚਿਰੰਜੀਵੀ ਅਖਵਾਉਂਦੇ ਰਹੇ ਤੇ ਕਾਦਰ ਦੀ ਕੁਦਰਤ ਦਾ ਅੰਤ ਲੈਣ ਵਾਸਤੇ ਹੱਥ ਪੈਰ ਮਾਰਦੇ ਰਹੇ, ਪਰ ਸਫ਼ਲ ਨਾ ਹੋਏ ਤੇ ਕੂਚ ਕਰ ਗਏ।

ਆਪਣੇ ਆਪ ਨੂੰ ਸੰਸਾਰ ਦੇ ਸਿਆਣਿਆਂ ਵਿੱਚੋਂ ਵੀ ਸਿਆਣੇ ਮੰਨਣ ਵਾਲੇ ਸਾਰੀ ਜ਼ਿੰਦਗੀ ਮਨ ਨਾ ਸਮਝਾ ਸਕੇ ਤੇ ਸਿਆਣਪ ਦੇ ਠੇਕੇਦਾਰ ਹੋ ਕੇ ਵੀ, ਨਜ਼ਰਾਂ ਤੋਂ ਕਿਤੇ ਦੂਰ ਚਲੇ ਗਏ।

ਸਿਰਜਣਹਾਰ ਬੇਪ੍ਰਵਾਹ ਵਾਹਿਗੁਰੂ ਦੀ ਦਰਗਾਹ ਵਿਚ ਚੋਟਾਂ ਖਾਂਦੇ ਦੇਖੇ ਗਏ।

SIKHBOOKCLUB.COM

ਸੂਰਮਾ, ਵਰਿਆਮ, ਜ਼ੋਰਾਵਰ, ਵਕਤਾ, ਖੋਜੀ, ਚਿਰੰਜੀਵੀ, ਵੱਡਾ, ਸਿਆਣਾ, ਗਰਜ਼ੇ ਕੋਈ ਵੀ ਹੋਵੇ, ਸੱਚੇ ਸਤਿਗੁਰੂ ਤੋਂ ਸਿਵਾ ਸਭ ਢਹਿ ਢੇਰੀ ਹੋਣ ਵਾਲੇ ਹਨ, ਨਾ ਪਾਇਦਾਰ ਹਨ, ਕਾਲ ਦੀ ਚੱਕੀ ਦੇ ਦਾਣੇ ਹਨ ਜਿਨ੍ਹਾਂ ਨੂੰ ਬੇਦਰਦੀ ਨਾਲ ਪੀਹ ਸੁੱਟਿਆ ਜਾਂਦਾ ਹੈ। ਜੇ ਇਸ ਸੰਸਾਰ ਵਿਚ ਕੋਈ ਅਟੱਲ ਤੇ ਸਦੀਵ ਗਨੀਵ ਹਸਤੀ ਹੈ ਤਾਂ ਉਹ ਕੇਵਲ ਸਤਿਗੁਰੂ ਹੀ ਹੈ, ਸੱਚੇ ਸਤਿਗੁਰੂ ਤੋਂ ਬਿਨਾਂ ਜਗਤ ਦੀ ਹਾਲਤ ਦਰਿਆ ਦੇ ਪਾਣੀ ਵਾਂਗ ਤੇ ਹਵਾ ਰਾਣੀ ਦੀ ਦੌੜ ਵਰਗੀ ਹੈ, ਸਮੇਂ ਦੇ ਵੇਗ ਤੇ ਖ਼ਿਆਲਾਂ ਦੇ ਝੂਠੇ ਮਹੱਲ ਵਰਗੀ ਹੈ, ਮਨ ਦਿਆਂ ਤਰੰਗਾਂ ਤੇ ਤ੍ਰਿਸ਼ਨਾ ਦੀਆਂ ਲਹਿਰਾਂ ਵਰਗੀ ਹੈ।

ਭਾਈ ਗੁਰਦਾਸ ਜੀ ਜਿਸ ਵੇਲੇ, ਸੰਸਾਰ ਦੀ ਸਰਾਂਅ ਵੱਲ ਸਰਸਰੀ ਜਿਹੀ ਨਜ਼ਰ ਵੀ ਮਾਰਦੇ ਹਨ ਤਾਂ ਉਨ੍ਹਾਂ ਦੇ ਮੂੰਹੋਂ ਬਦੋ ਬਦੀ ਨਿਕਲ ਜਾਂਦਾ ਹੈ ਕਿ:

ਉਚੇ ਮਹਲ ਉਸਾਰਿ ਵਿਛਾਇ ਵਿਛਾਵਣੇ।
ਵਡੇ ਦੁਨੀਆਦਾਰ ਨਾਉ ਗਣਾਵਣੇ।
ਕਰਿ ਗੜ ਕੋਟ ਹਜਾਰ ਰਾਜ ਕਮਾਵਣੇ।
ਲਖ ਲਖ ਮਨਸਬਦਾਰ ਵਜਹ ਵਧਾਵਣੇ।
ਪੂਰ ਭਰੇ ਅਹੰਕਾਰ ਆਵਨ ਜਾਵਣੇ।
ਤਿਤੁ ਸਚੇ ਦਰਬਾਰ ਖਰੇ ਡਰਾਵਣੇ।੧੪। *(ਵਾਰ ੨੧, ਪਉੜੀ ੧੪)*

ਉਚੇ ਮਹੱਲਾਂ ਦੇ ਵਾਸੀ, ਨਰਮ ਸੇਜਾਂ 'ਤੇ ਸੁਖ ਮਾਨਣ ਵਾਲੇ ਨਾਮੀ ਅਤੇ ਪੱਕੇ ਕਿਲ੍ਹੇ

ਬਣਾ ਕੇ ਧਰਤੀ ਦਾ ਰਾਜ ਕਰਨ ਵਾਲੇ ਰਾਜੇ ਤੇ ਆਪਣਿਆਂ ਮਨਸਬਦਾਰਾਂ ਦੀਆਂ ਤਲਬਾਂ ਵਧਾ ਵਧਾ ਕੇ ਉਨ੍ਹਾਂ ਨੂੰ ਖ਼ੁਸ਼ ਕਰਨ ਵਾਲੇ ਕਰੋੜਾਂ ਰਾਜੇ, ਜੋ ਹੰਕਾਰ ਨਾਲ ਡਕਾ ਡਕ ਭਰੇ ਹੋਏ ਸਨ, ਆਉਣ ਜਾਣ ਵਿਚ ਫਸੇ ਹੋਏ ਦੁਖੀਏ ਤੇ ਮਹਾਂ ਦੁਖੀਏ ਨਜ਼ਰ ਆ ਰਹੇ ਹਨ ਤੇ ਸੱਚੇ ਵਾਹਿਗੁਰੂ ਦੇ ਦਰਬਾਰ ਵਿਚ ਨਿੱਤ ਡਰਾਏ ਜਾਂਦੇ ਹਨ।

ਇਸ ਚਮਕੀਲੇ ਸੰਸਾਰ ਦੀਆਂ ਚਮਕਾਂ ਵਿਚ ਚਿੰਬੜੇ ਹੋਏ ਚਿਰੰਜੀਵੀ ਅਖਵਾਉਣ ਵਾਲੇ, ਅੱਜ "ਮਿਟੀ ਪਈ ਅਤੋਲਵੀ" ਦੇ ਹੇਠਾਂ ਦੱਬੇ ਪਏ ਦਮ ਵੀ ਨਹੀਂ ਮਾਰ ਸਕਦੇ। ਇੱਕੋ ਸੱਚਾ ਸਤਿਗੁਰੂ ਹੈ ਜੋ ਨਿਤ ਨਵਾਂ ਨਵੇਲਾ, ਹਾਜ਼ਰ ਹਜ਼ੂਰ ਅਤੇ ਜ਼ਾਹਰ ਜ਼ਹੂਰ ਹੈ, ਸਤਿਗੁਰੂ ਤੋਂ ਬਿਨਾਂ ਸਭ ਆਵਣ ਜਾਵਣੀ ਹੈ।

ਧਰਤੀ ਦੇ ਤਖ਼ਤੇ 'ਤੇ ਆਏ ਹੋਏ ਉਹ ਆਦਮੀ ਜਿਨ੍ਹਾਂ ਨੂੰ ਜਗਤ ਦੇਖਣ ਵਾਲੀਆਂ ਅੱਖਾਂ ਮਿਲਦੀਆਂ, ਉਨ੍ਹਾਂ ਅੱਖਾਂ ਨਾਲ ਜਗਤ ਦੇਖਿਆ ਤਾਂ ਹੈਰਾਨ ਰਹਿ ਗਏ, ਬੇਅੰਤਤਾਈ ਨੂੰ ਬੇਅੰਤ ਬੇਅੰਤ ਕਹਿਣ ਤੋਂ ਸਿਵਾ ਹੋਰ ਸੁਝਿਆ ਕੁਝ ਨਾ।

ਉਨ੍ਹਾਂ ਨੇ ਕਰਤੇ ਦੀ ਕੁਦਰਤ ਨੂੰ ਕਲੋਲ ਕਰਦਿਆਂ ਵੀ ਦੇਖਿਆ ਤੇ ਕਹਿਰ ਕਰਦੀ ਨੂੰ ਵੀ ਦੇਖਿਆ, ਦੇਖਣ ਵਾਲੇ ਖੇੜਿਆਂ 'ਚ ਖਿੜੇ ਤੇ ਆਪਣਾ ਖੇੜਾ ਦੂਜਿਆਂ ਦੇ ਖਿੜਨ ਲਈ ਛਡ ਗਏ, ਤੇ ਕਹਿ ਗਏ ਕਿ ਕਬਰਾਂ ਵਿਚ ਇਕ ਗੱਭਰੂ ਮੁੰਡਾ, ਅਲੀਗੜ੍ਹ ਫੈਸ਼ਨ ਦੀ ਸਲਵਾਰ ਪਾ ਕੇ, ਤਿੱਲੇ ਜੜੀ ਜੁੱਤੀ ਪਹਿਨ ਕੇ, ਸ਼ਮਲੇਦਾਰ ਪੱਗ ਬੰਨ੍ਹ ਕੇ, ਜੋਬਨ ਜਵਾਨੀ ਦੇ ਨਸ਼ੇ ਵਿਚ ਕਿਸੇ ਨੂੰ ਨਜ਼ਰ ਥੱਲੇ ਨਾ ਰੱਖਦਾ ਹੋਇਆ ਫਿਰ ਰਿਹਾ ਸੀ ਕਿ ਅਚਨਚੇਤ ਮੁਰਦੇ ਦੀ ਹੱਡੀ ਉਤੇ ਪੈਰ ਪੈ ਗਿਆ, ਕਈ ਚਿਰ ਦੀ ਮੁਰਦਾ ਤੇ ਪੁਰਾਣੀ ਹੱਡੀ, ਪੈਰ ਹੇਠ ਆਉਂਦਿਆਂ ਹੀ ਫਿਸ ਗਈ ਤੇ ਕੜੱਕ ਕੜੱਕ ਕਰ ਕੇ ਟੋਟੇ ਟੋਟੇ ਹੋ ਗਈ। ਥੋੜ੍ਹੀ ਦੂਰ ਬੈਠੇ ਖਿੜੇ ਹੋਏ ਨੇ ਹੱਡੀ ਦੇ ਟੁੱਟਣ ਦੀ ਆਵਾਜ਼ ਸੁਣੀ ਤੇ ਉਸ ਦੇ ਅਰਥਾਂ ਨੂੰ ਸਮਝ ਕੇ ਬੋਲ ਉਠਿਆ :

**ਕਿਆ ਕਹੇਂ ਆਲਮ ਮੇਂ ਹਮ ਇਨਸਾਨ ਯਾ ਹੈਵਾਨ ਥੇ।**
**ਖ਼ਾਕ ਥੇ ਕਿਆ ਥੇ ਗ਼ਰਜ਼ ਇਕ ਆਨ ਕੇ ਮਹਿਮਾਨ ਥੇ।**
**ਕਰ ਰਹੇ ਥੇ ਆਪ ਕਬਜ਼ਾ ਗ਼ੈਰ ਕੀ ਅਮਲਾਕ ਪਰ।**
**ਛੀਨਾ ਜਬ ਉਸਨੇ, ਤਬ ਸਮਝਾ ਕਿ ਹਮ ਨਾਦਾਨ ਥੇ।**
**ਏਕ ਰੋਜ਼ ਏਕ ਉਸਤਖ਼ਵਾਨ ਪਰ ਪੜਾ ਮੇਰਾ ਜੁ ਪਾਓਂ।**
**ਕਿਆ ਕਹੂੰ ਉਸ ਵਕਤ, ਮੇਰੇ ਦਿਲ ਮੇ ਕਿਆ ਕਿਆ ਧਿਆਨ ਥੇ।**
**ਪਾਓਂ ਪੜਤੇ ਹੀ ਗਰਜ ਉਸ ਉਸਤਖ਼ਵਾਨ ਨੇ ਆਹ ਕੀ।**
**ਓ ਮੀਆਂ ਤੇਰੀ ਤਰਹ ਹਮ ਭੀ ਕਭੀ ਇਨਸਾਨ ਥੇ।**

ਕੀ ਪਤਾ ਉਹ ਹੱਡੀ ਕਿਸੇ ਹੰਕਾਰੀ ਦੇ ਸਿਰ ਦੀ ਹੋਵੇਗੀ, ਜਾਂ ਕਿਸੇ ਦੇਵਤੇ-ਸੁਭਾਅ ਦੇ ਸਿਰ ਦੀ ਹੋਵੇਗੀ, ਪਰ ਆਖ਼ਰ ਰੁਲਦੀ ਤਾਂ ਕਬਰਾਂ ਵਿਚ ਹੀ ਪਈ ਹੈ। ਪੁਰਾਣੀਆਂ ਪੁਸਤਕਾਂ ਦੇ ਪੰਨੇ ਪਰਤਿਆਂ ਪਤਾ ਲੱਗਦਾ ਹੈ ਕਿ ਨਮਰੂਦ ਨੇ ਹਜ਼ਰਤ ਇਬਰਾਹੀਮ ਖਲੀਲੱਲਾ ਨਾਲ ਇਸ ਕਰਕੇ ਵੈਰ ਪਾਇਆ ਕਿ ਉਹ ਖ਼ੁਦਾ ਦੀ ਪੂਜਾ ਕਿਉਂ ਕਰਦਾ ਹੈ ਤੇ ਬੁੱਤਾਂ ਦੀ ਪੂਜਾ ਕਿਉਂ ਨਹੀਂ ਕਰਦਾ। ਨਮਰੂਦ ਆਪਣੇ ਆਪ ਨੂੰ ਹਫ਼ਤਅਕਲੀਮ ਦਾ

ਬਾਦਸ਼ਾਹ ਸਮਝਦਾ ਸੀ। ਉਸ ਨੂੰ ਇਹ ਗੱਲ ਸੁਪਨੇ ਵਿਚ ਵੀ ਚੰਗੀ ਨਹੀਂ ਸੀ ਲੱਗਦੀ ਕਿ ਉਸਦੀ ਕੋਈ ਹੁਕਮ ਅਦੂਲੀ ਕਰੇ। ਇਸ ਲਈ ਹਜ਼ਰਤ ਇਬਰਾਹੀਮ ਨੂੰ ਬੁੱਤਾਂ ਦੀ ਪੂਜਾ ਤੋਂ ਬਾਗ਼ੀ ਜਾਣ ਕੇ, ਉਸ ਨੂੰ ਸਜ਼ਾ ਦੇਣੀ ਚਾਹੀ, ਸਜ਼ਾ ਦਾ ਵੀ ਅਜੀਬ ਤੇ ਅਨੋਖਾ ਢੰਗ ਸੀ ਕਿ ਇਕ ਖੁੱਲ੍ਹੇ ਡੁੱਲ੍ਹੇ ਤੇ ਲੰਮੇ ਚੌੜੇ ਮੈਦਾਨ ਵਿਚ, ਸੁੱਕੀਆਂ ਲੱਕੜਾਂ ਦਾ ਵੱਡਾ ਸਾਰਾ ਢੇਰ ਲਾ ਕੇ ਉਸ ਨੂੰ ਅੱਗ ਲਾ ਦਿੱਤੀ ਗਈ, ਖ਼ਲਕਤ ਦੇਖਦੀ ਸੀ ਤੇ ਹਾਏ ਹਾਏ ਕਰਦੀ ਸੀ, ਅੱਗ ਦੀਆਂ ਚਮਕਦੀਆਂ ਲਾਟਾਂ ਦੇਖ ਕੇ ਅੱਖਾਂ ਚੁੰਧਿਆ ਰਹੀਆਂ ਸਨ, ਦੇਖਣ ਵਾਲਿਆਂ ਦੀਆਂ ਛਾਤੀਆਂ ਵਿਚ ਦਿਲ ਧੜਕ ਰਹੇ ਸਨ, ਦਰਦਵੰਦਾਂ ਦੀਆਂ ਹਾਈਂ ਨਿਕਲ ਰਹੀਆਂ ਸਨ, ਪਰ ਨਮਰੂਦ ਆਪਣੀ ਲੜਕੀ ਸਮੇਤ ਇਕ ਉਚੀ ਥਾਂ ਤੇ ਬੈਠਾ ਇਹ ਕੌਤਕ ਦੇਖ ਰਿਹਾ ਸੀ ਕਿ ਲੱਕੜਾਂ ਬਲ ਕੇ ਕੋਲੇ ਹੋ ਗਈਆਂ ਤੇ ਉਹ ਕੋਲੇ ਸਾਰੇ ਮੈਦਾਨ ਵਿਚ ਖਲਾਰ ਕੇ ਇਬਰਾਹੀਮ ਜੀ ਨੂੰ ਹੁਕਮ ਦਿੱਤਾ ਗਿਆ ਕਿ ਨੰਗੀ ਪੈਰੀਂ ਇਹਨਾਂ ਕੋਲਿਆਂ ਉਤੇ ਤੁਰ ਕੇ ਪਾਰ ਨਿਕਲ ਜਾਏ।

ਰੱਬ ਦਾ ਪਿਆਰਾ ਇਬਰਾਹੀਮ ਤੁਰਿਆ, ਤੇ ਲੋਕਾਂ ਦੇ ਦੇਖਦੇ ਦੇਖਦੇ ਉਥੇ ਹੋਰ ਹੀ ਰੰਗ ਖਿੜ ਗਿਆ, ਚੰਗਿਆੜੇ ਛੱਡਦੇ ਕੋਲੇ, ਅੱਖ ਦੇ ਚਮਕਾਰੇ ਵਿਚ ਰੰਗ-ਬਰੰਗੇ ਫੁੱਲ ਬਣ ਗਏ ਤੇ ਸੱਚਾ ਆਸ਼ਕ ਕੋਲਿਆਂ ਦੀ ਥਾਵੇਂ ਫੁੱਲਾਂ ਉਤੇ ਤੁਰਦਾ ਨਜ਼ਰ ਆਇਆ। ਲਿਖਿਆ ਵੀ ਹੈ ਕਿ :

ਆਗ ਪਰ ਜਿਸ ਦੰਮ ਮੁਅਕਲ ਥੇ ਖ਼ਲੀਲ।
ਆਇ ਉਨ ਕੇ ਪਾਸ ਹਜ਼ਰਤ ਜਬਰਾਈਲ।
ਯੂੰ ਕਹਾ ਉਨ ਸੇ ਕਿ ਕੁਛ ਫ਼ਰਮਾਈਏ।
ਹਾਜਤ ਜੁ ਹੋ ਆਪ ਕੋ ਸੁ ਵੋਹ ਬਤਲਾਈਏ।
ਹਮ ਕਰੇਂ ਰਬ ਸੇ ਤੁਮਾਰੇ ਫਿਰ ਦੁਆ।
ਤਾ ਕਿ ਤੁਮ ਕੋ ਨਾਰ ਸੇ ਲੇ ਵੋਹ ਬਚਾ।
ਯੂੰ ਦੀਆ ਫਿਰ ਆਸ਼ਕੇ ਹਕ ਨੇ ਜਵਾਬ।
ਕਰਕੇ ਹਜ਼ਰਤ ਜਬਰਾਈਲ ਸੇ ਖ਼ਿਤਾਬ।
ਮੇਰੇ ਦਿਲ ਮੇਂ ਸ਼ੋਹਲਾਜ਼ਨ ਵੋਹ ਨਾਰ ਹੈ।
ਕਿ ਆਤਸ਼ੇ ਨਮਰੂਦ ਕਿਆ ਬੇਕਾਰ ਹੈ।
ਏਕ ਸਾਂਸ ਉਸ ਕਾ ਅਗਰ ਫੂੰਕੂੰ ਕਭੀ।
ਫ਼ਰਸ਼ ਤਾ ਅਰਸ਼ ਜਲ ਜਾਇ ਸਭੀ।
ਮਾ ਸਿਵਾ ਰਬ ਕੇ ਨਹੀਂ ਰਖਤਾ ਉਮੇਦ।
ਅੱਲਾ ਮੇਰਾ ਜਾਨਤਾ ਹੈ ਦਿਲ ਕੇ ਭੇਦ।
ਆਖ਼ਰਸ਼ ਕੋ ਜਬ ਵੋਹ ਪਹੁੰਚੇ ਨਾਰ ਪਰ।
ਜਾ ਕੇ ਬੈਠੇ ਤਖ਼ਤਾਇ ਗੁਲਜ਼ਾਰ ਪਰ।

ਰੱਬ ਦਾ ਪਿਆਰਾ ਸਚਿਆਈ ਦੇ ਸਦਕੇ ਜਿੱਤ ਗਿਆ ਪਰ ਰੱਬ ਨਾਲ ਆਢੇ ਲੈਣ ਵਾਲੇ ਨਮਰੂਦ ਦਾ ਖੁਰਾ ਖੋਜ ਨਹੀਂ ਲੱਭਦਾ। ਏਸੇ ਵਾਸਤੇ ਬਜ਼ੁਰਗ ਤੇ ਸਿਆਣੇ ਲੋਕ ਆਖਦੇ ਹਨ :

SIKHBOOKCLUB.COM

ਢੋਲਾ ਨਾ ਕਰ ਮਾਣਾਂ। ਜੋਬਨ ਨਹੀਓਂ ਰਹਿਣਾ।
ਸਾਮੀਂ ਕਬਰ ਕਢੇ ਸਨ। ਬੰਦਾ ਵਿਚ ਰਖੇ ਸਣ।
ਹੋਸੀ ਢੇਮ ਸਰਾਹਣਾ। ਢੋਲਾ ਨਾ ਕਰ ਮਾਣਾਂ।

ਨਿਤ ਯਾਦ ਕਰੇਨੀਏਂ ਮਿਟੀ ਦੀਏ ਗੋਰੇ।
ਨਾ ਤੇਰੇ ਵਿਚ ਠੰਡੜਾ ਪਾਨੀ ਨਾ ਵਾਉ ਦੇ ਲੋਰੇ।

ਗੋਸ਼ਾ-ਏ-ਕਬਰ ਮੇਂ ਜਬ ਕੇ ਸੋਨਾ ਹੋਗਾ।
ਵਹਾਂ ਨਾ ਬਿਸਤਰਾ ਔਰ ਨਾ ਬਿਛੌਨਾ ਹੋਗਾ।
ਨਾ ਹੋਗੀ ਕੋਈ ਚੀਜ਼ ਨਾ ਹੋਗਾ ਕੋਈ ਦੋਸਤ।
ਏਕ ਹਮ ਹੋਂਗੇ ਯਾ ਕਬਰ ਕਾ ਕੋਨਾ ਹੋਗਾ।

ਸੂਫ਼ੀਆਂ ਦੇ ਮਤ ਵਿਚ ਰੱਬੀ ਰੰਗਾਂ ਨੂੰ ਵੇਖਣ ਵਾਲੇ ਅਨੇਕ ਮਹਾਤਮਾ ਹੋਏ ਹਨ, ਜਿਨ੍ਹਾਂ ਵਿੱਚੋਂ ਸਾਈਂ ਬਹਿਲੋਲ ਦਾ ਨਾਮ ਵੀ ਪ੍ਰਸਿੱਧ ਹੈ। ਆਪ ਆਮ ਕਰਕੇ ਪਿੰਡਾਂ ਸ਼ਹਿਰਾਂ ਤੇ ਕਸਬਿਆਂ ਦੀ ਤੰਗ ਵਸੋਂ ਨੂੰ ਪਸੰਦ ਨਹੀਂ ਸੀ ਕਰਦੇ ਸਗੋਂ ਜੰਗਲਾਂ ਉਜਾੜਾਂ ਵਿਚ ਖ਼ੁਸ਼ ਤੇ ਮਗਨ ਰਹਿੰਦੇ ਸਨ, ਖ਼ਾਸ ਕਰਕੇ ਕਬਰਾਂ ਵਿਚ ਆਪ ਦਾ ਜੀਅ ਵਧੇਰੇ ਲੱਗਦਾ ਸੀ। ਇਕ ਦਿਨ ਦਾ ਜ਼ਿਕਰ ਹੈ ਕਿ ਆਪ ਆਪਣੇ ਸੁਭਾਅ ਅਨੁਸਾਰ ਕਬਰਾਂ ਦੀ ਸੈਰ ਕਰ ਰਹੇ ਸਨ ਕਿ ਇਕ ਨਵੀਂ ਤੇ ਤਾਜ਼ਾ ਕਬਰ ਆਪ ਦੀ ਨਜ਼ਰੀਂ ਪਈ, ਜਿਸ ਨੂੰ ਦੇਖਦੇ ਸਾਰ ਸਾਈਂ ਜੀ ਆਪਣੇ ਸਾਈਂ ਦੇ ਰੰਗ ਵਿਚ ਆ ਕੇ ਕਬਰ ਦੇ ਸਰਾਹਣੇ ਬੈਠ ਗਏ ਤੇ ਉਸ ਨੂੰ ਪੁੱਟਣਾ ਸ਼ੁਰੂ ਕਰ ਦਿੱਤਾ ਤੇ ਵਿੱਚੋਂ ਬੰਦੇ ਦੇ ਸਿਰ ਦੀ ਖੋਪਰੀ ਕੱਢ ਕੇ, ਇਉਂ ਗ਼ੌਰ ਨਾਲ ਦੇਖਣ ਲੱਗ ਪਏ ਜਿਸ ਤਰ੍ਹਾਂ ਕਿਸੇ ਔਖੀ ਤੇ ਮੁਸ਼ਕਿਲ ਕਿਤਾਬ ਨੂੰ ਪੜ੍ਹੀਦਾ ਹੈ।

ਦੂਜੇ ਪਾਸਿਓਂ ਅਚਨਚੇਤ ਸ਼ਾਹੇ ਸਮਰਕੰਦ ਘੋੜੇ 'ਤੇ ਸਵਾਰ ਹੋਏ ਹੋਏ ਆ ਪਹੁੰਚੇ, ਸਾਈਂ ਜੀ ਨੂੰ ਦੇਖਦੇ ਹੀ ਲਾਲ ਪੀਲੇ ਹੋ ਕੇ ਬੋਲ ਉਠੇ ਕਿ ਸਾਈਂ ਜੀ, ਸ਼ਾਮ ਵੇਲੇ ਕਬਰਾਂ ਵਿਚ ਤੁਹਾਡਾ ਕੀ ਕੰਮ ਹੈ? ਤੇ ਸ਼ਰ੍ਹਾ ਦੇ ਖ਼ਿਲਾਫ਼ ਹੋ ਕੇ ਕਬਰ ਪੁੱਟ ਕੇ ਕੀ ਦੇਖ ਰਹੇ ਹੋ? ਅੱਲਾ ਦੇ ਗ਼ਜ਼ਬ ਕੋਲੋਂ ਕਿਉਂ ਨਹੀਂ ਡਰਦੇ?

ਸਾਈਂ ਜੀ– ਬਾਦਸ਼ਾਹ ਸਲਾਮਤ! ਜੇ ਅੱਲਾ ਦਾ ਡਰ ਨਾ ਹੁੰਦਾ ਤਾਂ ਕਬਰਾਂ ਵਿਚ ਆ ਕੇ ਮਨੁੱਖਾਂ ਦੇ ਸਿਰਾਂ ਨੂੰ ਵੇਖਣ ਦੀ ਕੀ ਲੋੜ ਸੀ?

ਸ਼ਾਹੇ ਸਮਰਕੰਦ–ਇਹ ਡਰ ਨਹੀਂ ਸਗੋਂ ਗ਼ਲਤੀ ਤੇ ਗੁਸਤਾਖ਼ੀ ਹੈ। ਜਿਸ ਦੀ ਸਜ਼ਾ ਭੁਗਤਣੀ ਪਏਗੀ।

ਸਾਈਂ ਜੀ– ਸਾਈਂ ਵਾਲਿਆਂ ਨੂੰ ਸੰਸਾਰੀ ਜੀਵ ਸਜ਼ਾ ਨਹੀਂ ਦੇ ਸਕਦੇ ਕਿਉਂਕਿ ਉਹ ਅੱਖੀਆਂ ਤੋਂ ਅੰਨ੍ਹੇ ਤੇ ਕੰਨਾਂ ਤੋਂ ਬੋਲੇ ਹੋਣ ਕਰਕੇ ਵੇਖਣ ਸੁਣਨ ਤੋਂ ਆਰੀ ਹਨ।

ਸ਼ਾਹੇ ਸਮਰਕੰਦ–ਓ! ਭੁਲੇ ਹੋਏ ਟੁਕੜ ਗਦਾਈ, ਦਰ ਦਰ ਦੀ ਖ਼ਾਕ ਛਾਣਨ ਵਾਲੇ, ਜ਼ਰਾ ਅਕਲ ਦੀਆਂ ਅੱਖਾਂ ਨਾਲ ਦੇਖ ਤੇ ਸੋਚ ਕਿ ਤੂੰ ਕਿਸ ਨਾਲ ਗੱਲਾਂ ਕਰ ਰਿਹਾ ਹੈਂ, ਤੇਰੀ ਗ਼ੁਫਤਗੂ ਵਿਚ ਸ਼ਾਹੀ ਤੌਹੀਨ ਹੈ ਜੋ ਅਜ਼ਾਬ ਦੀ ਸ਼ਕਲ

ਬਣ ਕੇ ਰਹੇਗੀ।

ਸਾਈਂ ਜੀ—ਬਾਦਸ਼ਾਹ! ਇਹੋ ਕਿਬਰੋ ਗ਼ਰੂਰ ਹੀ ਤਾਂ ਅੱਖੀਓਂ ਅੰਨ੍ਹਾ ਤੇ ਕੰਨਾਂ ਤੋਂ ਬੋਲਾ ਕਰਦਾ ਹੈ, ਦੌਲਤ ਤੇ ਹਕੂਮਤ ਦੇ ਨਸ਼ੇ ਵਿਚ ਮਖ਼ਮੂਰ ਨੂੰ ਕੀ ਪਤਾ ਕਿ ਰੱਬ ਦੇ ਨਾਂ ਦਾ ਨਸ਼ਾ ਕਿੰਨਾ ਕੁ ਮਸਤ ਤੇ ਬੇ-ਪ੍ਰਵਾਹ ਹੈ? ਬਾਦਸ਼ਾਹ! ਜੇ ਕਦੇ ਇਸ ਇਲਾਹੀ ਪਿਆਲੇ ਵਿੱਚੋਂ ਦੋ ਘੁੱਟ ਪੀਤੇ ਹੋਏ ਹੁੰਦੇ ਤਾਂ ਕਿਉਂ ਫੋਕੀਆਂ ਫੜ੍ਹਾਂ ਮਾਰਦੋਂ?

ਫ਼ਕੀਰ ਦੀਆਂ ਰਸ-ਭਿੰਨੀਆਂ ਤੇ ਹਿਰਦੇ-ਵੇਧਕ ਗੱਲਾਂ ਨੇ ਬਾਦਸ਼ਾਹ ਨੂੰ ਝੰਜੋੜਿਆ ਤੇ ਥੋੜ੍ਹਾ ਜਿਹਾ ਨਰਮ ਕਰ ਦਿੱਤਾ। ਜਿਸ ਕਰਕੇ ਬਾਦਸ਼ਾਹ ਨੇ ਸਤਿਕਾਰ ਨਾਲ ਪੁੱਛਿਆ, ਸਾਈਂ ਜੀ! ਇਸ ਖੋਪਰੀ ਨੂੰ ਪੜ੍ਹ ਕੇ ਕੁਛ ਸਮਝੇ ਹੋ? ਜੋ ਸਮਝੇ ਹੋ ਉਹ ਇਸ ਗ਼ੁਲਾਮ ਨੂੰ ਵੀ ਸਮਝਾਓ, ਮਤਾਂ ਕੁਛ ਸੋਝੀ ਪੈ ਜਾਵੇ ਸਾਈਂ ਦੇ ਦਰ ਦੀ। ਸੰਸਾਰ ਦੇ ਚਿੱਕੜ ਵਿਚ ਫਸਿਆਂ ਉਮਰਾ ਬੀਤਦੀ ਜਾਂਦੀ ਹੈ ਪਰ ਆਕਬੱਤ ਨੂੰ ਸੰਵਾਰਨ ਦਾ ਕੋਈ ਯਤਨ ਨਹੀਂ ਕੀਤਾ। ਅੱਜ ਤੁਹਾਡੇ ਮੂੰਹੋਂ ਨਿਕਲੇ ਬਚਨਾਂ ਨੇ ਚਿਣਗ ਚੁਆਤੀ ਲਾਈ ਹੈ ਜਿਸ ਕਰਕੇ ਸ਼ੌਕ ਪੈਦਾ ਹੋਇਆ ਹੈ, ਸੋ ਕਿਰਪਾ ਕਰ ਕੇ ਦੱਸੋ ਖੋਪਰੀ ਵਿੱਚੋਂ ਕੀ ਪੜ੍ਹਿਆ ਜੇ?

ਸਾਈਂ ਜੀ ਨੇ ਸਮਝ ਲਿਆ ਕਿ ਲੋਹਾ ਤਾਅ ਉਤੇ ਆ ਗਿਆ ਹੈ, ਹੁਣ ਜੋ ਵੀ ਬਣਾਉਣਾ ਚਾਹੀਏ ਬਣ ਸਕਦਾ ਹੈ। ਸੋ ਰੰਗ ਵਿਚ ਆ ਕੇ ਖੀਵੇ ਹੋ ਕੇ ਝੂਮੇ ਤੇ ਠਰ੍ਹੰਮੇ ਨਾਲ ਬੋਲ ਉਠੇ ਕਿ:

SIKHBOOKCLUB.COM

**ਏਕ ਦਿਨ ਦਰਵੇਸ਼ ਜੋ ਇਕ ਨਾਮ ਕਾ ਬਹਿਲੋਲ ਥਾ,**
**ਗਾਓਂ ਸੇ ਬਾਹਰ ਕਹੀਂ ਕਬਰੋਂ ਮੇਂ ਗੁਜ਼ਰ ਉਸ ਕਾ ਹੂਆ।**
**ਆ ਗਿਆ ਜੀ ਦੇਖੀਏ ਨੈ ਰੰਗੀਏ ਆਲਮ ਕੋ ਆਜ,**
**ਕੌਨ ਆਇਆ ਇਸ ਜਹਾਂ ਮੇਂ ਔਰ ਕੌਨ ਆ ਕਰ ਚਲ ਦੀਆ।**
**ਕੁਛ ਉਠਾ ਪੱਥਰ ਇਧਰ ਔਰ ਉਸ ਤਰਫ਼ ਕੁਛ ਫੈਂਕ ਕਰ,**
**ਖੋਪਰੀ ਇਕ ਹਾਥ ਲੀ ਔਰ ਗ਼ੌਰ ਕਰਨੇ ਲਗ ਗਿਆ।**
**ਆ ਗਿਆ ਇਤਫ਼ਾਕ ਸੇ ਸ਼ਾਹਿ ਸਮਰਕੰਦ ਉਸ ਤਰਫ਼,**
**ਦੇਖ ਕਰ ਬਹਿਲੋਲ ਕੋ ਗ਼ੁੱਸੇ ਮੇਂ ਆ ਗੋਇਆ ਹੂਆ।**
**ਕਿਆ ਹੈ ਰੇ ਬਹਿਲੋਲ ਦੀਵਾਨੇ ਫਿਰ ਰਹਾ ਹੈ ਕਬਰੋਂ ਮੇਂ ਤੂ,**
**ਹੈ ਇਨ ਮੇਂ ਤੁਮਾਰਾ ਕਿਆ ਧਰਾ।**
**ਹੰਸ ਕਰ ਬਹਿਲੋਲ ਬੋਲਾ, ਐ ਸ਼ਾਹਿ ਗ਼ਫ਼ਲਤ ਸ਼ਆਰ!**
**ਕਿਆ ਨਹੀਂ ਸਮਝਾ ਹੈ ਤੂ ਅਬ ਤਕ ਹਮਾਰਾ ਮੁੱਦਾ।**
**ਦੇਖਤਾ ਹੂੰ ਮੈਂ ਸਰੇ ਇਨਸਾਨ ਕੋ ਬਾ ਗ਼ੌਰੋ ਖੋਜ਼,**
**ਹੋ ਰਹਾ ਹੂੰ ਦੇਰ ਸੇ ਇਸ ਹੀ ਵੈਹਮ ਮੇਂ ਮੁਬਤਲਾ।**
**ਪਰ ਨਹੀਂ ਪੜਤੀ ਸਮਝ ਐ ਸ਼ਾਹਿ ਗ਼ਫ਼ਲਤ ਸ਼ਆਰ,**
**ਕਿ ਹਰ ਗਦਾ ਔਰ ਸ਼ਾਹ ਕਾ ਆਖ਼ਰ ਹਸ਼ਰ ਕਿਆ ਕਿਆ ਹੂਆ।**
**ਯਿਹ ਖ਼ਾਕ ਉਭਰੀ ਖ਼ਾਕ ਹੈ ਔਰ ਗਿਰ ਪੜੀ ਤੋ ਭੀ ਹੈ ਖ਼ਾਕ,**
**ਫਿਰ ਭਲਾ ਇਸ ਖ਼ਾਕ ਪਰ ਇਤਨਾ ਗ਼ਰੂਰੋ ਨਾਜ਼ ਕਿਆ।**

ਕਿੰਨਾ ਸੁੰਦਰ ਤੇ ਸੋਹਣਾ ਉਪਦੇਸ਼ ਮਿਲਦਾ ਹੈ ਇਹਨਾਂ ਫ਼ਕੀਰ ਦੀਆਂ ਭਿੱਜੀਆਂ ਹੋਈਆਂ ਗੱਲਾਂ ਵਿੱਚੋਂ ਕਿ ਮਨ ਹਲੂਣਿਆਂ ਜਾਂਦਾ ਹੈ ਤੇ ਸੁਤੇ ਹੀ ਉਪਰਾਮਤਾ ਵੱਲ ਖਿੱਚ ਪੈਣ ਲੱਗ ਜਾਂਦੀ ਹੈ, ਵੱਡੇ ਵਡੇਰੇ ਆਏ ਪਰ ਅਲੋਪ ਹੋ ਗਏ ਪਰ ਸਤਿਗੁਰੂ ਸ੍ਰੀ ਗੁਰੂ ਨਾਨਕ ਨਿਰੰਕਾਰੀ ਜੀ ਇਸ ਝੂਠੇ ਤੇ ਕਾਲ ਦੇ ਗਰੱਸੇ ਹੋਏ ਸੰਸਾਰ ਵਿਚ ਸਦੀਵੀ ਚਮਕਾਂ ਮਾਰ ਕੇ ਭੁੱਲਿਆਂ ਭਟਕਿਆਂ ਨੂੰ ਚਾਨਣ-ਮੁਨਾਰੇ ਦਾ ਕੰਮ ਦੇ ਰਹੇ ਹਨ।

ਸਤਿਗੁਰਾਂ ਦੀ ਪਵਿੱਤਰ ਹਸਤੀ ਤੋਂ ਬਿਨਾਂ ਕੋਈ ਸਥਿਰ ਨਜ਼ਰ ਨਹੀਂ ਆ ਰਿਹਾ, ਦਰਿਆ ਦੇ ਵਹਿਣ ਵਾਂਗ ਵਹਿੰਦੇ ਜਾ ਰਹੇ ਹਨ, ਮੀਂਹ ਦੀਆਂ ਬੂੰਦਾਂ ਅਰਸ਼ੋਂ ਉਤਰੀਆਂ, ਪਰ ਧਰਤੀ ਤੇ ਡਿਗਦਿਆਂ ਹੀ ਆਪਾ ਖੋਹ ਬੈਠੀਆਂ, ਕੋਈ ਸੀਖ ਨਾਲ ਲਟਕਦੀ ਬੂੰਦ, ਕਿਸੇ ਬਿਰਹੋਂ ਕੁੱਠਦੇ ਅੱਥਰੂ ਵਾਂਗ ਨੀਝ ਲਾ ਕੇ ਸਾਥੀਆਂ ਨੂੰ ਢੂੰਡਦੀ ਹੈ ਪਰ ਪਤਾ ਟਿਕਾਣਾ ਨਹੀਂ ਮਿਲਦਾ, ਅੰਤ ਨੂੰ ਉਹ ਵੀ ਸੀਖੋਂ ਟੁੱਟ, ਸਾਥੀਆਂ ਦੀ ਖੋਜ ਵਿਚ ਖੋਹ ਜਾਂਦੀ ਹੈ ਤੇ ਕਿਸੇ ਅਣਡਿੱਠੇ ਦੇ ਪੇਟ ਵਿਚ ਸਮਾ ਕੇ ਆਪਣੀ ਅਣਹੋਂਦ ਦਾ ਪਤਾ ਦੱਸਦੀ ਹੈ। ਇਸ ਸੰਸਾਰ ਦੇ ਨਾਸ਼-ਪੁਣੇ ਨੂੰ ਕਿਸੇ ਨੇ ਇਉਂ ਦਰਸਾਇਆ ਹੈ:

**ਹੋ ਗਿਆ ਸ਼ੈਹਰੇ ਖ਼ਮੋਸ਼ਾਂ ਮੇਂ, ਕਹੀਂ ਮੇਰਾ ਗੁਜ਼ਰ।**
**ਕਿਆ ਕਹੂੰ ਕਿਆ ਕਿਆ ਵਹਾਂ, ਇਬਰਤ ਭਰੇ ਸਾਮਾਨ ਥੇ।**
**ਛਾ ਰਹੀ ਥੀ ਖ਼ਾਮੋਸ਼ੀ ਹੀ ਖ਼ਾਮੋਸ਼ੀ ਹਰ ਚਾਰ ਸੂ।**
**ਜਿਸ ਤਰਫ਼ ਦੇਖਾ ਉਧਰ ਬੇ-ਰੰਜੋ-ਗ਼ਮ ਇਨਸਾਨ ਥੇ।**
**ਨਾਗਹਾਂ ਮੇਰੀ ਨਿਗਾਹ ਅਟਕੀ ਬੜੀ ਮੀਨਾਰ ਪਰ।**
**ਸੋ ਰਹੇ ਜਿਸ ਕੇ ਤਲੇ ਸ਼ਾਹਿ ਮੁਹੰਮਦ ਖ਼ਾਨ ਥੇ।**
**ਥਾ ਲਿਖਾ ਉਸ ਪਰ ਅਰੇ ਓ ਦੇਖਨੇ ਵਾਲੇ ਮੀਆਂ !**
**ਹੈ ਜਹਾਂ ਤੇਰੀ ਨਜ਼ਰ ਵੋਹ ਸ਼ਾਹਿ ਹਿੰਦੁਸਤਾਨ ਥੇ।**
**ਐਸ਼ੋ ਇਸ਼ਰਤ ਦੁਨੀਆਵੀ ਸੇ ਕਿਆ ਨਾ ਹਾਸਲ ਥਾ ਉਨ੍ਹੇ।**
**ਸ਼ਾਨੋ ਸ਼ੌਕਤ ਕੇ ਕਿਆ ਕਿਆ ਨਾ ਕੁਛ ਸਾਮਾਨ ਥੇ।**
**ਖ਼ੂਬ ਰੂਆਨੇ ਜਹਾਂ ਥੇ ਦੱਸਤ ਬਸਤਾ ਜ਼ੇਰਪਾ।**
**ਨੇਹਮਤੇਂ ਬਾਂਦੀ ਥੀਂ ਅਪਨੀ ਮਾਲੋ ਜ਼ਰ ਕੁਰਬਾਨ ਥੇ।**
**ਨਾਗਹਾਂ ਉਠਦੀ ਨਿਗਾਹਿ ਨਾਜ਼ ਤੋ ਹਰ ਚਾਰ ਸੂ।**
**ਜਿਸ ਤਰਫ਼ ਦੇਖਾ ਸਰ ਤਾਬਿ-ਇ ਫ਼ਰਮਾਨ ਥੇ।**
**ਏਕ ਹੀ ਚੱਕਰ ਅਜ਼ਲ ਨੇ ਆਨ ਕਰ ਐਸਾ ਦੀਆ,**
**ਕਿ ਉੜ ਗਏ ਅਪਨੇ ਕਹਾਂ ਜੁ ਸਾਰੇ ਸ਼ਾਨੋ ਮਾਨ ਥੇ।**
**ਚਾਰ ਦਿਨ ਕੀ ਚਾਂਦਨੀ ਪੇ ਨਾਜ਼ ਕਰਨਾ ਹੈ ਫ਼ਜ਼ੂਲ।**
**ਮਿਲ ਗਏ ਮਟੀ ਤਲੇ ਜੋ ਮਾਲ ਕੇ ਮਿਲਕਾਨ ਥੇ।**

ਇਸ ਫ਼ਾਨੀ ਨਗਰੀ ਵਿਚ ਜਿਸ ਨੇ ਵੀ ਜ਼ਰ ਦਾ ਜ਼ੋਰ ਜਤਲਾਇਆ ਹੈ, ਉਹ ਚਾਰ ਦਿਨਾਂ ਦੇ ਚੋਚਲੇ ਕਰ ਕੇ ਗ਼ਲਤ ਅੱਖਰ ਵਾਂਗ ਮਿਟ ਗਿਆ। ਹੜ੍ਹ ਦੇ ਪਾਣੀ ਵਾਂਗ ਫਤੂਰ ਪਾ ਕੇ ਅੰਤ ਠੰਢਾ ਪੈ ਗਿਆ, ਸਾਉਣ ਭਾਦੋਂ ਦੀਆਂ ਭੰਬੀਰੀਆਂ ਦੀ ਤਰ੍ਹਾਂ ਭੂੰ ਭੂੰ ਕੀਤੀ ਪਰ ਅੰਤ ਨੂੰ ਕਾਲ ਭਗਵਾਨ ਦਾ ਗਿਰਾਸ ਬਣ ਕੇ ਰਹਿ ਗਈ, ਬੜੇ ਅਤਈ ਆਏ, ਅਤ

ਕੀਤੀ, ਪਰ ਅੰਤ ਨੂੰ ਗਤ ਬੁਰੀ ਹੋਈ। ਕਿਸੇ ਹਿੰਦੀ ਦੇ ਕਵੀ ਨੇ ਕਿਤਨਾ ਸੁੰਦਰ ਲਿਖਿਆ ਹੈ ਕਿ :

**ਰਤਨ ਸਭ ਛੀਨ ਲੀਨੇ ਪੀਨ ਰਤਨ ਕਰਕੇ,**
**ਰਾਜਾ ਦੁਰਜੋਧਨ ਕੀ ਹਰ ਲੀਨੀ ਮਤ ਹੈ।**
**ਬੰਸ ਸਭ ਸਗਰ ਕੋ ਬੋਰ ਡਾਰਿਓ ਸਾਗਰ ਮੇਂ,**
**ਚੀਰ ਡਾਰਿਓ ਜਰਾਸਿੰਧ ਕੀਤੀ ਜਿਨ ਅਤ ਹੈ।**
**ਰਾਵਣ ਕੋ ਮਾਰ ਕਰੂਰ ਕੰਸ ਕੋ ਪਛਾਰ ਡਾਰਿਓ,**
**ਬਲੀ ਕੋ ਪਤਾਲ ਭੇਜ ਰਾਖਿਓ ਭਗਤ ਹੈ।**
**ਕਹੇ ਕਵੀ ਛਤਰਸਾਲ ਅਤਿ ਕੋਊ ਮਤ ਕਰੋ,**
**ਅਤਿ ਕੇ ਕਰੀਅਨ ਕੀ ਹੋਤ ਐਸੀ ਗਤ ਹੈ।**

ਇਸ ਰੰਗ-ਰੰਗੀਲੇ ਮੁਸਾਫ਼ਰਖ਼ਾਨੇ ਵਿਚ ਛਤਰਧਾਰੀ ਤੇ ਚੱਕਰਵਰਤੀ ਆਏ, ਇਸ ਸਜੇ ਫੱਬੇ ਵੱਡੇ ਬਾਗ਼ ਵਿਚ ਬਿਅੰਤ ਫੁੱਲ ਖਿੜੇ ਪਰ ਪੱਤੀਆਂ ਝੜੀਆਂ ਤੇ ਟਹਿਣੀਓਂ ਟੁੱਟ ਕੇ ਟੁਕੜੇ ਹੋ ਕੇ ਉੱਡ ਗਏ। ਇਸ ਚਿੜੀਆ ਘਰ ਵਿਚ ਅਨੰਤ ਪੰਛੀ ਆਏ, ਖੰਭ ਸਵਾਰੇ, ਮੇਵੇ ਖਾਧੇ, ਉਡਾਰੀਆਂ ਮਾਰੀਆਂ, ਸੁਰੀਲੇ ਕੰਠ ਨਾਲ ਬੋਲੀਆਂ ਬੋਲੀਆਂ ਤੇ ਸਦਾ ਵਾਸਤੇ ਚੁੱਪ ਸਾਧ ਕੇ ਚਿਰੋਕਣੇ ਚਕਨਾਚੂਰ ਹੋ ਗਏ। ਨਗਾਰਿਆਂ ਵਾਲੇ ਨਜ਼ਰ ਨਹੀਂ ਆਉਂਦੇ ਤੇ ਨਿਸ਼ਾਨਾਂ ਵਾਲਿਆਂ ਦਾ ਨਿਸ਼ਾਨ ਨਹੀਂ ਮਿਲਦਾ। ਕਿਸੇ ਸਿਆਣੇ ਨੇ ਕਿੰਨਾ ਸੋਹਣਾ ਕਿਹਾ ਹੈ ਕਿ :

SIKHBOOKCLUB.COM

**ਬੜੇ ਬੜੇ ਰਾਜਾ ਜਾ ਕੇ ਨੌਂ ਲਖ ਨਗਾਰਾ ਬਾਜੇ,**
**ਜਾਂਕੇ ਰਥ ਪਹੀਅਨ ਸਿਓਂ ਸਾਤੋਂ ਸਿੰਧ ਥਾਟੇ ਹੈਂ।**
**ਐਂਠ ਬੈਂਠ ਚਦਤ ਨਾਂ ਕਾਂਨ ਜਗ ਰਾਖੇ ਕਾਹੂੰ,**
**ਏਕ ਹੀ ਧਨਸ਼ ਸਿਓਂ ਬੈਰੀ ਸਭ ਡਾਟੇ ਹੈਂ।**
**ਤੇਊ ਨਾਸ਼ ਭਏ ਕੋਊ ਲੇਤ ਨਹੀਂ ਨਾਮ ਤਾਹਿੰ,**
**ਕਹੂੰ ਕਹੂੰ ਬੇਦ ਅਓ ਪੁਰਾਨਨ ਮੇਂ ਠਾਟੇਂ ਹੈਂ।**
**ਤੁਮ ਜੁ ਕਹਿਤ ਹੋ ਭੂਪਤਿ ਹੈਂ ਭੂਪਤਿ ਹੈਂ,**
**ਤੁਮਸੋਂ ਗੁਲਾਮ ਗੀਦੀ ਕੇਤੇ ਕਾਲ ਕਾਟੇ ਹੈਂ।**

ਸੁਆਮੀ ਅੰਬਾਦਤ, ਬਾਲਪਨ ਤੋਂ ਹੀ ਕਵੀ ਮਨ ਦੇ ਮਾਲਕ ਸਨ। ਇਕ ਵਾਰ ਉਨ੍ਹਾਂ ਦੇ ਪਿਤਾ ਦਾ ਗੁਰੂ ਆਇਆ ਤਾਂ ਪਿਤਾ ਨੇ ਆਪਣੇ ਗੁਰੂ ਨੂੰ ਕਿਹਾ ਕਿ ਮਹਾਰਾਜ! ਇਹ ਬਾਲਕ ਬਾਲਪਨ ਵਿਚ ਹੀ ਕਵੀ ਹੈ। ਗੁਰੂ ਨੇ ਕਿਹਾ ਕਿ ਹਾਂ ਤੁਕਬੰਦੀ ਕਰਦਾ ਹੋਵੇਗਾ ਪਰ ਤੇਰੇ ਭਾਣੇ ਕਵੀ ਹੈ, ਜੇ ਕਵੀ ਹੈ ਤਾਂ ਮੇਰੀ ਦਿੱਤੀ ਸਮੱਸਿਆ ਪੂਰੀ ਕਰ ਕੇ ਦੱਸੇ? ਸੋ ਸੱਤਾਂ ਵਰ੍ਹਿਆਂ ਦੇ ਬਾਲਕ ਨੂੰ ਬਾਲਕ ਦੇ ਪਿਓ ਦੇ ਗੁਰੂ ਨੇ ਇਹ ਸਮੱਸਿਆ ਦਿੱਤੀ :

**ਜਬ ਮੂੰਦ ਗਈਂ ਆਂਖੇਂ ਤਬ ਲਾਖੇਂ ਕਉਨ ਕਾਮ ਕੀ।**

ਸੱਤਾਂ ਬਰਸਾਂ ਦੀ ਉਮਰ ਵਿਚ ਬਾਲਕ ਅੰਬਾਦਤ, ਸਮੱਸਿਆ ਸੁਣਦੇ ਸਾਰ ਬੋਲ ਉਠਿਆ ਕਿ :

ਚਮਕ ਚਮਾਂ ਚੰਮ ਰਹੇ ਹੈਂ ਮਨਿ ਗਨ ਚਾਰ,
ਸੋਹਤ ਚਹੁੰਗਾ ਧੂੰਮ ਧਾਮ ਧਨ ਧਾਮ ਕੀ।
ਫੂਲ ਫੱਲਵਾਰੀ ਫੱਲ ਫੈਲ ਕੇ ਫੱਬੀ ਹੈ,
ਤਊ ਛਵੀ ਛਟਕੀਲੀ, ਯਿਹ ਨਾਹਨ ਅਰਾਮਤੀ।
ਕਾਂਇਆਂ ਹਡ ਚਾਮਕੀਲੇ ਰਾਮ ਕੀ ਬਿਸਾਰੀ ਸੁਧ,
ਜਾਂਮਕੀ ਕੋ ਜਾਨੇ ਬਾਤ ਕਰਤ ਹਰਾਮ ਕੀ।
ਅੰਬਾਦਤ ਭਾਖੈਂ ਭਭਿਲਾਖੈਂ ਕਿਓਂ ਕਰਤ ਝੂਠ,
ਜਬ ਮੂੰਦ ਗਈਂ ਆਂਖੇਂ ਤਬ ਲਾਖੇਂ ਕਉਨ ਕਾਮ ਕੀ।

ਘਰ ਵਿਚ ਚਮਕੀਲੇ ਮੋਤੀਆਂ ਦੇ ਗੁੱਛੇ ਚਮਕਦੇ ਸਨ, ਘਰ ਸੋਭਦਾ ਸੀ, ਤੇ ਧਨ ਦੀ ਖ਼ੂਬ ਧੂਮ ਸੀ, ਘਰ ਦੇ ਵੱਡੇ ਦਰਵਾਜ਼ੇ ਦੇ ਸਾਹਮਣੇ ਫੁੱਲਾਂ ਨਾਲ ਫੁਲੀ ਹੋਈ ਫੁਲਵਾੜੀ ਤੇ ਫਲਾਂ ਨਾਲ ਫੈਲੀ ਹੋਈ ਸੁਹਾ ਰਹੀ ਸੀ, ਹੱਡ ਚੰਮ ਦੀ ਕਾਂਇਆ ਵਾਲੇ ਮਨੁੱਖ ਨੇ, ਇਹ ਸਭ ਕੁਛ ਪਾ ਕੇ ਰਾਮ ਦੀ ਸੁੱਧ ਹੀ ਭੁਲਾ ਦਿੱਤੀ, ਇਸ ਦੇਹੀ ਨੂੰ ਜਮਾਂ ਦਾ ਗਿਰਾਸ ਜਾਣਦਿਆਂ ਹੋਇਆਂ ਵੀ ਅਨਹੋਣੀਆਂ ਗੱਲਾਂ ਕੀਤੀਆਂ, ਪਰ ਝੂਠੀਆਂ ਅਭਿਲਾਖਾਂ ਵਿੱਚੇ ਦੀਆਂ ਵਿੱਚੇ ਰਹਿ ਗਈਆਂ, ਅੱਖਾਂ ਬੰਦ ਹੋਣ ਦੀ ਦੇਰ ਸੀ, ਭਾਵੇਂ ਲੱਖਾਂ ਦਾ ਸੀ, ਪਰ ਕਿਸੇ ਕੰਮ ਨਾ ਆਇਆ।

ਪਿਆਰੇ ਪਾਠਕ ਜੀ! ਏਥੇ ਤਕ ਅਸੀਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਬਾਦਸ਼ਾਹ ਤੇ ਬਾਦਸ਼ਾਹਾਂ ਦੇ ਬਾਦਸ਼ਾਹ ਵੀ ਆਏ ਪਰ ਸਦੀਵੀ ਨਾ ਕਹਾ ਸਕੇ। ਕਿਉਂਕਿ ਝੂਠੇ ਸਨ। ਇਕ ਦੂਜੇ ਦੇ ਬਾਦ ਜਿਹੜਾ ਵੀ ਗੱਦੀ ਬੈਠਾ ਆਪਣੇ ਹੀ ਨਾਮ ਦੀ ਦੋਹੀ ਫਿਰਵਾਈ, ਤੇ ਆਪਣੇ ਹੀ ਨਾਮ ਦਾ ਸਿੱਕਾ ਚਲਾਇਆ। ਪਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਚੂੰਕਿ ਸੱਚੇ ਗੁਰੂ ਹਨ ਇਸ ਕਰਕੇ ਇੱਕੋ ਨਾਮ, ਇੱਕੋ ਸਿੱਕਾ ਤੇ ਇੱਕੋ ਹੀ ਮੋਹਰ ਚਲਦੀ ਰਹੀ। ਜੇ ਗੁਰੂ ਨਾਨਕ ਦੇਵ ਜੀ ਨੇ ਬਾਣੀ ਉਚਾਰੀ ਤਾਂ ਨਾਮ ਨਾਨਕ ਹੀ ਰਖਿਆ। ਉਨ੍ਹਾਂ ਪਿਛੋਂ ਜਦ ਸ੍ਰੀ ਗੁਰੂ ਅੰਗਦ ਦੇਵ ਜੀ ਗੁਰ-ਗੱਦੀ ਪਰ ਬਿਰਾਜੇ, ਬਾਣੀ ਉਚਾਰਨ ਕੀਤੀ ਪਰ ਨਾਮ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਰਖਿਆ, ਭਾਵ ਦੂਜੇ, ਤੀਜੇ, ਚੌਥੇ, ਪੰਜਵੇਂ ਤੇ ਨੌਵੇਂ ਗੁਰੂ ਨੇ ਜਿੰਨੀ ਬਾਣੀ ਉਚਾਰਨ ਕੀਤੀ ਸਾਰੀ ਦੇ ਅਖ਼ੀਰ ਨਾਮ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਰਖਿਆ।

ਗੁਰ-ਗੱਦੀ ਦੇਣ ਦੀ ਜੋ ਮਰਯਾਦਾ ਆਦਿ ਗੁਰੂ ਨੇ ਚਲਾਈ ਸੀ, ਦਸਮ ਪਿਤਾ ਤਕ ਉਹੋ ਰਹੀ, ਸੇਵਾ ਟਹਿਲ ਤੇ ਗ਼ਰੀਬ ਗ਼ੁਰਬੇ ਦੀ ਸੰਭਾਲ ਦੀ ਜੋ ਰੀਤ ਨਾਨਕ ਨਿਰੰਕਾਰੀ ਨੇ ਪਰਚੱਲਤ ਕੀਤੀ ਸੀ ਉਹੋ ਅਪਣਾਈ ਜਾਂਦੀ ਰਹੀ, ਅੰਮ੍ਰਿਤ ਵੇਲੇ ਜਾਪੁ ਤੇ ਸੰਝੇ ਸੋਦਰ, ਆਦਿ ਗੁਰੂ ਜੀ ਤੋਂ ਲੈ ਕੇ ਦਸਮ ਪਾਤਿਸ਼ਾਹ ਤਕ ਜਿਉਂ ਦਾ ਤਿਉਂ ਗਾਵਿਆ ਜਾਂਦਾ ਰਿਹਾ। ਸੱਚੇ ਸਤਿਗੁਰਾਂ ਦੇ ਘਰ ਦੀ ਸੱਚੀ ਜੁਗਤੀ ਤੇ ਇਕ ਸਾਰ ਚਾਲ ਹੇਠ ਲਿਖੇ ਗੁਰਬਾਣੀ ਪ੍ਰਮਾਣਾਂ ਤੋਂ ਸਹਿਜੇ ਹੀ ਸਮਝ ਵਿਚ ਆ ਜਾਂਦੀ ਹੈ:

(੧) ਲਹਣੇ ਦੀ ਫੇਰਾਈਐ, ਨਾਨਕਾ ਦੋਹੀ ਖਟੀਐ॥
ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ॥

*(ਰਾਮਕਲੀ ਕੀ ਵਾਰ, ਪੰਨਾ ੯੬੬)*

(੨) ਗੁਰ ਅੰਗਦ ਦੀ ਦੋਹੀ ਫਿਰੀ, ਸਚੁ ਕਰਤੈ ਬੰਧਿ ਬਹਾਲੀ॥
ਨਾਨਕੁ ਕਾਇਆ ਪਲਟੁ ਕਰਿ, ਮਲਿ ਤਖਤੁ ਬੈਠਾ ਸੈ ਡਾਲੀ॥
*(ਰਾਮਕਲੀ ਕੀ ਵਾਰ, ਪੰਨਾ ੯੬੭)*

(੩) ਸੋ ਟਿਕਾ ਸੋ ਬੈਹਣਾ, ਸੋਈ ਦੀਬਾਣੁ॥
ਪਿਯੂ ਦਾਦੇ ਜੇਵਿਹਾ, ਪੋਤ੍ਰਾ ਪਰਵਾਣੁ॥ *(ਰਾਮਕਲੀ ਕੀ ਵਾਰ, ਪੰਨਾ ੯੬੮)*

(੪) ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ॥
ਧੰਨੁ ਸੁ ਤੇਰਾ ਥਾਨੁ ਹੈ, ਸਚੁ ਤੇਰਾ ਪੈਸਕਾਰਿਆ॥
ਨਾਨਕੁ ਤੂ ਲਹਣਾ ਤੂਹੈ, ਗੁਰੁ ਅਮਰੁ ਤੂ ਵੀਚਾਰਿਆ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ॥ *(ਰਾਮਕਲੀ ਕੀ ਵਾਰ, ਪੰਨਾ ੯੬੯)*

(੫) ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥
ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥
ਲਹਣੈ ਪੰਥੁ ਧਰਮ ਕਾ ਕੀਆ॥
ਅਮਰਦਾਸ ਭਲੇ ਕਉ ਦੀਆ॥
ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਉ॥
ਹਰਿ ਕਾ ਨਾਮੁ ਅਖੈ ਨਿਧਿ ਅਪ੍ਉ॥ *(ਸਵਯੇ ੪ ਗਯੰਦ, ਪੰਨਾ ੧੪੦੧)*

ਉਪਰ ਲਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਂਵਾਕਾਂ ਤੋਂ ਸਾਫ਼ ਸਿੱਧ ਹੈ ਕਿ ਸੱਚੇ ਸਤਿਗੁਰੂ ਦੇ ਘਰ ਦੀ ਚਾਲ ਇਕ ਹੈ ਤੇ ਜੋਗ ਜੁਗਤਿ ਇਕ ਹੈ, ਇਸ ਘਰ ਵਿਚ ਇਕ ਦੂਜੇ ਪਿੱਛੋਂ ਗੱਦੀ ਤੇ ਬੈਠਣ ਪਰ ਪੰਥ ਨਹੀਂ ਚਲਾਉਂਦਾ ਸਗੋਂ ਇੱਕੋ ਹੀ ਗੁਰਮੁਖ ਗਾਡੀ ਰਾਹ ਹੈ, ਇਸ ਨੁਕਤੇ ਨੂੰ ਸ੍ਰੀ ਕਲਗੀਧਰ ਦਸਮੇਸ਼ ਪਿਤਾ ਨੇ ਸ੍ਰੀ ਮੁਖਵਾਕ ਦੁਆਰਾ ਇਉਂ ਨਿਰੂਪਣ ਕੀਤਾ ਹੈ ਕਿ :

ਨਾਨਕ ਅੰਗਦ ਕੋ ਬਪੁ ਧਰਾ॥
ਧਰਮ ਪ੍ਰਚੁਰਿ ਇਹ ਜਗ ਮੋ ਕਰਾ॥
ਅਮਰਦਾਸ ਪੁਨਿ ਨਾਮ ਕਹਾਯੋ॥
ਜਨ ਦੀਪਕ ਤੇ ਦੀਪ ਜਗਾਯੋ॥੭॥
ਜਬ ਬਰਦਾਨਿ ਸਮੈ ਵਹੁ ਆਵਾ॥
ਰਾਮਦਾਸ ਤਬ ਗੁਰੂ ਕਹਾਵਾ॥
ਤਿਨ ਬਰਦਾਨਿ ਪੁਰਾਤਨ ਦੀਆ।
ਅਮਰਦਾਸਿ ਸੁਰਪੁਰਿ ਮਗੁ ਲੀਆ॥੮॥.....
ਭਿੰਨ ਭਿੰਨ ਸਭਹੂੰ ਕਰਿ ਜਾਨਾ॥
ਏਕ ਰੂਪ ਕਿਨਹੂੰ ਪਹਿਚਾਨਾ॥
ਜਿਨ ਜਾਨਾ ਤਿਨ ਹੀ ਸਿਧਿ ਪਾਈ॥
ਬਿਨ ਸਮਝੇ ਸਿਧਿ ਹਾਥ ਨ ਆਈ॥੧੦॥ (੫) *(ਬਚਿਤ੍ਰ ਨਾਟਕ)*

ਸਤਿਗੁਰੂ ਸੱਚੇ ਪਿਤਾ ਸ੍ਰੀ ਕਲਗੀਧਰ ਜੀ ਨੇ ਤਾਂ ਫ਼ੈਸਲਾ ਹੀ ਕਰ ਦਿੱਤਾ ਹੈ ਕਿ

ਜਿੰਨਾ ਚਿਰ ਦਸੇ ਪਾਤਸ਼ਾਹੀਆਂ ਨੂੰ ਇਕ ਰੂਪ ਨਾ ਮੰਨਿਆ ਜਾਏ ਓਨਾ ਚਿਰ ਸਿਧੀ ਹੱਥ ਨਹੀਂ ਆਉਂਦੀ। ਗੁਰੂ ਨਾਨਕ ਦੇਵ ਜੀ ਦੇ ਸੱਚੇ ਪਾਤਸ਼ਾਹ ਹੋਣ ਦਾ ਪਹਿਲਾ ਪ੍ਰਮਾਣ ਇਹ ਹੈ ਕਿ ਆਪ ਦੇ ਘਰ ਦੀ ਜੁਗਤਿ, ਚਾਲ ਤੇ ਮਰਯਾਦਾ ਇੱਕ ਹੈ, ਇਸ ਘਰ ਵਿਚ ਆਪੋ ਧਾਪੀ ਹੋ ਕੇ ਨਿਆਰੇ ਨਿਆਰੇ ਪੰਥ ਨਹੀਂ ਚਲਾਏ ਜਾਂਦੇ, ਸਿੱਖ ਧਰਮ ਦੇ ਵੇਦ ਵਿਆਸ ਭਾਈ ਗੁਰਦਾਸ ਜੀ ਨੇ ਸਤਿਗੁਰੂ ਜੀ ਨੂੰ ਸੱਚਾ ਪਾਤਿਸ਼ਾਹ ਪ੍ਰਗਟ ਕਰਦਿਆਂ ਹੋਇਆਂ ਆਪਣੀਆਂ ਵਾਰਾਂ ਵਿਚ ਇਉਂ ਅੰਕਿਤ ਕੀਤਾ ਹੈ:

**ਸਤਿਗੁਰੁ ਸਚਾ ਪਾਤਿਸਾਹੁ ਕੂੜੇ ਬਾਦਿਸਾਹ ਦੁਨੀਆਵੇ।**
**ਸਤਿਗੁਰੁ ਨਾਥਾ ਨਾਥੁ ਹੈ ਹੋਇ ਨਉਂ ਨਾਥ ਅਨਾਥ ਨਿਥਾਵੇ।**
**ਸਤਿਗੁਰੁ ਸਚੁ ਦਾਤਾਰੁ ਹੈ ਹੋਰੁ ਦਾਤੇ ਫਿਰਦੇ ਪਾਛਾਵੇ।**
**ਸਤਿਗੁਰੁ ਕਰਤਾ ਪੁਰਖੁ ਹੈ ਕਰਿ ਕਰਤੂਤਿ ਨਿਨਾਵਨਿ ਨਾਵੇ।**
**ਸਤਿਗੁਰੁ ਸਚਾ ਸਾਹੁ ਹੈ ਹੋਰੁ ਸਾਹ ਵੇਸਾਹ ਉਚਾਵੇ।**
**ਸਤਿਗੁਰੁ ਸਚਾ ਵੈਦੁ ਹੈ ਹੋਰੁ ਵੈਦੁ ਸਭ ਕੈਦ ਕੁੜਾਵੇ।**
**ਵਿਣੁ ਸਤਿਗੁਰੁ ਸਭ ਨਿੱਗੋਸਾਵੇ।੧।** *(ਵਾਰ ੧੦, ਪਉੜੀ ੧)*

ਭਾਈ ਜੀ ਨੇ ਕਿਤਨਾ ਖ਼ੂਬਸੂਰਤ ਕਥਨ ਕੀਤਾ ਹੈ ਕਿ ਸਤਿਗੁਰ ਸੱਚਾ ਤੇ ਦੂਜੇ ਬਾਦਸ਼ਾਹ ਝੂਠੇ ਹਨ, ਸਤਿਗੁਰੂ ਨਾਥਾਂ ਦਾ ਵੀ ਨਾਥ ਹੈ, ਤੇ ਨੌਂ ਨਾਥ ਅਨਾਥ (ਬੇਮਾਲਕੇ) ਹਨ ਤੇ ਥਾਂ ਥਿੱਤੇ ਤੋਂ ਬਿਨਾਂ ਹੀ ਹਨ, ਸਤਿਗੁਰੂ ਸੱਚਾ ਦਾਤਾ ਹੈ ਤੇ ਬਾਕੀ ਦੁਨੀਆਂ ਦੇ ਦਾਤੇ ਸਤਿਗੁਰਾਂ ਦੇ ਪੈਰ ਦੇ ਪਰਛਾਵੇਂ ਪਿੱਛੇ ਭੱਜੇ ਫਿਰਦੇ ਹਨ, ਦੁਨਿਆਵੀ ਦਾਤੇ, ਰਿਧੀ-ਸਿਧੀ ਤੇ ਨਿਧੀ ਦੇ ਮਾਇਆ-ਚੱਕਰ ਵਿਚ ਫਸੇ ਹੋਏ ਹਨ, ਸੋ ਝੂਠੀਆਂ ਤੇ ਨਾਸ਼ਵਾਨ ਦਾਤਾਂ ਦੇ ਕੇ ਚਾਰ ਦਿਨ ਦੀ ਪੋਪ ਲੀਲਾ ਰਚਾ ਲੈਂਦੇ ਹਨ। ਪਰੰਤੂ ਸਤਿਗੁਰੂ ਜੋ ਸੱਚਾ ਗੁਰੂ ਹੈ, ਉਹ ਮੁਕਤੀ ਵਰਗਾ ਅਮੋਲਕ ਪਦਾਰਥ ਦਾਨ ਕਰਦਾ ਹੈ; ਦੁਨੀਆਂਦਾਰ ਬਾਦਸ਼ਾਹ, ਤੇ ਰਿਧੀਆਂ-ਸਿਧੀਆਂ ਦੇ ਮਾਲਕਾਂ ਪਾਸ ਗਿਣਤੀ ਮਿਣਤੀ ਦਾ ਦਾਨ ਹੈ, ਪਰ ਸਤਿਗੁਰਾਂ ਦਾ ਖ਼ਜ਼ਾਨਾ ਅਮੁੱਕ ਤੇ ਸਦਾ ਭਰਪੂਰ ਹੈ, ਅਗੰਮੀ ਵਾਕ ਹੈ:

**ਖਾਵਹਿ ਖਰਚਹਿ ਰਲਿ ਮਿਲਿ ਭਾਈ॥**
**ਤੋਟਿ ਨ ਆਵੈ ਵਧਦੋ ਜਾਈ॥** *(ਗਉੜੀ ਮ: ੫, ਪੰਨਾ ੧੮੬)*

ਏਡੇ ਵੱਡੇ ਭਰਪੂਰ ਖ਼ਜ਼ਾਨੇ ਦਾ ਮਾਲਕ ਹੈ ਕਿ ਭਾਈ ਲੰਘਾਹ ਵਰਗਿਆਂ ਦੀਆਂ ਲੱਤਾਂ ਠੀਕ ਕਰ ਦਿੰਦਾ ਹੈ, ਸ਼ਾਹ ਹੁਸੈਨ ਵਰਗਿਆਂ ਦੀਆਂ ਮੁਰਾਦਾਂ ਪੂਰੀਆਂ ਕਰਦਿਆਂ ਢਿੱਲ ਨਹੀਂ ਕਰਦਾ, ਬਾਬੇ ਆਦਮ ਵਰਗਿਆਂ ਬੁੱਢਿਆਂ ਠੇਰਿਆਂ ਨੂੰ ਪੁੱਤਾਂ ਦੀਆਂ ਦਾਤਾਂ ਦੇ ਕੇ ਨਿਵਾਜਦਾ ਹੈ, ਬਿਧੀ ਚੰਦ ਜਿਹੇ ਦਰ ਦਰ ਭਟਕਦਿਆਂ ਨੂੰ ਪਨਾਹ ਦੇ ਕੇ ਬ੍ਰਹਮ ਗਿਆਨੀ ਬਣਾ ਦਿੰਦਾ ਹੈ, ਭਾਈ ਕਟੂ ਜੈਸੇ ਸਿਦਕੀਆਂ ਦੇ ਦਿਲ ਦੇ ਪਾਸ ਹੀ ਵੱਸਦਾ ਹੈ, ਜਿੰਨਾ ਚਿਰ ਕਟੂ ਸ਼ਹਿਦ ਨਾ ਖਾਏ ਸਤਿਗੁਰੂ ਨੂੰ ਭੋਗ ਹੀ ਨਹੀਂ ਲੱਗਦਾ। ਦੀਪਾਲਪੁਰ ਵਿਚ ਸੜਦੇ ਬਲਦੇ ਕੋਹੜੀ ਦੀਆਂ ਚੀਕਾਂ ਸੁਣ ਕੇ, ਦੂਰੋਂ ਤੁਰ ਕੇ ਆ ਜਾਂਦਾ ਹੈ ਤੇ:

**ਜੀਉ ਤਪਤੁ ਹੈ ਬਾਰੋ ਬਾਰ॥**
**ਤਪਿ ਤਪਿ ਖਪੈ ਬਹੁਤੁ ਬੇਕਾਰ॥** *(ਧਨਾਸਰੀ ਮ: ੧, ਪੰਨਾ ੬੬੧)*

ਕੰਨਾਂ ਵਿਚ ਪਾ ਕੇ ਅਮਰ ਕਰ ਦੇਂਦਾ ਹੈ, ਭਾਈ ਗੁਰਦਾਸ ਜੀ ਨੇ ਐਂਵੇਂ ਤਾਂ ਨਹੀਂ ਕਹਿ ਦਿੱਤਾ ਕਿ :

**ਪਿਊ ਦੇ ਨਾਹ ਪਿਆਰ ਤੁਲਿ ਨ ਫੁਫੀ ਨਾ ਪਿਤੀਏ ਤਾਇ।**
**ਮਾਊ ਹੇਤੁ ਨਾ ਪੁਜਨੀ ਹੇਤੁ ਨ ਮਾਮੇ ਮਾਸੀ ਜਾਇ।**
**ਅੰਬਾਂ ਸੱਧਰ ਨਾ ਲਹੈ ਆਣ ਅੰਬਾਕੜੀਆਂ ਜੇ ਖਾਇ।**
**ਮੂਲੀ ਪਾਨ ਪਟੰਤਰਾ ਵਾਸ ਡਕਾਰ ਪਰਗਟੀ ਆਇ।**
**ਸੂਰਜ ਚੰਦ ਨ ਪੁਜਨੀ ਦੀਵੇ ਲੱਖ ਤਾਰੇ ਚਮਕਾਇ।**
**ਰੰਗ ਮਜੀਠ ਕੁਸੁੰਭ ਦਾ ਸਦਾ ਸਥੋਈ ਵੇਸ ਵਟਾਇ।**
**ਸਤਿਗੁਰੁ ਤੁਲਿ ਨ ਮਿਹਰਵਾਨ ਮਾਤਾ ਪਿਤਾ ਨ ਦੇਵ ਸਬਾਇ।**
**ਡਿਠੇ ਸਭੇ ਠੋਕਿ ਵਜਾਇ।੨੦।** *(ਵਾਰ ੩੯, ਪਉੜੀ ੨੦)*

ਪਿਓ ਦੀ ਭੈਣ ਨੂੰ ਅਸੀਂ ਫੁੱਫੀ ਜੀ ਆਖਦੇ ਹਾਂ। ਰਿਸ਼ਤਾ ਬਹੁਤ ਨੇੜੇ ਦਾ ਹੈ। ਇਸੇ ਤਰ੍ਹਾਂ ਪਿਤਾ ਦੇ ਵੱਡੇ ਭਰਾ ਨੂੰ ਅਸੀਂ ਤਾਇਆ ਜੀ ਆਖਦੇ ਹਾਂ। ਰਿਸ਼ਤਾ ਇਹ ਵੀ ਬਹੁਤ ਨੇੜੇ ਦਾ ਹੈ, ਪਰ ਸੋਚਣ ਵਾਲੀ ਇਹ ਗੱਲ ਹੈ ਕਿ ਭੂਆ, ਚਾਚੇ, ਤਾਏ ਤੇ ਚਾਚਿਆਂ ਤਾਇਆਂ ਦੇ ਪੁੱਤ ਜੋ ਕਿ ਭਰਾ ਲੱਗਦੇ ਹਨ, ਇਹ ਸਾਰੇ ਰਲ ਕੇ ਕਰੋੜਾਂ ਜਤਨ ਕਰਨ ਤੇ ਅਰਬਾਂ ਪਿਆਰ ਕਰਨ, ਇਹਨਾਂ ਦੇ ਪਿਆਰ ਨਾਲ ਪਿਤਾ ਦੇ ਪਿਆਰ ਦਾ ਘਾਟਾ ਪੂਰਾ ਨਹੀਂ ਹੋ ਸਕਦਾ, ਪਿਓ ਦੇ ਪਿਆਰ ਦੀ ਪਿਆਸ ਇਹਨਾਂ ਦਾ ਪਿਆਰ ਨਹੀਂ ਬੁਝਾ ਸਕਦਾ। ਦੂਜੀ ਤੁਕ ਵਿਚ ਮਾਂ ਦੇ ਪਿਆਰ ਬਾਰੇ ਕਿਆ ਸੁਹਾਵਣਾ ਤੇ ਮਨ-ਮੋਹਣਾ ਚਿੱਤਰ ਚਿਤਰਿਆ ਹੈ ਕਿ ਮਾਂ ਦੇ ਸਕੇ ਭਾਈ ਨੂੰ ਅਸੀਂ ਮਾਮਾ ਜੀ ਤੇ ਮਾਂ ਦੀ ਸਕੀ ਭੈਣ ਨੂੰ ਮਾਸੀ ਜੀ ਆਖਦੇ ਹਾਂ ਤੇ ਮਾਸੀ ਦੇ ਪੁੱਤ ਵੀ ਭਰਾ ਹੀ ਕਹੇ ਜਾਂਦੇ ਹਨ, ਇਹ ਸਭ ਮਿਲ ਕੇ ਅਨੇਕ ਹੀਲੇ ਕਰਨ, ਅਨੇਕਾਂ ਉਪਾਅ ਕਰਨ, ਜਿੰਨੀਆਂ ਵੀ ਜੀਅ ਚਾਹੇ ਕੋਸ਼ਿਸ਼ਾਂ ਕਰਨ, ਇਹਨਾਂ ਦੀਆਂ ਕੀਤੀਆਂ ਕੋਸ਼ਿਸ਼ਾਂ ਮਾਂ ਦੇ ਪਿਆਰ ਦੀ ਭੁੱਖ ਨਹੀਂ ਮਿਟਾ ਸਕਦੀਆਂ, ਇਹਨਾਂ ਦਾ ਪਿਆਰ ਮਾਂ ਦੇ ਪਿਆਰ ਨਾਲ ਨਹੀਂ ਤੁਲ ਸਕਦਾ। ਮਾਂ ਦੇ ਪਿਆਰ ਦੀਆਂ ਸੱਧਰਾਂ ਮਾਂ ਤੋਂ ਬਿਨਾਂ ਕੌਣ ਪੂਰੀਆਂ ਕਰੇ। ਮਾਂ ਦੇ ਪਿਆਰ ਲਈ ਹੇਠ ਕੁਛ ਪ੍ਰਮਾਣ ਦਿੱਤੇ ਹਨ ਜੋ ਵਿਚਾਰ-ਗੋਚਰੇ ਹਨ।

ਕੋਈ ਅਮੀਰ ਆਦਮੀ ਕੀਮਤੀ ਤੇ ਮਸ਼ਹੂਰ ਅੰਬ ਲਿਆ ਕੇ ਬਰਫ਼ ਵਿਚ ਠੰਢੇ ਕਰ ਕੇ ਖਾਏ ਤੇ ਚੱਟ ਚੱਟ ਕੇ ਛਿਲਕਾ ਵੀ ਚਿੱਟਾ ਕਰ ਸੁੱਟੇ ਤੇ ਨੌਕਰ ਉਹਨਾਂ ਛਿਲਕਿਆਂ ਨੂੰ ਬਾਹਰ ਗੰਦੀ ਗਲੀ ਵਿਚ ਸੁੱਟ ਮਾਰੇ। ਹੁਣ ਜੇ ਕੋਈ ਗ਼ਰੀਬ ਆਦਮੀ ਉਨ੍ਹਾਂ ਛਿਲਕਿਆਂ ਨੂੰ ਚੱਟ ਕੇ, ਤੇ ਮੁੱਛਾਂ ਨੂੰ ਤਾਅ ਦੇ ਕੇ ਡਕਾਰ ਮਾਰੇ ਕਿ ਮੈਂ ਮਾਲਦੇਓ, ਬਨਾਰਸੀ ਜਾਂ ਲੰਗੜਾ ਅੰਬ ਖਾਧਾ ਹੈ ਤਾਂ ਇਹ ਐਵੇਂ ਝੂਠਾ ਹੀ ਗੁਮਾਨ ਹੈ। ਜਿਵੇਂ ਅੰਬਾਂ ਦੀ ਸੱਧਰ, ਅੰਬ ਦੇ ਛਿੱਲੜਾਂ ਵਿੱਚੋਂ ਪੂਰੀ ਨਹੀਂ ਹੋ ਸਕਦੀ, ਏਸੇ ਤਰ੍ਹਾਂ ਮਾਮੇ, ਮਾਮੀਆਂ ਤੇ ਮਾਸੀਆਂ ਦੇ ਪਿਆਰ ਨਾਲ ਮਾਂ ਦੇ ਪਿਆਰ ਦੀ ਸੱਧਰ ਨਹੀਂ ਪੂਰੀ ਹੋ ਸਕਦੀ।

ਦੂਜਾ ਪ੍ਰਮਾਣ ਤਾਂ ਹੱਦ ਨੂੰ ਹੱਥ ਲਾਉਣ ਵਾਲੀ ਹਾਲਤ ਹੈ, ਕਿੰਨੀ ਖ਼ੂਬੀ ਨਾਲ ਆਖਿਆ ਹੈ ਕਿ ਮੂਲੀ ਤੇ [1]ਪਾਨ ਦੋਵੇਂ ਖਾਣ ਵਾਲੀਆਂ ਚੀਜ਼ਾਂ ਹਨ, ਪਰ ਦੋਹਵਾਂ ਦੇ

੧. ਪਾਨ ਗੁਰਸਿੱਖ ਨੂੰ ਖਾਣਾ ਮਨ੍ਹਾ ਹੈ, ਭਾਈ ਜੀ ਨੇ ਕੇਵਲ ਪ੍ਰਮਾਣ ਵਰਤਿਆ ਹੈ।

ਖਾਣ ਵਿਚ ਜ਼ਿਮੀਂ ਅਸਮਾਨ ਦਾ ਫ਼ਰਕ ਹੈ।

ਮੂਲੀ ਖਾਣ ਵਾਲਾ ਵੀ ਤੇ ਪਾਨ ਖਾਣ ਵਾਲਾ ਵੀ ਜੇ ਕਿਸੇ ਸੰਗਤ ਵਿਚ ਬੈਠ ਕੇ ਮੂੰਹ ਖੋਹਲਣ ਤਾਂ ਪਾਨ ਵਾਲੇ ਮੂੰਹ ਵਿੱਚੋਂ ਇਲਾਚੀ, ਪਿੱਪਰਮਿੰਟ, ਸੁਪਾਰੀ ਤੇ ਕੱਥੇ ਆਦਿਕ ਦੀ ਸੁਗੰਧ ਆਵੇਗੀ। ਜੇ ਕਿਤੇ ਮੂਲੀ ਖਾਣ ਵਾਲਾ ਮੂੰਹ ਖੋਲ੍ਹ ਬੈਠੇ ਤਾਂ ਬਦਬੂ ਆਵੇਗੀ, ਲਾਗਲੇ ਸੱਜਣ ਰੁਮਾਲਾਂ ਨਾਲ ਨੱਕ ਢੱਕਣ ਲੱਗ ਪੈਣਗੇ। ਜਿਸ ਤਰ੍ਹਾਂ ਮੂਲੀ ਦਾ ਡਕਾਰ ਬਦਬੂਦਾਰ ਤੇ ਪਾਨ ਦੀ ਉਬਾਸੀ ਵਿੱਚੋਂ ਖ਼ੁਸ਼ਬੂ ਨਿਕਲਦੀ ਹੈ, ਏਸੇ ਤਰ੍ਹਾਂ ਮਾਮੇ ਮਾਮੀਆਂ ਤੇ ਮਾਸੀਆਂ ਦਾ ਪਿਆਰ ਬਦਬੂਦਾਰ ਤੇ ਮਾਂ ਦਾ ਪਿਆਰ ਖ਼ੁਸ਼ਬੂਦਾਰ ਹੈ।

ਤੀਜੇ ਪ੍ਰਮਾਣ ਵਿਚ ਇਕ ਹੋਰ ਤਸਵੀਰ ਤਸਵੀਰੀ ਹੈ ਕਿ ਸੂਰਜ ਆਪਣੇ ਜੋਬਨ ਵਿਚ ਠਾਠਾਂ ਮਾਰਦਾ ਸਿਖ਼ਰ ਦੁਪਹਿਰਾਂ 'ਤੇ ਹੋਵੇ, ਜੇ ਉਸ ਵੇਲੇ ਕੋਈ ਲੱਖਾਂ ਦੀਵੇ ਵੀ ਬਾਲ ਧਰੇ ਤਾਂ ਬੇਕਾਰ ਹਨ, ਕਿਉਂਕਿ ਦੀਵੇ ਸੂਰਜ ਦਾ ਮੁਕਾਬਲਾ ਕਰ ਹੀ ਨਹੀਂ ਸਕਦੇ। ਏਸੇ ਤਰ੍ਹਾਂ ਚੌਧਵੀਂ ਦਾ ਚੰਨ ਆਸਮਾਨ ਮੰਡਲ ਵਿਚ ਪੂਰੇ ਜ਼ੋਰ ਨਾਲ ਚਮਕ ਰਿਹਾ ਹੋਵੇ, ਤਾਂ ਕੋਈ ਚਾਹੇ ਕਿੰਨੇ ਹੀ ਤਾਰੇ ਚਮਕਾ ਦੇਖੇ ਉਹ ਚੰਨ ਦੀ ਰੌਸ਼ਨੀ ਨਾਲ ਨਹੀਂ ਪੁੱਗ ਸਕਦੇ। ਜਿਵੇਂ ਤਾਰੇ, ਚੰਦ ਤੇ ਦੀਵੇ ਸੂਰਜ ਦਾ ਮੁਕਾਬਲਾ ਨਹੀਂ ਕਰ ਸਕਦੇ, ਏਸੇ ਤਰ੍ਹਾਂ ਮਾਮੇ ਮਾਮੀਆਂ ਤੇ ਮਾਸੀਆਂ ਅਤੇ ਮਾਸੀਆਂ-ਜਾਇਆਂ ਦਾ ਪਿਆਰ ਮਾਂ ਦੇ ਪਿਆਰ ਦਾ ਮੁਕਾਬਲਾ ਨਹੀਂ ਕਰ ਸਕਦਾ।

**ਸਤਿਗੁਰੁ ਤੀਰਥੁ ਜਾਣੀਐ, ਅਠਸਠਿ ਤੀਰਥ ਸਰਣੀ ਆਏ।**
**ਸਤਿਗੁਰੁ ਦੇਉ ਅਭੇਉ ਹੈ, ਹੋਰੁ ਦੇਵ ਗੁਰੂ ਸੇਵ ਤਰਾਏ।**
**ਸਤਿਗੁਰੁ ਪਾਰਸਿ ਪਰਸਿਐ, ਲਖ ਪਾਰਸ ਪਾਖਾਕੁ ਸੁਹਾਏ।**
**ਸਤਿਗੁਰੁ ਪੂਰਾ ਪਾਰਿਜਾਤੁ, ਪਾਰਜਾਤ ਲਖ ਸਫਲਿ ਧਿਆਏ।**
**ਸੁਖ ਸਾਗਰੁ ਸਤਿਗੁਰ ਪੁਰਖੁ, ਰਤਨ ਪਦਾਰਥ ਸਿਖ ਸੁਣਾਏ।**
**ਚਿੰਤਾਮਣਿ ਸਤਿਗੁਰ ਚਰਣ, ਚਿੰਤਾਮਣੀ ਅਚਿੰਤ ਕਰਾਏ।**
**ਵਿਣੁ ਸਤਿਗੁਰ ਸਭਿ ਦੂਜੈ ਭਾਏ।੨।** *(ਵਾਰ ੧੫, ਪਉੜੀ ੨)*

ਸੱਚਾ ਸਤਿਗੁਰੂ ਇਕ ਐਸਾ ਤੀਰਥ ਹੈ ਕਿ ਅਠਾਹਠ ਤੀਰਥਾਂ ਨੂੰ ਸਤਿਗੁਰੂ ਦੀ ਸ਼ਰਨ ਆਉਣਾ ਪੈਂਦਾ ਹੈ, ਸਤਿਗੁਰੂ ਇਕ ਐਸਾ ਅਭੇਦ-ਵਰਤੀ ਦੇਵਤਾ ਹੈ ਕਿ ਤੇਤੀ ਕਰੋੜ ਦੇਵਤੇ ਉਸ ਦੀ ਸੇਵਾ ਕਰ ਕੇ ਪਾਰ-ਉਤਾਰਾ ਪਾਉਂਦੇ ਹਨ, ਸਤਿਗੁਰੂ ਇਕ ਪਾਰਸ ਹੈ ਜਿਸ ਨੂੰ ਪਰਸ ਕੇ ਲੱਖਾਂ ਪਾਰਸ ਸੋਂਹਦੇ ਨੇ, ਸਤਿਗੁਰੂ ਹੀ ਕਲਪ ਬਿਰਛ ਹੈ, ਜਿਸ ਦੀ ਸੇਵਾ ਕਰ ਕੇ ਲੱਖਾਂ ਕਲਪ ਸਫ਼ਲ ਹੁੰਦੇ ਹਨ, ਸੱਚਾ ਸਤਿਗੁਰ ਸੁੱਖਾਂ ਦਾ ਸਮੁੰਦਰ ਹੈ, ਜਿਸ ਤਰ੍ਹਾਂ ਸਮੁੰਦਰ ਵਿਚ ਹੀਰੇ ਰਤਨ ਹਨ, ਪਰ ਝੂਠੇ ਤੇ ਨਾਸ਼ਵਾਨ ਹਨ, ਪਰੰਤੂ ਸੱਚਾ ਸਤਿਗੁਰ ਜੋ ਅੰਮ੍ਰਿਤਮਈ ਬਚਨਾਂ ਦੁਆਰਾ ਕਲਿਆਣ ਰੂਪ ਉਪਦੇਸ਼ ਪਰਦਾਨ ਕਰਦਾ ਹੈ, ਇਹ ਸੱਚੇ ਹੀਰੇ ਮੋਤੀ ਹਨ।

ਸੰਸਾਰੀ ਖੋਜੀ ਇਕ ਪੱਥਰ ਨੂੰ ਚਿੰਤਾਮਣੀ ਆਖਦੇ ਨੇ ਤੇ ਉਹਨਾਂ ਦੇ ਖ਼ਿਆਲ ਅਨੁਸਾਰ ਚਿੰਤਾਮਣੀ ਮਨ ਦੀਆਂ ਚਿਤਵਣੀਆਂ ਪੂਰੀਆਂ ਕਰਦਾ ਹੈ। ਥੋੜ੍ਹੇ ਸਮੇਂ ਲਈ ਜੇ ਮੰਨ ਲਿਆ ਜਾਏ, ਪਈ ਚਿੰਤਾਮਣੀ ਮਨ ਦੀਆਂ ਚਿਤਵਣੀਆਂ ਪੂਰੀਆਂ ਕਰਦਾ ਹੈ ਤਾਂ ਇਹ ਮੰਨਣਾ

ਪਏਗਾ ਕਿ ਉਹ ਮਨ ਦੀਆਂ ਚਿਤਵਣੀਆਂ ਨੂੰ ਮੁਕਾ ਨਹੀਂ ਸਕਦਾ, ਸਗੋਂ ਵਧਾ ਦੇਂਦਾ ਹੈ, ਲੇਕਿਨ ਸਤਿਗੁਰੂ ਦੇ ਚਰਨ ਇਕ ਐਸੇ ਚਿੰਤਾਮਣੀ ਹਨ ਕਿ ਚਿੰਤਾਮਣੀ ਨੂੰ ਵੀ ਅਚਿੰਤ ਕਰ ਕੇ ਮਨੁੱਖਾਂ ਦੇ ਮਨ ਦੀਆਂ ਚਿਤਵਣੀਆਂ ਨੂੰ ਜੜ੍ਹ ਮੂਲ ਤੋਂ ਮੁਕਾ ਈ ਦਿੰਦੇ ਨੇ, ਐਸੇ ਸਤਿਗੁਰੂ ਨੂੰ ਤਿਆਗਣ ਵਾਲੇ ਸਭ ਦੂਜੇ ਭਾਉ ਵਿਚ ਫਸੇ ਪਏ ਨੇ।

ਤੇ ਭੰਬਲ ਭੂਸਿਆਂ ਵਿੱਚੋਂ ਕੱਢਣ ਵਾਲਾ ਸੱਚੇ ਸਤਿਗੁਰੂ ਤੋਂ ਬਿਨਾਂ ਦੂਜਾ ਕੋਈ ਨਹੀਂ, ਸਤਿਗੁਰੂ ਬੇੜੀ ਤੇ ਸਤਿਗੁਰੂ ਈ ਤੁਲਹਾ ਹਨ। ਜਿਥੇ ਤੂਫ਼ਾਨੀ ਛੱਲਾਂ ਦੀ ਬੁਛਾੜ, ਤੇ ਸਮੁੰਦਰ ਦੀਆਂ ਘੁੰਮਣ ਘੇਰੀਆਂ ਦੇ ਚੱਕਰ ਘੁੰਮਦੇ ਨੇ, ਉਥੇ ਸਤਿਗੁਰੂ ਤੋਂ ਬਿਨਾਂ ਕਿਨਾਰਾ ਦਰਸਾਉਣ ਵਾਲਾ ਕੋਈ ਨਹੀਂ, ਉਥੇ ਸਤਿਗੁਰੂ ਮਲਾਹ ਦੀ ਅੱਤ ਲੋੜ ਹੈ। ਭਾਈ ਗੁਰਦਾਸ ਜੀ ਇਸ ਅਗਲੇ ਸ਼ਬਦ ਵਿਚ ਗੁਰੂ ਬਾਰੇ ਇਉਂ ਲਿਖਦੇ ਹਨ:

**ਸਤਿਗੁਰੁ ਵੈਦੁ ਨ ਸੇਵਿਓ, ਰੋਗੀ ਵੈਦੁ ਨ ਰੋਗੁ ਮਿਟਾਵੈ।**
**ਕਾਮ ਕ੍ਰੋਧੁ ਵਿਚਿ ਲੋਭੁ ਮੋਹੁ, ਦੁਬਿਧਾ ਕਰਿ ਕਰਿ ਧ੍ਰੋਹੁ ਵਧਾਵੈ।**
**ਆਧਿ ਬਿਆਧਿ ਉਪਾਧਿ ਵਿਚਿ, ਮਰਿ ਮਰਿ ਜੰਮੇ ਦੁਖਿ ਵਿਹਾਵੈ।**
**ਆਵੈ ਜਾਇ ਭਵਾਈਐ, ਭਵਜਲ ਅੰਦਰਿ ਪਾਰੁ ਨ ਪਾਵੈ।**
**ਆਸਾ ਮਨਸਾ ਮੋਹਣੀ, ਤਾਮਸੁ ਤਿਸਨਾਂ ਸਾਂਤਿ ਨ ਆਵੈ।**
**ਬਲਦੀ ਅੰਦਰਿ ਤੇਲੁ ਪਾਇ, ਕਿਉਂ ਮਨੁ ਮੂਰਖੁ ਅਗਿ ਬੁਝਾਵੈ।**
**ਗੁਰੁ ਪੂਰੇ ਵਿਣੁ ਕਉਣੁ ਛੁਡਾਵੈ।੯।** *(ਵਾਰ ੧੫, ਪਉੜੀ ੯)*

ਉੱਚੀ ਤੇ ਬਰੀਕ ਨਜ਼ਰ ਨਾਲ ਦੇਖਿਆ ਜਾਏ ਤਾਂ ਪਤਾ ਲੱਗਦਾ ਹੈ ਕਿ ਸਾਰਾ ਸੰਸਾਰ ਰੋਗੀ ਹੈ, ਕਿਸੇ ਨੂੰ ਤਨ ਦਾ ਤੇ ਕਿਸੇ ਨੂੰ ਮਨ ਦਾ ਰੋਗ ਹੈ। ਜੇ ਕਿਸੇ ਨੂੰ ਗ਼ਰੀਬੀ ਦਾ ਰੋਗ ਹੈ, ਤਾਂ ਦੂਜੇ ਨੂੰ ਅਮੀਰੀ ਦਾ, ਕੋਈ ਭੁੱਖ ਦਾ ਰੋਗੀ ਹੈ ਤੇ ਕੋਈ ਰੱਜ ਖਾਣ ਦਾ, ਜੇ ਇਕ ਕੱਖਾਂ ਦੀ ਟੁੱਟੀ ਹੋਈ ਕੁੱਲੀ ਦਾ ਰੋਗੀ ਹੈ, ਤਾਂ ਦੂਜੇ ਨੂੰ ਇਹ ਰੋਗ ਹੈ ਕਿ ਉਹਦੇ ਕੋਲ ਏਨੇ ਮਕਾਨ ਨੇ ਕਿ ਉਨ੍ਹਾਂ ਦੀ ਮੁਰੰਮਤ ਨਹੀਂ ਕੀਤੀ ਜਾਂਦੀ, ਜੇ ਕਿਸੇ ਨੂੰ ਮਿਹਦੇ ਦਾ ਰੋਗ ਹੈ ਕਿ ਖਾਣਾ ਹਜ਼ਮ ਨਹੀਂ ਹੁੰਦਾ, ਤਾਂ ਦੂਜੇ ਨੂੰ ਇਹ ਰੋਗ ਹੈ ਕਿ ਖਾਣ ਨੂੰ ਲੱਭਦਾ ਹੀ ਨਹੀਂ, ਕਿਸੇ ਨੂੰ ਰੋਗ ਹੈ ਕਿ ਨੀਂਦ ਬਹੁਤੀ ਆਉਂਦੀ ਹੈ, ਤਾਂ ਦੂਜਾ ਰੋਂਦਾ ਹੈ ਕਿ ਨੀਂਦ ਪਤਾ ਨਹੀਂ ਉੱਡ ਕਿੱਥੇ ਗਈ ਹੈ, ਇਉਂ ਆਖੋ ਪਈ:

**ਜੋ ਜੋ ਦੀਸੈ ਸੋ ਸੋ ਰੋਗੀ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥**
*(ਭੈਰਉ ਮਹਲਾ ੫, ਪੰਨਾ ੧੧੪੦)*

ਰੋਗਾਂ ਤੋਂ ਦੂਰ ਹੈ ਤਾਂ ਕੇਵਲ ਸਤਿਗੁਰੂ ਹੈ, ਪਰ ਭੁੱਲਾ ਭਟਕਿਆ ਮਨੁੱਖ ਸਤਿਗੁਰੂ ਵੈਦ ਨੂੰ ਛੱਡ ਕੇ ਉਹਨਾਂ ਵੈਦਾਂ ਕੋਲ ਟੱਕਰਾਂ ਮਾਰਦਾ ਹੈ ਜਿਹੜੇ ਆਪ ਰੋਗੀ ਨੇ। ਜਿਹੜਾ ਆਪ ਦਿਨੇ ਰਾਤ ਹਾਏ ਹਾਏ ਕੂਕਦਾ ਹੈ, ਉਹ ਕਿਸੇ ਦੀਆਂ ਕੂਕਾਂ ਕਿਵੇਂ ਹਟਾ ਦਏ?

ਸੰਸਾਰ ਦਾ ਰੋਗੀ ਵੈਦ—ਕਾਮ, ਕ੍ਰੋਧ, ਲੋਭ, ਮੋਹ ਅਤੇ ਦੁਬਿਧਾ ਵਿਚ ਘਿਰਿਆ ਹੋਇਆ ਦਿਨ ਰਾਤ ਬਿਲਕਦਾ ਹੈ, ਹੂਕਾਂ ਉਠਦੀਆਂ ਨੇ, ਚੈਨ ਨਹੀਂ ਲੈਣ ਦੇਂਦੀਆਂ, ਕਾਮ ਕ੍ਰੋਧ ਦੀਆਂ ਲਾਟਾਂ ਨੇ ਸਾੜ ਸੁੱਟਿਆ ਹੈ, ਉਹ ਕਿਸੇ ਨੂੰ ਸੁਖ ਕਿਵੇਂ ਦੇਵੇ? ਉਹ ਆਧੀਆਂ ਬਿਆਧੀਆਂ ਉਪਾਧੀਆਂ ਦਾ ਕੁੱਠਾ ਹੋਇਆ, ਜੰਮਦਾ ਮਰਦਾ, ਲੰਮੇ ਦੇਸ਼ ਦੇ ਗੁੰਝਲਦਾਰ

ਰਸਤਿਆਂ ਦੇ ਮੋੜ ਕੱਟਦਾ ਦੁੱਖ ਜਰਦਾ ਹੈ, ਆਉਂਦਾ ਜਾਂਦਾ, ਭੌਂਦਾ ਫਿਰਦਾ ਹੈ, ਭਵਜਲ ਦੇ ਵਹਿਣਾਂ ਵਿਚ ਫਸਿਆ ਹੁਣ ਪਾਰਾਵਾਰ ਹੀ ਨਹੀਂ ਪਾ ਸਕਦਾ। ਆਸਾ ਮਨਸਾ ਦੀਆਂ ਮੋਹਣੀਆਂ ਮੂਰਤਾਂ ਦਾ ਪੁਜਾਰੀ, ਤ੍ਰਿਸ਼ਨਾ ਦੀ ਤਾਮਸੀ ਵਿਚ ਸ਼ਾਂਤੀ ਨਹੀਂ ਪਾਉਂਦਾ ਸਗੋਂ ਤ੍ਰਿਸ਼ਨਾ ਦੀ ਅੱਗ ਬੁਝਾਉਣ ਲਈ ਹੋਰ ਅੱਗੇ ਵਧ ਕੇ ਝੂਠੀਆਂ ਆਸਾਂ ਪੂਰੀਆਂ ਕਰਦਾ ਹੋਇਆ ਬਲਦੀ ਉਤੇ ਤੇਲ ਪਾ ਕੇ ਬੁਝਾਉਣਾ ਚਾਹੁੰਦਾ ਹੈ, ਇਹ ਜਗਤ ਦੇ ਰੋਗੀ ਵੈਦਾਂ ਦੀ ਦਸ਼ਾ ਹੈ। ਇਸ ਬਲਦੀ ਆਵੀ ਵਿਚ ਜੇ ਕੋਈ ਰੋਗਾਂ ਤੋਂ ਬਚਿਆ ਹੋਇਆ ਹੈ ਤਾਂ ਉਹ ਕੇਵਲ ਸ੍ਰੀ ਗੁਰੂ ਸੱਚਾ ਪਾਤਸ਼ਾਹ ਗੁਰੂ ਨਾਨਕ ਦੇਵ ਹੀ ਹੈ, ਜੋ ਉਤਲੇ ਸਭ ਰੋਗਾਂ ਤੋਂ ਕੇਵਲ ਬਚਿਆ ਹੋਇਆ ਹੀ ਨਹੀਂ, ਸਗੋਂ ਲੜ ਲੱਗਿਆਂ ਨੂੰ ਵੀ ਬਚਾ ਲੈਂਦਾ ਹੈ।

ਇਕ ਹੋਰ ਸ਼ਬਦ ਦੁਆਰਾ ਭਾਈ ਗੁਰਦਾਸ ਜੀ ਨੇ ਸੱਚੇ ਸਤਿਗੁਰੂ ਦੀ ਪਾਵਨ ਹਸਤੀ ਨੂੰ ਸਰੂਪ ਰੂਪ ਦੇ ਕੇ ਨਿਖਾਰਿਆ ਹੈ, ਕਰਤਾਰ ਹੀ ਜਾਣੇ ਕਿ ਭਾਈ ਜੀ ਦੇ ਮਨ ਵਿਚ ਸਤਿਗੁਰਾਂ ਲਈ ਕਿੰਨਾ ਕੁ ਗਿਆਨ ਸੀ। ਲਿਖਦੇ ਹਨ ਕਿ ਮਾਨੋ ਆਕਾਸ਼ ਦੀਆਂ ਗੁੱਝੀਆਂ ਰਮਜ਼ਾਂ ਸਾਡੀ ਬੋਲੀ ਵਿਚ ਸਮਝਾ ਦਿੰਦੇ ਨੇ। ਦੇਖੋ ਕਿੰਨੀ ਸੁੰਦਰਤਾਈ ਨਾਲ ਕਥਨ ਕਰਦੇ ਨੇ ਕਿ :

**ਚਿੰਤਾਮਣਿ ਗੁਰੁ ਛਡਿਕੈ, ਚਿੰਤਾਮਣਿ ਚਿੰਤਾ ਨ ਗਵਾਏ।**
**ਚਿਤਵਣੀਆ ਲਖ ਰਾਤਿ ਦਿਹੁ, ਤ੍ਰਾਸ ਨ ਤ੍ਰਿਸਨਾਂ ਅਗਨਿ ਬੁਝਾਏ।**
**ਸੁਇਨਾ ਰੁਪਾ ਅਗਲਾ, ਮਾਣਕ ਮੋਤੀ ਅੰਗਿ ਹੰਢਾਏ।**
**ਪਾਟ ਪਟੰਬਰ ਪੈਨ੍ਹ ਕੇ, ਚੋਆ ਚੰਦਨ ਮਹਿ ਮਹਕਾਏ।**
**ਹਾਥੀ ਘੋੜੇ ਪਾਖਰੇ, ਮਹਿਲ ਬਗੀਚੇ ਸੁਫਲ ਫਲਾਏ।**
**ਸੁੰਦਰ ਨਾਰੀ ਸੇਜ ਸੁਖ, ਮਾਇਆ ਮੋਹਿ ਧੋਹਿ ਲਪਟਾਏ।**
**ਬਲਦੀ ਅੰਦਰਿ ਤੇਲ ਜਿਉ, ਆਸਾ ਮਨਸਾ ਦੁਖਿ ਵਿਹਾਏ।**
**ਗੁਰ ਪੂਰੇ ਵਿਣੁ ਜਮਪੁਰਿ ਜਾਏ।੧੪।** *(ਵਾਰ ੧੫, ਪਉੜੀ ੧੪)*

ਸੰਸਾਰੀ ਖੋਜੀਆਂ ਨੇ ਮਨ ਦੀਆਂ ਚਿਤਵਣਾਂ ਪੂਰੀਆਂ ਕਰਨ ਹਿਤ ਜੋ ਪੱਥਰ ਖੋਜਿਆ ਹੈ, ਉਸ ਦਾ ਨਾਂ ਚਿੰਤਾਮਣ ਰੱਖਿਆ, ਜਿਸਦੇ ਅਰਥ ਨੇ ਕਿ ਮਨ ਦੀਆਂ ਚਿਤਵਣੀਆਂ ਪੂਰੀਆਂ ਕਰਨ ਵਾਲਾ।

ਜੇ ਡੂੰਘੀ ਨਜ਼ਰ ਨਾਲ ਦੇਖੀਏ ਤਾਂ ਦੁਨੀਆਂ ਭਰ ਦੀ ਕੋਈ ਚੀਜ਼ ਵੀ ਮਨੁੱਖ ਦੇ ਮਨ ਦੀਆਂ ਚਿਤਵਣੀਆਂ ਪੂਰੀਆਂ ਨਹੀਂ ਕਰ ਸਕਦੀ। ਫੇਰ ਚਿੰਤਾਮਣੀ ਪੱਥਰ ਕਿਵੇਂ ਪੂਰੀਆਂ ਕਰੇਗਾ, ਅੱਜ ਚਿਤਵਣੀ ਹੁੰਦੀ ਹੈ ਕਿ ਸੁੰਦਰ ਮਹੱਲ ਮਿਲ ਜਾਏ, ਕੱਲ੍ਹ ਚਿਤਵਣੀ ਹੋਵੇਗੀ ਕਿ ਮਹੱਲ ਵਿਚ ਵੱਸਣ ਵਾਲੀ ਮਿਲ ਜਾਏ, ਫੇਰ ਪੁੱਤਰ ਮਿਲ ਜਾਏ, ਪੋਤਰਾ ਮਿਲ ਜਾਏ, ਇਹ ਮਿਲ ਜਾਏ, ਉਹ ਮਿਲ ਜਾਏ, ਇਹ ਮੰਗਾਂ ਤਾਂ ਅਗਾਂਹ ਤੋਂ ਅਗਾਂਹ ਵਧਦੀਆਂ ਹੀ ਜਾਂਦੀਆਂ ਨੇ। ਸੋ ਚਿੰਤਾਮਣੀ ਕਿਸ ਕਿਸ ਨੂੰ ਪੂਰਿਆਂ ਕਰੇਗਾ ? ਭਲਾ ਜੇ ਪੂਰੀਆਂ ਕਰ ਵੀ ਦੇਵੇ ਤਾਂ, ਅਫ਼ਸੋਸ ਕਿ ਉਹ ਚਿਤਵਣੀਆਂ ਮੁਕਾ ਨਾ ਸਕਿਆ ਸਗੋਂ ਵਧਦੀਆਂ ਹੀ ਗਈਆਂ, ਜਿਸ ਕ੍ਰਕੇ ਚਿੰਤਾ ਜਿਉਂ ਕੀ ਤਿਉਂ ਬਣੀ ਰਹੀ।

ਜਿਹੜੀ ਚਿਤਵਣੀਆਂ ਨੇ ਤ੍ਰਿਸ਼ਨਾ ਦੀ ਅੱਗ ਬਾਲੀ ਸੀ ਉਸਦੀਆਂ ਲਾਟਾਂ ਚਮਕਦੀਆਂ ਗਈਆਂ, ਜਿਸ ਲਈ ਜਮਾਂ ਦਾ ਡਰ ਸਿਰ ਨੱਚਦਾ ਰਿਹਾ।

SIKHBOOKCLUB.COM

ਸੋਨਾ, ਚਾਂਦੀ, ਹੀਰੇ, ਮੋਤੀ, ਅੰਗ ਹੰਢਾਉਣ ਲਈ ਚਿੰਤਾਮਣੀ ਦੇ ਸਕਦਾ ਹੋਵੇਗਾ। ਰੇਸ਼ਮ ਦੇ ਬਿਸਤਰ ਤੇ ਮਹਿਕਾਉਣ ਵਾਸਤੇ ਚੋਆ ਚੰਦਨ ਚਿੰਤਾਮਣੀ ਕੋਲੋਂ ਮਿਲ ਸਕਦਾ ਹੋਵੇਗਾ। ਹਾਥੀ ਘੋੜੇ ਪਾਖਰਾਂ ਤੇ ਮਹਿਲ ਬਗ਼ੀਚੇ ਫਲਾਂ ਫੁਲਾਂ ਸਮੇਤ ਚਿੰਤਾਮਣੀ ਦੇਂਦਾ ਹੋਵੇਗਾ। ਪਰ ਇਹ ਸਭ ਕੁਛ ਇਉਂ ਹੈ, ਜਿਉਂ ਬਲਦੀ ਉਤੇ ਤੇਲ ਪਾ ਕੇ ਕੋਈ ਮੂਰਖ ਅੱਗ ਬੁਝਾਣੀ ਚਾਹਵੇ, ਇਹਨਾਂ ਚਿਕਨੀਆਂ ਚੋਪੜੀਆਂ ਚਮਕਾਂ ਵਿਚ ਚਿਮਟਿਆ ਮਨੁੱਖ ਪੂਰੇ ਗੁਰੂ ਬਿਨਾਂ ਜਮਪੁਰੀ ਜਾ ਪਟਕਦਾ ਹੈ, ਇੱਕੋ ਸੱਚਾ ਸਤਿਗੁਰੂ ਹੈ, ਜੋ ਮਨ ਦੀਆਂ ਚਿਤਵਣੀਆਂ ਮੁਕਾ ਕੇ ਮਨ ਜੋਤਿ ਸਰੂਪ ਬਣਾ ਕੇ, ਜੋਤਿ ਨਾਲ ਜੋੜ ਕੇ ਜਗਤ ਜਲੰਦੇ ਵਿੱਚੋਂ ਜਗਿਆਸੂ ਨੂੰ ਵਾਲ ਵਾਲ ਬਚਾ ਲੈਂਦਾ ਹੈ। ਇਸ ਸੱਚੇ ਗੁਰੂ ਲਈ ਇਕ ਪ੍ਰਮਾਣ ਹੋਰ ਦੇ ਕੇ ਦੂਜੀ ਚੀਜ਼ ਸ਼ੁਰੂ ਕਰਦੇ ਹਾਂ, ਪਾਠਕ ਜਨ ਵਿਚਾਰਨ।

ਕਿਸੇ ਨਿੱਕੇ ਤੋਂ ਨਿੱਕੇ ਕਸਬ ਨੂੰ ਸਿੱਖਣ ਲਈ ਕਿਸੇ ਉਸਤਾਦ ਦੀ ਲੋੜ ਹੈ। ਕਿਸੇ ਨੇ ਜੇ ਮੋਟਰ ਦੀ ਮੁਰੰਮਤ ਕਰਨੀ ਸਿੱਖਣੀ ਹੈ, ਕਪੜੇ ਸੀਊਣੇ ਸਿੱਖਣੇ ਨੇ, ਬਾਈਸਿਕਲ ਬਣਾਉਣੇ ਸਿੱਖਣੇ ਨੇ ਜਾਂ ਦੁਨੀਆਂ ਦਾ ਹੋਰ ਕੋਈ ਵੀ ਕੰਮ ਸਿੱਖਣਾ ਹੋਵੇ, ਉਸ ਲਈ ਕਿਸੇ ਚੰਗੇ ਲਾਇਕ ਉਸਤਾਦ ਦੀ ਲੋੜ ਹੈ। ਜੇ ਸੰਸਾਰ ਵਿਚ ਛੋਟੇ ਤੋਂ ਛੋਟੇ ਕੰਮ ਲਈ ਕਿਸੇ ਲਾਇਕ ਤੇ ਜਾਣੂ ਉਸਤਾਦ ਦੀ ਅਤਿਅੰਤ ਲੋੜ ਹੈ ਤਾਂ ਮਨ ਵਰਗੀ ਚੰਚਲ ਤੇ ਮਹਾਂ ਚੰਚਲ ਵਸਤੂ ਸੱਚੇ ਸਤਿਗੁਰੂ ਤੋਂ ਬਿਨਾਂ ਕਿਸ ਤਰ੍ਹਾਂ ਵੱਸ ਆ ਸਕਦੀ ਹੈ?

ਧਰਤੀ ਉਤੇ ਵਗਦੇ ਇਕ ਛੋਟੇ ਜਿਹੇ ਦਰਿਆ ਨੂੰ ਪਾਰ ਕਰਨਾ ਹੋਵੇ ਤਾਂ ਮਲਾਹ ਦੀ ਲੋੜ ਹੈ, ਜੋ ਜ਼ੋਰ ਤੇ ਸਿਆਣਪ ਨਾਲ ਚੱਪੂ ਲਾ ਕੇ ਲੱਕੜੀ ਦੀ ਕਿਸ਼ਤੀ ਨੂੰ ਪਾਰ ਕਰ ਦਏ। ਏਸੇ ਤਰ੍ਹਾਂ ਜਨਮ ਮਰਨ ਦੇ ਗੇੜੇ ਵਿੱਚੋਂ ਖਲਾਸੀ ਪਾਉਣ ਲਈ ਸਤਿਗੁਰੂ ਰੂਪ ਮਲਾਹ ਦੀ ਲੋੜ ਹੈ, ਜੋ ਆਪਣੀ ਆਤਮਕ ਸ਼ਕਤੀ ਦੇ ਬਲ ਨਾਲ ਨਾਮ ਦਾ ਚੱਪੂ ਲਾ ਕੇ ਸਾਡੀ ਕਮਜ਼ੋਰ ਤੇ ਜਰਜੇਰੀ ਕਿਸ਼ਤੀ ਨੂੰ ਪਾਰ ਉਤਾਰ ਦਏ, ਤਾਂ ਕਿ ਅਸੀਂ ਸੁਰਖਰੂ ਹੋ ਸਕੀਏ। ਇਸ ਪਰਥਾਇ ਭਾਈ ਗੁਰਦਾਸ ਜੀ ਨੇ ਇਕ ਸ਼ਬਦ ਵਿਚ ਕਈ ਪ੍ਰਮਾਣਾਂ ਨਾਲ ਸਾਡੇ ਮਨਾਂ ਨੂੰ ਸੱਚੇ ਪਾਤਸ਼ਾਹ ਦੇ ਸ਼ੁਭ ਚਰਨਾਂ ਨਾਲ ਜੋੜਨ ਦਾ ਸਫ਼ਲ ਜਤਨ ਕੀਤਾ ਹੈ। ਜਿਸ ਦੀਆਂ ਦਲੀਲਾਂ ਤੇ ਪ੍ਰਮਾਣ ਅਤੀ ਸੁੰਦਰ ਹੋਣ ਕਰਕੇ ਦਿਲਚਸਪੀ ਦਾ ਕਾਰਨ ਹਨ:

**ਬੇੜੀ ਚਾੜਿ ਲੰਘਾਇਦਾ ਬਾਹਲੇ ਪੂਰ ਮਾਣਸ ਮੋਹਾਣਾ।**
**ਆਗੂ ਇਕ ਨਿਬਾਹਿਦਾ ਲਸਕਰ ਸੰਗ ਸਾਹ ਸੁਲਤਾਣਾ।**
**ਫਿਰੈ ਮਹਲੈ ਪਾਹਰੂ ਹੋਇ ਨਿਚਿੰਦ ਸਵਨਿ ਪਰਧਾਨਾ।**
**ਲਾੜਾ ਇਕੁ ਵਿਵਾਹੀਐ ਬਾਹਲੇ ਜਾਂਞੀ ਕਰਿ ਮਿਹਮਾਣਾ।**
**ਪਾਤਿਸਾਹੁ ਇਕੁ ਮੁਲਕ ਵਿਚਿ ਹੋਰ ਪ੍ਰਜਾ ਹਿੰਦੂ ਮੁਸਲਮਾਣਾ।**
**ਸਤਿਗੁਰੁ ਸਚਾ ਪਾਤਿਸਾਹੁ ਸਾਧ ਸੰਗਤਿ ਗੁਰੁ ਸਬਦੁ ਨੀਸਾਣਾ।**
**ਸਤਿਗੁਰ ਪਰਣੈ ਤਿਨ ਕੁਰਬਾਣਾ।੨੧।** *(ਵਾਰ ੫, ਪਉੜੀ ੨੧)*

ਜਗਤ ਠਾਠਾਂ ਮਾਰਦਾ ਸਮੁੰਦਰ ਹੈ, ਇਸ ਨੂੰ ਅੱਗ ਦਾ ਸਾਂਗਰ ਵੀ ਲਿਖਿਆ ਹੈ, ਇਸ ਸਾਗਰ ਵਿਚ ਸਿੰਗੀ ਰਿਖੀ ਵਰਗੇ ਤਿਆਗੀ ਡੁਬਦੇ ਦੇਖੀਦੇ ਹਨ। ਦਸਮ ਗ੍ਰੰਥ ਵਿਚ ਕਥਾ ਲਿਖੀ ਹੈ ਕਿ ਲੋਮਪਾਦ ਰਾਜੇ ਨੂੰ ਜੋਤਸ਼ੀਆਂ ਦੱਸਿਆ ਕਿ ਮੀਂਹ ਤਦ ਪਏਗਾ ਜੇ

ਤੇਰੇ ਸ਼ਹਿਰ ਵਿਚ ਸਿੰਗੀ ਰਿਖੀ ਚਰਨ ਪਾਵੇ। ਪਤਾ ਕਰਨ ਤੋਂ ਖ਼ਬਰ ਮਿਲੀ ਕਿ ਸਿੰਗੀ ਰਿਖੀ ਸ਼ਹਿਰ ਤੋਂ ਉਪਰਾਮ ਹੋ ਜੰਗਲਾਂ ਵਿਚ ਹੀ ਖ਼ੁਸ਼ ਹੈ। ਜੇ ਕੋਈ ਉਸ ਨੂੰ ਲੈਣ ਜਾਏ ਤਾਂ ਸਰਾਪ ਦੇ ਕੇ ਭਸਮ ਕਰ ਦਿੰਦਾ ਹੈ। ਸੋ ਉਸ ਦੀ ਸਰਾਪ ਅਗਨੀ ਤੋਂ ਸਭ ਡਰਦੇ ਸੀ। ਰਾਜੇ ਨੇ ਆਪਣੇ ਅਮੀਰਾਂ ਵਜ਼ੀਰਾਂ ਨੂੰ ਆਖਿਆ ਕਿ ਜਾਓ ! ਕੋਈ ਬੁਧੀਮਾਨ ਵਜ਼ੀਰ ਕਿਸੇ ਤਰ੍ਹਾਂ ਸਿਆਣਪ ਕਰ ਕੇ ਸਿੰਗੀ ਰਿਖੀ ਨੂੰ ਲਿਆਓ। ਸਿੰਗੀ ਰਿਖੀ ਦੀ ਸਰਾਪ ਸ਼ਕਤੀ ਤੋਂ ਡਰਦਿਆਂ ਸਭ ਨੇ ਨਾਂਹ ਕਰ ਦਿੱਤੀ। ਹੁਣ ਰਾਜਾ ਚਿੰਤਾਤੁਰ ਹੈ ਕਿ ਕਿਵੇਂ ਗੱਲ ਬਣੇ। ਜਦੋਂ ਤਕ ਸਿੰਗੀ ਨਾ ਆਵੇ, ਮੀਂਹ ਨਹੀਂ ਪੈ ਸਕਦਾ ਤੇ ਮੀਂਹ ਤੋਂ ਬਿਨਾਂ ਕਾਲ ਨਹੀਂ ਦੂਰ ਹੋ ਸਕਦਾ। ਕੀ ਕੀਤਾ ਜਾਏ ?

ਆਖ਼ਰ ਬਜ਼ਾਰੀ ਔਰਤਾਂ ਨੂੰ ਪੁੱਛਿਆ ਕਿ ਤੁਹਾਡੇ ਵਿੱਚੋਂ ਕੋਈ ਐਸੀ ਹੈ ਜੋ ਸਿੰਗੀ ਰਿਖੀ ਨੂੰ ਜੰਗਲੋਂ ਮੇਰੇ ਸ਼ਹਿਰ ਲੈ ਆਵੇ। ਸੁਣਦੇ ਸਾਰ ਇਕ ਬਜ਼ਾਰੀ ਵੇਸ਼ਿਆ ਬੋਲ ਉਠੀ ਕਿ :

**ਕੇਤਕ ਬਾਤ ਸੁਣੋ ਮੋਹਿ ਨਾਥ !**
**ਤਾਰਨ ਤੋਰ ਅਕਾਸ਼ ਤੇ ਲੈ ਹੈਂ।**
**ਦਿਯੋਸ ਕੇ ਵਿਖੇ ਚੜ੍ਹੇ ਹੈਂ ਨਿਸਾਕਰ,**
**ਰੈਨ ਸਮੇਂ ਰਵਿ ਕੋ ਪ੍ਰਗਟੈ ਹੈਂ।**
**ਸੀਸ ਮੁੰਡਾਇ ਸੁ ਪਾਗ ਬੰਧਾਈ,**
**ਜਟਾਨ ਮੁੰਡਾਇ ਤਵਾਅਲਯ ਲੈ ਹੈਂ।**

ਇਉਂ ਕਹਿ ਕੇ ਉਸ ਵੇਸ਼ਿਆ ਨੇ ਜੰਗਲ ਜਾ ਕੇ ਸਿੰਗੀ ਦੀ ਕੁਟੀਆ ਕੋਲ ਬੈਠ ਕੇ ਆਪਣੇ ਸਾਜ਼-ਵਾਜ਼ ਠੀਕ ਠਾਕ ਕਰ ਕੇ ਆਪਣੇ ਟੱਪੇ ਗਾਉਣੇ ਸ਼ੁਰੂ ਕਰ ਦਿੱਤੇ। ਤਬਲੇ ਦੀ ਲੈਅ, ਸਾਰੰਗੀ ਦੀਆਂ ਤਾਰਾਂ ਦੀ ਮੀਂਡ, ਪੈਰਾਂ ਦੇ ਘੁੰਗਰੂਆਂ ਦੀ ਛਣਕਾਰ, ਸੁਰੀਲੇ ਗਲੇ ਦੀ ਖਿਚਵੀਂ ਸੁਰ ਤੇ ਹੱਥਾਂ ਦੇ ਹਾਵ-ਭਾਵ ਨੇ ਰਿਖੀ ਦੀ ਸੁਰਤ ਤੋੜ ਦਿੱਤੀ। ਕਿਸੇ ਹਿੰਦੀ ਦੇ ਕਵੀ ਦਾ ਕਥਨ ਹੈ :

**ਧੁਦਕੰ ਧੁਦਕੰ ਧੁਨ ਬਾਜਤ ਹੈ,**
**ਘਨਨੰ ਘੁੰਗਰੂ ਪਗ ਸਾਥ ਬਜੇ।**
**ਛਨਨੰ ਛਨਨੰ ਛਣਕਾਰ ਸੁ ਪਾਇਨ,**
**ਨਾਚਤ ਦੇਖਕੇ ਰੰਭ ਲਜੇ।**
**ਖਨਨੰ ਖਨਨੰ ਖੜਕੰਤ ਮਦੀਰ,**
**ਸੁ ਤਨਨੰ ਤਨਨੰ ਸਭ ਤਾਨ ਸਜੈ।**
**ਭੋਗਨ ਕੀ ਗਿਨਤੀ ਸੁ ਕਹਾਂ ਪਿਖ,**
**ਜੋਗਨ ਕੇ ਉਰ ਮਾਨ ਭਗੈ।**

ਰਿਖੀ ਕਾਮ-ਜਾਲ ਵਿਚ ਫਸ ਗਿਆ, ਤੇ ਵੇਸ਼ਿਆ ਨੂੰ ਕਹਿਣ ਲੱਗਾ ਕਿ ਜਿਸ ਦੇਸ਼ ਦੇ ਤੁਸੀਂ ਵਾਸੀ ਹੋ ਮੈਨੂੰ ਵੀ ਓਸੇ ਦੇਸ਼ ਲੈ ਚੱਲੋ। ਰਿਖੀ ਦਾ ਬਚਨ ਸੁਣ ਕੇ ਇਸ ਚੰਚਲ ਵੇਸ਼ਿਆ ਨੇ ਆਖਿਆ ਕਿ ਤੇਰੇ ਵਰਗਾ ਆਦਮੀ ਸਾਡੇ ਦੇਸ਼ ਨਹੀਂ ਜਾ ਸਕਦਾ, ਓਥੇ ਤਾਂ ਜਟਾਂ ਮੁਨਾ ਕੇ ਪੱਗ ਬੰਨ੍ਹ ਕੇ ਜਾ ਸਕੀਦਾ ਹੈ। ਸੁਣਦਿਆਂ ਸਾਰ ਰਿਖੀ ਜਟਾਂ ਮੁਨਾ ਕੇ ਉਸ ਛਿੰਨਾਰ ਇਸਤਰੀ ਨਾਲ ਰਾਜਾ ਲੋਮਪਾਦ ਦੀ ਨਗਰੀ ਆ ਗਿਆ। ਭਾਵੇਂ ਬਰਖਾ

ਤਾਂ ਬੜੀ ਹੋਈ ਪਰ ਰਿਖੀ ਜੀ ਰਿਖੀਪੁਣਾ ਗਵਾ ਬੈਠੇ। ਕਿੰਨਾ ਭਿਆਨਕ ਦਰਿਆ ਹੈ ਸੰਸਾਰ ਦਾ, ਜਿਸਦਾ ਤਰਨਾ ਮਹਾਂ ਕਠਨ ਹੈ, ਜਿਸ ਵਿਚ ਕਿ ਜਤੀ, ਸਤੀ, ਤਪੀ, ਤਪੀਸ਼ਰ ਰੁੜ੍ਹਦੇ ਜਾ ਰਹੇ ਹਨ, ਪਰ ਜਿਸ ਤਰ੍ਹਾਂ ਮੁਹਾਣਾ ਆਪਣੀ ਕਾਠ ਦੀ ਬੇੜੀ ਨਾਲ ਅਨੇਕਾਂ ਮਨੁੱਖਾਂ ਨੂੰ ਪਾਰ ਉਤਾਰ ਦੇਂਦਾ ਹੈ, ਏਸੇ ਤਰ੍ਹਾਂ ਸੱਚਾ ਸਤਿਗੁਰੂ ਸ੍ਰੀ ਗੁਰੂ ਨਾਨਕ ਨਿਰੰਕਾਰੀ ਵੀ ਸਤਿਨਾਮੁ ਸ੍ਰੀ ਵਾਹਿਗੁਰੂ ਦੀ ਸੱਚੀ ਬੇੜੀ ਵਿਚ ਬਿਠਾ ਕੇ ਭਵ-ਸਾਗਰ ਵਿੱਚੋਂ ਪਾਰ ਕਰ ਦਿੰਦਾ ਹੈ, ਸੰਸਾਰੀ ਵਿਸ਼ੇ ਵਿਕਾਰ ਦੇ ਪਦਾਰਥਾਂ ਦੀ ਪਰਾਪਤੀ ਲਈ ਦੁਨੀਆਂਦਾਰ ਬਾਦਸ਼ਾਹ ਲੜਦੇ ਨੇ, ਹਜ਼ਾਰਾਂ ਸਿਪਾਹੀ ਰਣ ਵਿਚ ਘਾਇਲ ਹੋ ਜਾਂਦੇ ਨੇ, ਉਸੀ ਲਸ਼ਕਰ ਨੂੰ ਤਰੀਕੇ ਨਾਲ ਲੜਾਉਣ ਲਈ ਆਗੂ ਇੱਕੋ ਹੀ ਹੁੰਦਾ ਹੈ ਜਿਸ ਨੂੰ ਬਾਦਸ਼ਾਹ ਆਖਦੇ ਹਨ, ਜਿਸ ਤਰ੍ਹਾਂ ਲਸ਼ਕਰਾਂ ਦਾ ਇੱਕੋ ਆਗੂ ਸਾਰੇ ਲਸ਼ਕਰ ਨੂੰ ਜੁਗਤੀ ਨਾਲ ਲੜਾ ਭਿੜਾ ਦਿੰਦਾ ਹੈ, ਏਸੇ ਤਰ੍ਹਾਂ ਸੱਚਾ ਸਤਿਗੁਰੂ ਸਾਰੇ ਸਿੱਖਾਂ ਨੂੰ ਭਵ-ਸਾਗਰੋਂ ਪਾਰ ਉਤਾਰ ਦਿੰਦਾ ਹੈ।

ਸਾਰੇ ਨਗਰ ਵਿਚ ਇਕ ਪਹਿਰੇਦਾਰ ਸਾਰੀ ਨਗਰੀ ਦੀ ਰਖਵਾਲੀ ਕਰਦਾ ਏ, ਜਿਸ ਕਰਕੇ ਨਗਰੀ ਦੇ ਪ੍ਰਧਾਨ ਤੇ ਮੰਨੇ ਪ੍ਰਮੰਨੇ ਆਦਮੀ ਨਿਚਿੰਦ ਤੇ ਬੇਫ਼ਿਕਰ ਹੋ ਕੇ ਸੁੱਤੇ ਰਹਿੰਦੇ ਨੇ, ਉਹਨਾਂ ਨੂੰ ਕੋਈ ਚਿੰਤਾ ਫ਼ਿਕਰ ਨਹੀਂ ਹੁੰਦਾ, ਕਿਉਂਕਿ ਪਹਿਰੇਦਾਰ ਹੁਸ਼ਿਆਰ ਹੈ।

ਸੰਸਾਰੀ ਰਸਮ ਅਨੁਸਾਰ ਜਦੋਂ ਕਿਸੇ ਲੜਕੇ ਦੀ ਸ਼ਾਦੀ ਹੁੰਦੀ ਹੈ ਤਾਂ ਉਸ ਦੇ ਨਾਲ ਕਈ ਜਾਂਞੀ ਜਾਂਦੇ ਹਨ, ਜਿਨ੍ਹਾਂ ਦੀ ਇੱਜ਼ਤ ਉਸ ਲਾੜ੍ਹੇ ਕਰਕੇ ਹੀ ਕੀਤੀ ਜਾਂਦੀ ਹੈ, ਜਿਸ ਤਰ੍ਹਾਂ ਪਿੰਡ ਦਾ ਜੱਮੇਦਾਰ ਪਾਹਰੂ, ਜੰਞ ਦਾ ਆਗੂ ਲਾੜ੍ਹਾ ਹੈ, ਏਸੇ ਤਰ੍ਹਾਂ ਸਿੱਖਾਂ ਨੂੰ ਭਵਸਾਗਰ ਵਿੱਚੋਂ ਪਾਰ ਕਰਨ ਦਾ ਮਲਾਹ ਸੱਚਾ ਸਤਿਗੁਰੂ ਹੈ।

SIKHBOOKCLUB.COM

ਇਕ ਮੁਲਕ ਵਿਚ ਲੱਖਾਂ ਇਨਸਾਨ ਵਸਦੇ ਨੇ। ਕੋਈ ਹਿੰਦੂ ਹੈ, ਕੋਈ ਮੁਸਲਮਾਨ ਹੈ ਤੇ ਮੱਤ ਮਤਾਂਤਰ ਵੀ ਕਈ ਹਨ। ਕੋਈ ਸੁਦਾਗਰ ਤੇ ਹਟਵਾਣੀਆ ਹੈ, ਕੋਈ ਰਤਨਾਂ ਦਾ ਪਾਰਖੂ ਤੇ ਕੋਈ ਘਾਈ ਹੈ ਪਰ ਰਾਜਾ ਸਾਰਿਆਂ ਦੀ ਦੇਖ ਭਾਲ ਤੇ ਸਾਂਭ ਸੰਭਾਲ ਕਰਦਾ ਹੈ; ਜਿਸ ਤਰ੍ਹਾਂ ਸਿਆਣਾ ਤੇ ਪਰਜਾ-ਪਾਲਕ ਰਾਜਾ ਆਪਣੇ ਦੇਸ਼ ਦੇ ਹਰ ਇਕ ਮਨੁੱਖ ਦੀ ਰਖਵਾਲੀ ਕਰਦਾ ਹੋਇਆ ਪਰਜਾ ਦੇ ਸੁਖ ਸਾਧਨਾਂ ਦੀਆਂ ਵਿਧੀਆਂ ਸੋਚਦਾ ਰਹਿੰਦਾ ਹੈ, ਜਿਸ ਕਾਰਨ ਪਰਜਾ ਸੁਖੀ ਤੇ ਪ੍ਰਸੰਨਤਾ ਨਾਲ ਜੀਵਨ ਬਤੀਤ ਕਰਦੀ ਹੋਈ ਰਾਜੇ ਨੂੰ ਅਸੀਸਾਂ ਦਿੰਦੀ ਤੇ ਧੰਨਵਾਦ ਕਰਦੀ ਹੈ, ਇਸੇ ਤਰ੍ਹਾਂ ਸੱਚਾ ਸਤਿਗੁਰੂ ਸ੍ਰੀ ਨਾਨਕ ਨਿਰੰਕਾਰੀ ਵੀ ਆਪਣੀ ਸਿੱਖਾਂ-ਰੂਪ ਪਰਜਾ ਦਾ ਰਖਵਾਲਾ ਹੈ, ਜਿਸ ਨੇ ਸੰਗਤ-ਰੂਪ ਸੱਚਖੰਡ ਵਸਾ ਕੇ ਸਿੱਖਾਂ ਨੂੰ ਕਾਮਾਦਿਕ ਲੁਟੇਰਿਆਂ ਤੋਂ ਬਚਾ ਰਖਿਆ ਹੈ। ਐਸੇ ਪਾਤਸ਼ਾਹ ਦੀ ਸ਼ਰਨ ਵਿਚ ਰਹਿਣ ਵਾਲਿਆਂ ਤੋਂ ਸਦ ਕੁਰਬਾਨ ਤੇ ਬਲਿਹਾਰ ਜਾਣਾ ਚਾਹੀਦਾ ਏ।

# ਬੇਪ੍ਰਵਾਹ

ਬੇਪ੍ਰਵਾਹ ਇਕ ਅਵਸਥਾ ਦਾ ਨਾਂ ਹੈ ਜੋ ਬੜੀ ਉੱਚੀ ਅਵਸਥਾ ਕਹੀ ਜਾਂਦੀ ਹੈ ਤੇ ਕੋਈ ਸਰਬ ਸ਼ਿਰੋਮਣੀ ਮਹਾਂਪੁਰਸ਼ ਹੀ ਇਸ ਅਵਸਥਾ ਦੀ ਪੀਂਘ ਦੇ ਹੁਲਾਰੇ ਮਾਣਦਾ ਹੈ, ਇਸ ਦਿਖਾਵੇ ਦੇ ਜਗਤ ਵਿਚ ਕੋਈ ਦੁਨਿਆਵੀ ਜੀਅ ਬੇਪ੍ਰਵਾਹ ਨਹੀਂ ਸਦਵਾ ਸਕਦਾ, ਇਕ ਇਕ ਜੀਵ-ਜੰਤੂ ਤੇ ਪ੍ਰਮਾਣੂ ਨੂੰ ਆਪਣੇ ਤੋਂ ਜਰਵਾਣੇ ਦੀ ਪ੍ਰਵਾਹ ਕਰਨੀ ਪੈਂਦੀ ਹੈ। ਅਕਾਸ਼ ਵਿਚ ਉਡਾਰੀ ਲਾਉਣ ਵਾਲੇ ਪੰਖੇਰੂਆਂ ਨੂੰ ਦੇਖੋ, ਇਕ ਦੂਜੇ ਕੋਲੋਂ ਡਰਦੇ ਹੋਏ ਤਾਕਤਵਰ ਦੇ ਹੁਕਮ ਵਿਚ ਉਸ ਦੀ ਪ੍ਰਵਾਹ ਕਰਦੇ ਹਨ, ਸ਼ਿਕਰੇ ਕੋਲੋਂ ਬਟੇਰਾ ਡਰਦਾ ਏ, ਲਗੜ ਕੋਲੋਂ ਸ਼ਿਕਰਾ ਭੈ ਖਾਂਦਾ ਏ, ਗਿਰਝ ਕੋਲੋਂ ਲਗੜ ਨੂੰ ਖ਼ਮ ਹੈ, ਬਾਜ ਪਾਸੋਂ ਗਿਰਝ ਭੈ-ਭੀਤ ਹੈ ਤੇ ਕੁਈ ਕੋਲੋਂ ਸਾਰੇ ਪੰਖੇਰੂ ਛੂਰ ਹੋ ਜਾਂਦੇ ਹਨ।

ਧਰਤੀ ਤੇ ਵਿਚਰਨ ਵਾਲੇ ਚੁਪੈਰਿਆਂ ਵੱਲ ਨਜ਼ਰ ਮਾਰੀਏ ਤਾਂ ਉਹ ਵੀ ਇਕ ਦੂਜੇ ਕੋਲੋਂ ਖ਼ਮ ਖਾਂਦੇ ਦੇਖੇ ਜਾਂਦੇ ਨੇ, ਬਿੱਲੀ ਕੋਲੋਂ ਚੂਹਾ ਤੇ ਕੁੱਤੇ ਪਾਸੋਂ ਬਿੱਲੀ ਲੁਕਦੀ ਫਿਰਦੀ ਹੈ, ਰਿੱਛ ਕੋਲੋਂ ਹਰਨ, ਸ਼ੇਰ ਕੋਲੋਂ ਰਿੱਛ ਜਾਨ ਲੁਕਾਉਂਦਾ ਫਿਰਦਾ ਹੈ।

ਕਾਦਰ ਦੀ ਕੀਤੀ ਹੋਈ ਕੁਦਰਤ ਨੂੰ ਦੇਖੀਏ ਤਾਂ ਪਤਾ ਲੱਗੇਗਾ ਕਿ ਹਵਾ ਕੋਲੋਂ ਡਰਦੇ ਬੱਦਲ ਇਧਰ ਉਧਰ ਭਟਕਦੇ ਫਿਰਦੇ ਹਨ, ਦਿਨ ਕੋਲੋਂ ਕੰਬਦੀ ਰਾਤ ਰਸਤਾ ਵਾਚ ਜਾਂਦੀ ਹੈ।

ਮਨੁੱਖੀ ਢਾਂਚੇ ਨੂੰ ਦੇਖੀਏ ਤਾਂ ਸਾਰੇ ਮਨੁੱਖ ਇਕ ਦੂਜੇ ਦੇ ਡਰ ਵਿਚ ਪਾਰੇ ਵਾਂਗ ਕੰਬਦੇ ਦਿਸਦੇ ਨੇ, ਨਿੱਕਾ ਨੌਕਰ ਆਪਣੇ ਅਫ਼ਸਰ ਕੋਲੋਂ ਤੇ ਵੱਡਾ ਅਫ਼ਸਰ ਉਸ ਤੋਂ ਕਿਸੇ ਵੱਡੇ ਕੋਲੋਂ ਸਾਹ ਸੁਕਾਈ ਬੈਠਾ ਹੈ ਅਤੇ ਉਹ ਵੱਡਾ ਕਿਸੇ ਉਦੂੰ ਉਤਲੇ ਦੇ ਪ੍ਰਛਾਵਿਉਂ ਪਸੀਜਦਾ ਜਾਂਦਾ ਹੈ।

ਇਸ ਡਰਦੇ, ਡਰਾਏ ਹੋਏ, ਡਰਪੋਕ ਤੇ ਡਹਿਕੇ ਹੋਏ, ਡਾਵਾਂ-ਡੋਲ ਜਗਤ ਵਿਚ ਕੋਈ ਵਿਰਲਾ ਹੀ ਅਡੋਲ ਰਹਿ ਸਕਦਾ ਏ, ਉਹ ਕੌਣ ਹੈ ? ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਜਿਨ੍ਹਾਂ ਦੀ ਬਾਲ ਲੀਲ੍ਹਾ ਵੱਲ ਝਾਤ ਪਾਇਆਂ ਪਤਾ ਚਲਦਾ ਹੈ ਕਿ ਸਾਈਂ ਰੰਗ ਵਿਚ ਮਖ਼ਮੂਰ ਮਾਹੀ, ਮੱਝੀਂ ਬੇਲੇ ਛੱਡ ਕੇ ਆਪ ਅਣਡਿੱਠੇ ਸੱਜਣ ਦੀ ਖੋਜ ਵਿਚ ਖੁੱਭਾ ਪਿਆ ਹੈ, ਤੇ ਮੱਝੀਂ ਕਿਸੇ ਦੀ ਖੇਤੀ ਖ਼ਤਮ ਕਰੀ ਜਾ ਰਹੀਆਂ ਨੇ। ਸ਼ਿਕਾਇਤ ਹੋਣ ਤੇ ਜਦੋਂ ਸਾਈਂ ਰੰਗ ਰੱਤੜੇ ਪ੍ਰੀਤਮ ਪਾਸੋਂ ਪੁੱਛਿਆ ਗਿਆ ਤਾਂ ਬੇਪ੍ਰਵਾਹੀ ਦੀ ਦੁਨੀਆਂ ਦੇ ਵਾਸੀ ਨੇ ਸੰਸਾਰ-ਵਾਸੀਆਂ ਨੂੰ ਚਕ੍ਰਿਤ ਕਰ ਦਿੱਤਾ, ਜਦੋਂ ਇਹ ਉੱਤਰ ਦਿੱਤਾ ਕਿ ਕਰਤੇ ਦੀ ਕੀਤੀ ਹੋਈ ਕਿਰਸਾਣੀ ਨੂੰ ਕੌਣ ਉਜਾੜ ਸਕਦਾ ਏ ? ਇਹ ਬੇਪ੍ਰਵਾਹੀ ਭਰਿਆ ਉੱਤਰ ਸੁਣ ਕੇ ਰਾਇ ਬੁਲਾਰ ਨੇ ਪੜਤਾਲ ਕਰਵਾਈ ਤਾਂ ਖੇਤੀ ਜਿਉਂ ਕੀ ਤਿਉਂ ਖੜੀ ਖ਼ਾਲਕ ਦੇ ਰੰਗ ਵਿਚ

ਝੂਮ ਰਹੀ ਸੀ। ਏਥੇ ਹੀ ਬੱਸ ਨਹੀਂ ਸਗੋਂ ਆਪ ਇਕ ਝਾਟਲੇ ਕਰੀਰ ਥੱਲੇ ਪਿਆਰੇ ਦੇ ਪਿਆਰ ਵਿਚ ਪਰਵਿਰਤ ਹੋ ਕੇ ਲੇਟ ਜਾਂਦੇ ਨੇ, ਸੂਰਜ ਸਫ਼ਰ ਸਮੇਟਦਾ ਹੋਇਆ ਲਹਿੰਦੇ ਨੂੰ ਝੁਕ ਜਾਂਦਾ ਹੈ, ਵਣ ਦੀਆਂ ਵਿਰਲਾਂ ਵਿੱਚੋਂ ਕਿਰਨਾਂ ਹਜ਼ੂਰ ਦੇ ਮੁਖੜੇ ਤੇ ਆ ਪੈਂਦੀਆਂ ਨੇ, ਜਿਨ੍ਹਾਂ ਕਾਰਨ ਮੁੜ੍ਹਕੇ ਦੀਆਂ ਬੂੰਦਾਂ ਸਰਕਾਰ ਦੇ ਮੁਖੜੇ 'ਤੇ ਮੋਤੀਆਂ ਵਾਂਗ ਚਮਕ ਪੈਂਦੀਆਂ ਨੇ, ਜਿਨ੍ਹਾਂ ਦਾ ਦ੍ਰਿਸ਼ ਕੁਝ ਇਸ ਤਰ੍ਹਾਂ ਭਾਸਦਾ ਹੈ:

**ਘਟਕਾ ਖਟ ਬੀਤ ਗਈ ਜਬ ਹੀ,**
**ਬਦਲ ਤਰੁ ਛਾਇ ਲਗੀ ਮੁਖ ਘਾਮਾ[1]।**
**ਸ੍ਵੇਦ[2] ਕੇ ਬਿੰਦੂ[3] ਮਾਨੋਂ ਅਰਬਿੰਦੁ[4] ਪੈ,**
**ਹੈ ਮਕਰੰਦ ਕਨੀ ਅਭਿਰਾਮਾ।**
**ਸ਼ੇਸ਼ ਜੂ ਆਨ ਕਰੀ ਅਭਿਬੰਦਨ[5],**
**ਸ੍ਵੇਤ ਸਰੂਪ ਮਹਾਂ ਛਬ[6] ਧਾਮਾ।**
**ਤੀਨ ਪ੍ਰਦੱਛਨਾਂ ਦੈ ਪ੍ਰਭ ਕੋ,**
**ਫਨ ਛਾਇ ਕਰੀ ਮੁਖ ਪੈ ਤਿਹ ਠਾਮਾ।**

ਸ਼ੇਸ਼ ਨਾਗ ਆ ਕੇ ਕਮਲ-ਮੁਖ ਤੇ ਫਨ ਦੀ ਛੱਤੜੀ ਦੀ ਛਾਂ ਕਰ ਦਿੰਦਾ ਹੈ, ਅਚਨਚੇਤ ਰਾਇ ਬੁਲਾਰ ਦੀਆਂ ਅੱਖਾਂ ਦੇਖ ਕੇ ਚੁੰਧਿਆ ਜਾਂਦੀਆਂ ਨੇ ਤੇ ਹਉਕਾ ਭਰ ਕੇ ਪੁਕਾਰ ਉਠਦਾ ਹੈ, ਨਾਨਕ ਜੀ! ਅੱਹਾ।

ਇਹ ਤਾਂ ਤ੍ਰਿਪਤਾ ਦਾ ਸੁਖਾਂ ਲੱਧਾ, ਲਾਲਾਂ ਨਾਲੋਂ ਅਮੋਲਕ, ਮੇਰੀ ਆਸਾਂ ਦੀ ਫੁਲਵਾੜੀ ਸੀ, ਹੈਂ? ਇਹਨਾਂ ਨੂੰ ਸੱਪ ਸੁੰਘ ਗਿਆ? ਹੁਣ ਮੈਂ ਕੀ ਕਰਾਂਗਾ, ਅੱਖਾਂ ਦੀ ਲੋ ਤੇ ਕਲੇਜੇ ਦੀ ਠੰਢ ਕਿਸ ਦੇ ਕੋਲੋਂ ਢੂੰਡਾਂਗਾ? ਹੇ ਕਾਦਰ! ਕੀ ਕਹਿਰ ਕੀਤਾ ਈ, ਕਾਹਨੂੰ ਨਿਮਾਣੇ ਰਾਇ ਦਾ ਆਸਰਾ ਖੋਹ ਲਿਆ ਈ, ਹੁਣ ਕੌਣ ਅਰਸ਼ੀ ਰਮਜ਼ਾਂ ਸਮਝਾਏਗਾ ਰਾਇ ਨੂੰ? ਇਉਂ ਆਖਦਾ ਆਖਦਾ ਰਾਇ ਬੁਲਾਰ ਅੱਗੇ ਵਧਿਆ, ਹੋਰ ਅਗੇਰੇ ਹੋਇਆ, ਕੀ ਦੇਖਿਆ ਕਿ ਸੱਪ ਸਰਕਦਾ ਸਰਕਦਾ, ਸਹਿਜੇ ਸਹਿਜੇ ਸਰਕ ਗਿਆ, ਰਾਇ ਚਰਨਾਂ ਵੱਲ ਖੜੋ ਕੇ ਦਰਸ਼ਨਾਂ ਦਾ ਅੰਮ੍ਰਿਤ ਅੱਖਾਂ ਦੇ ਪਿਆਲਿਆਂ ਨਾਲ ਪੀਂਦਾ ਜਾ ਰਿਹਾ ਸੀ; ਸ੍ਰੀ ਹਜ਼ੂਰ 'ਸਤਿ ਕਰਤਾਰ! ਸਤਿ ਕਰਤਾਰ!!' ਕਹਿੰਦੇ ਕਹਿੰਦੇ ਉਠ ਕੇ ਬੈਠੇ ਹੀ ਸਨ ਕਿ ਰਾਇ ਬੁਲਾਰ ਚਰਨੀਂ ਢਹਿ ਪਿਆ ਤੇ ਘਿਗਿਆ ਕੇ ਅਰਜ਼ ਕੀਤੀ, "ਹੇ ਸਾਈਆਂ! ਤੇਰੀਆਂ ਤੂੰ ਹੀ ਜਾਣੇਂ ਪਰ ਅੱਜ ਵਾਲਾ ਕੌਤਕ ਅਲੌਕਿਕ ਜਿਹਾ ਵਿਖਾ ਕੇ ਅੰਦਰ ਦੀ ਬਲਦੀ ਹੋਰ ਭੜਕਾ ਦਿੱਤੀ ਆ, ਹੇ ਸਾਈਂ! ਤੂੰ ਧੰਨ ਹੈਂ! ਤੂੰ ਧੰਨ ਹੈਂ!! ਤੂੰ ਧੰਨ ਹੈਂ!!!"

ਬੇਪ੍ਰਵਾਹੀਆਂ ਦਾ ਵਾਲੀ, ਬੇਪ੍ਰਵਾਹ ਦੇ ਰੰਗ ਰੰਗਿਆ ਬੇਪ੍ਰਵਾਹੀ ਨਾਲ ਬੋਲਿਆ, "ਰਾਇ ਜੀ! ਰੰਗ ਸਾਰੇ ਰੰਗੀਦੇ ਹਨ। ਰੰਗਾਂ ਵੱਲ ਨਾ ਝੁਕ, ਰੰਗੀ ਨੂੰ ਢੂਡ ਤੇ ਰੰਗ ਰਲੀਆਂ ਮਾਣ।"

ਭੁੱਖ ਦੇ ਸਤਾਏ ਹੋਏ ਸਾਧੂਆਂ ਨੂੰ ਭੋਜਨ ਛਕਾ ਕੇ, ਸੱਚਮੁਚੀਂ ਦਾ ਸੱਚਾ ਸੌਦਾ ਕਰ ਕੇ ਜਦੋਂ ਘਰ ਆਏ ਤਾਂ ਪਿਤਾ ਨੇ ਮਾਇਆ ਮੋਹ ਦੇ ਅਧੀਨ ਹੋ ਕੇ ਝਿੜਕਿਆ ਝਾੜਿਆ

1. ਗਰਮੀ, 2. ਮੁੜ੍ਹਕਾ, 3. ਤੁਪਕੇ, 4. ਕਮਲ, 5. ਨਮਸਕਾਰ, 6. ਸ਼ੋਭਾ ਦਾ ਘਰ।

ਤੇ ਕਮਲ-ਮੁਖ ਤੇ ਚਪੇੜਾਂ ਮਾਰੀਆਂ ਤੇ ਆਪਣੀ ਕਰੋਧ-ਅਗਨੀ ਬੁਝਾਈ ਅਤੇ ਲਾਲ ਪੀਲਿਆਂ ਹੋ ਪਤਾ ਨਹੀਂ ਕੀ ਕੀ ਬੋਲ ਕੁਬੋਲ ਬੋਲ ਗਿਆ।

ਇਧਰ ਬੇਪ੍ਰਵਾਹ ਸਾਈਂ ਜੀ ਦੇ ਕੋਈ ਚਿਤ ਚੇਤੇ ਹੀ ਨਹੀਂ, ਕਿਸੇ ਮਸਤੀ ਦੀ ਹਾਲਤ ਵਿਚ ਖਲੋਤੇ ਸਭ ਕੁਛ ਜਰੀ ਜਾਂਦੇ ਨੇ, ਪਿਆਰੇ ਦੇ ਪਿਆਰ ਦੀਆਂ ਲੋਰੀਆਂ ਜਾਣ-ਕੇ, ਪਿਆਰ ਪੰਘੂੜੇ ਵਿਚ ਝੂਟੇ ਲੈ ਰਹੇ ਨੇ, ਅੱਗੇ ਚੱਲ ਕੇ ਸਮਾਂ ਆ ਜਾਂਦਾ ਹੈ ਕਿ ਜਗਤ ਜਲੰਦੇ ਦੀ ਰੱਖਿਆ ਲਈ, ਕੁਰਾਹੇ ਜਾਂਦੇ ਕੁਰਾਹੀਆਂ ਦੇ ਸੁਧਾਰ ਲਈ ਕਮਰਕੱਸਾ ਕਰ ਕੇ ਮੈਦਾਨ ਵਿਚ ਉਤਰ ਆਉਂਦੇ ਹਨ, ਘਰ-ਘਾਟ ਤਿਆਗ, ਸੰਸਾਰ ਦਾ ਮੋਹ ਤੋੜ ਕੇ ਜਦੋਂ ਤੁਰਦੇ ਹਨ ਤਾਂ ਜਾਪ ਜਪਦੇ, ਜਾਤ ਪਾਤ ਦੇ ਬੰਧਨਾਂ ਨੂੰ ਤੋੜਦੇ ਹੋਏ ਭਾਈ ਲਾਲੋ ਦੇ ਘਰ ਆ ਡੇਰਾ ਕਰਦੇ ਹਨ, ਲਾਲੋ ਸੱਧਰਾਈਆਂ ਅੱਖਾਂ ਨਾਲ ਦੇਖ ਬੋਲਿਆ, "ਸਾਈਂ ਸਵਾਰੇ ਜੀਓ! ਕਿਸੇ ਉੱਚੀ ਕੁਲ ਦੇ ਕੀਮਤੀ ਹੀਰੇ ਜਾਪਦੇ ਹੋ, ਪਰ ਮੈਂ ਤਾਂ ਸ਼ੂਦਰ ਹਾਂ, ਮੇਰੇ ਘਰ ਤਾਂ ਉੱਚੀ ਜਾਤ ਵਾਲੇ ਆਉਣਾ ਹੀ ਨਹੀਂ ਚਾਹੁੰਦੇ, ਮੇਰੇ ਪਰਛਾਵੇਂ ਨਾਲ ਕਈਆਂ ਦੇ ਧਰਮ ਖ਼ਤਰੇ ਵਿਚ ਪੈ ਜਾਂਦੇ ਨੇ, ਮੈਨੂੰ ਤਾਂ ਉੱਚੇ ਸਮਾਜ ਨੇ ਨੀਵਾਂ ਜਾਣ ਕੇ ਠੁਕਰਾ ਰਖਿਆ ਹੈ, ਫੇਰ ਤੁਸੀਂ ਮੇਰੇ ਵਰਗੇ ਗ਼ਰੀਬ ਦੀ ਘਾਸ ਫੂਸ ਦੀ ਕੁੱਲੀ ਵਿਚ ਕਿਵੇਂ ਆ ਗਏ ਹੋ ?"

ਸਤਿਗੁਰ ਜੀ — ਭਾਈ ਲਾਲੋ! ਅਸੀਂ ਆਏ ਹਾਂ ਨੀਵਿਆਂ ਨੂੰ ਉੱਚੇ ਕਰਨ ਵਾਸਤੇ।

ਲਾਲੋ — ਸਾਈਂ ਜੀਓ! ਮੈਂ ਤਾਂ ਸ਼ੂਦਰ ਤੇ ਨੀਵਾਂ ਹਾਂ, ਪਰ ਤੁਸੀਂ ਆਖਦੇ ਹੋ ਭਾਈ ਲਾਲੋ ?

SIKHBOOKCLUB.COM

ਸਤਿਗੁਰ ਜੀ — ਭਾਈ ਲਾਲੋ! ਮਨੁੱਖ ਸਾਰੇ ਭਾਈ ਨੇ ਕਿਉਂਕਿ ਇੱਕੋ ਪਿਤਾ ਦੀ ਸੰਤਾਨ ਹਨ।

ਲਾਲੋ — ਤਾਂ ਫਿਰ ਇਹ ਉੱਚੀ ਜਾਤ ਵਾਲੇ ਮੈਨੂੰ ਕਿਉਂ ਸ਼ੂਦਰ ਆਖਦੇ ਹਨ ?

ਸਤਿਗੁਰ ਜੀ — ਭਾਈ! ਇਹ ਅਗਿਆਨ ਹੈ ਜਿਸਦੇ ਹਨੇਰੇ ਵਿਚ ਜਾਤ ਪਾਤ ਦਾ ਅਭਿਮਾਨ ਰੂਪ ਦਿਓ ਪਲ ਕੇ ਅਗਿਆਨੀਆਂ ਨੂੰ ਖਾਈ ਜਾਂਦਾ ਹੈ। ਅਸੀਂ ਇਸ ਦਿਓ ਦਾ ਸ਼ਿਕਾਰ ਕਰ ਕੇ, ਅਗਿਆਨ ਗਵਾ ਕੇ ਦੁਨੀਆਂ ਨੂੰ ਇੱਕੋ ਜਿਹੀ ਕਰਨ ਆਏ ਹਾਂ।

ਲਾਲੋ — ਕੀ ਸੱਚ ਮੁਚ ਨੀਵੇਂ ਉਚੇ ਹੋ ਜਾਣਗੇ ਜਾਂ ਹੋ ਸਕਦੇ ਹਨ ?

ਸਤਿਗੁਰ ਜੀ — ਭਾਈ ਲਾਲੋ! ਪਹਿਲਾਂ ਊਚ ਨੀਚ ਦਾ ਸਵਾਲ ਤਾਂ ਹੁਣੇ ਈ ਮੁਕ ਜਾਏਗਾ, ਪਈ ਤੂੰ ਸਾਨੂੰ ਪ੍ਰਸਾਦ ਛਕਾ।

ਕਈ ਦਿਨਾਂ ਦੇ ਕੌਤਕਾਂ ਪਿਛੋਂ ਐਮਨਾਬਾਦ ਨਿਵਾਸੀ ਮਲਕ ਭਾਗੋ ਦੇ ਘਰ ਬ੍ਰਹਮ ਭੋਜ ਦਾ ਉਤਸਵ ਆ ਗਿਆ। ਵੰਨ-ਸੁਵੰਨੇ ਪਕਵਾਨ ਤਿਆਰ ਹੋ ਗਏ, ਕਿਸਮ ਕਿਸਮ ਦੇ ਖਾਣੇ ਰਸੋਈ-ਖ਼ਾਨਿਆਂ ਵਿਚ ਰੱਖੇ ਗਏ, ਚਾਰ ਚੁਫ਼ੇਰੇ ਚਹਿਲ ਪਹਿਲ ਹੈ, ਖ਼ੁਸ਼ੀਆਂ ਦੇ ਸ਼ਾਦਿਆਨੇ ਵੱਜ ਰਹੇ ਨੇ, ਲੋਕਾਂ ਦੀ ਆਵਾਜਾਈ ਏ, ਤੂਤੀਆਂ ਨਫੀਰੀਆਂ ਤੇ ਢੋਲ ਢਮੱਕਾ ਵਜਦਾ ਏ, ਬੜੇ ਬੜੇ ਰਿਸ਼ੀ, ਮੁਨੀ, ਮਹਾਤਮਾ ਤੇ ਉਚ ਸ਼੍ਰੇਣੀ ਦੇ ਬ੍ਰਾਹਮਣ ਲੋਕ ਭੋਜਨ

ਖਾ ਖਾ ਕੇ ਡਕਾਰਦੇ ਤੁਰੇ ਜਾ ਰਹੇ ਨੇ ਤੇ ਜੈ ਜੈ ਕਾਰ ਹੋ ਰਹੀ ਏ, ਏਨੇ ਨੂੰ ਪਤਾ ਲੱਗਾ ਕਿ ਲਾਲੋ ਤਰਖਾਣ ਦੇ ਘਰ ਆਉਣ ਵਾਲਾ ਨਾਨਕ ਨਿਰੰਕਾਰੀ ਸਦਾਉਂਦਾ ਹੈ, ਉਹ ਭੋਜਨ ਖਾਣ ਨਹੀਂ ਆਇਆ ਤੇ ਨਾ ਹੀ ਆਉਣ ਵਾਸਤੇ ਤਿਆਰ ਹੈ।

ਮਲਕ ਸੁਣਦੇ ਸਾਰ ਲਾਲ ਪੀਲਾ ਹੋ ਗਿਆ ਤੇ ਨਾਨਕ ਨਿਰੰਕਾਰੀ ਦੇ ਇਸ ਕੌਤਕ ਨੂੰ ਆਪਣੀ ਨਿਰਾਦਰੀ ਜਾਣਿਆ। ਲੋਹੇ ਲਾਖੇ ਨੇ ਆਪਣੇ ਆਦਮੀਆਂ ਰਾਹੀਂ ਸ੍ਰੀ ਬਾਬਾ ਜੀ ਨੂੰ ਬੁਲਾ ਕੇ ਕ੍ਰੋਧ ਨਾਲ ਲਾਲੋ ਲਾਲ ਹੋ ਕੇ ਆਖਿਆ, "ਨਾਨਕ ਜੀ! ਬੇਦੀ-ਕੁਲ-ਟੀਕਾ ਹੋ ਕੇ ਤਰਖਾਣ ਦੇ ਘਰ ਰੋਟੀਆਂ ਖਾ ਕੇ ਜਾਤੀ ਪ੍ਰਭੁਤਾ ਨੂੰ ਮਿੱਟੀ ਵਿਚ ਮਿਲਾ ਕੇ ਰਖ ਦਿੱਤਾ ਜੇ, ਤੇ ਹੁਣ ਮੇਰੇ ਘਰ ਦੇ ਬ੍ਰਹਮ ਭੋਜ ਵਿਚ ਨਾ ਆ ਕੇ ਮੇਰੀ ਭੰਡਣੀ ਕਰ ਦਿੱਤੀ ਹੈ, ਇਹ ਤੁਸੀਂ ਕੀ ਕਰ ਰਹੇ ਹੋ?"

ਬੇਪ੍ਰਵਾਹ ਸੱਚੇ ਸਤਿਗੁਰੂ ਜੀ ਬੇਪ੍ਰਵਾਹੀ ਨਾਲ ਕੋਮਲ ਬੁੱਲ੍ਹਾਂ ਵਿੱਚੋਂ ਬੋਲੇ, "ਮਲਕ ਜੀ! ਮੇਰੇ ਕਰਤਾਰ ਦੇ ਘਰ ਕੋਈ ਜਾਤ ਉੱਚੀ ਨੀਵੀਂ ਨਹੀਂ, ਉਥੇ ਤਾਂ ਕਰਮ ਉੱਚਾ ਨੀਵਾਂ ਹੈ। ਤੂੰ ਜਾਤ ਦੇ ਹੰਕਾਰ ਕਰਕੇ ਨੀਵੇਂ ਕੰਮ ਕੀਤੇ ਹਨ ਜਿਸ ਕਰਕੇ ਤੇਰੇ ਦਿਲ ਵਿੱਚੋਂ ਸੰਸਾਰ ਦੇ ਬੰਦਿਆਂ ਦਾ ਪਿਆਰ ਉਡ ਗਿਆ ਹੈ, ਦਿਲ ਮੁਹੱਬਤੋਂ ਸੱਖਣਾ ਹੋ ਗਿਆ ਹੈ, ਕਦੂਰਤਾਂ ਵਧ ਗਈਆਂ ਨੇ, ਪਰਵਾਰੀ ਬੰਧਨ ਪੱਕੇ ਹੋ ਗਏ ਹਨ, ਜਿੰਨਾ ਚਿਰ ਕਰਤੇ ਦੀ ਰਚਨਾ ਨਾਲ ਪਿਆਰ ਦੀ ਸਾਂਝ ਨਾ ਪਾਵੇਂ, ਪੜਦੇ ਕਿਵੇਂ ਪਾਟਣ?" ਕਿਸੇ ਸਿਆਣੇ ਦਾ ਕਥਨ ਵੀ ਹੈ ਕਿ:

> **ਯਿਹ ਦਿਲ ਜਬ ਆਸ਼ਨਾ ਹੋਤਾ ਹੈ ਉਲਫ਼ਤ ਕੇ ਮੁਇੰਮੋਂ ਸੇ**
> **ਤੋ ਇਸ ਪਰ ਖ਼ੁਦ ਬਖ਼ੁਦ ਸ਼ਾਨਿ ਇਲਾਹੀ ਖੁਲਤੀ ਜਾਤੀ ਹੈ।**
>
> **ਜੁਦਾ ਹੋਤਾ ਹੈ ਯਿਹ ਜੂੰ ਜੂੰ ਜਹਾਂ ਕੀ ਝੂਠੀ ਉਲਫ਼ਤ ਸੇ**
> **ਮੁਹੱਬਤ ਪਾਕ ਰੱਬਾਨੀ ਬਦਨ ਮੇਂ ਘੁਲਤੀ ਜਾਤੀ ਹੈ।**
>
> **ਸਰਾ ਪਾ ਗ਼ਰਕ ਹੋ ਜਾਤਾ ਹੈ ਫਿਰ ਯਿਹ ਬੈਹਰੇ ਹੱਕ ਅੰਦਰ**
> **ਕੁਦੂਰਤ ਗ਼ਮ ਗੁਨਾਹੋਂ ਕੀ ਤਮਾਮੀਂ ਧੁਲਤੀ ਜਾਤੀ ਹੈ।**
>
> **ਉਨਸ ਦੁਨੀਆ ਵਾ ਉਕਬਾ ਕਾ ਨਹੀਂ ਰਹਿਤਾ ਨਸ਼ਾਂ ਅੰਦਰ**
> **ਸਿਵਾ ਉਲਫ਼ਤ ਇਲਾਹੀ ਕੇ ਮੁਹੱਬਤ ਭੁਲਤੀ ਜਾਤੀ ਹੈ।**
>
> **ਹਵਾ ਵਾਹਦੱਤ ਪ੍ਰਸਤੀ ਕੀ ਸਮਾ ਜਾਤੀ ਹੈ ਜਬ ਅੰਦਰ**
> **ਹਵਾਉ ਹਿਰਸ ਦੁਨੀਆ ਖ਼ਾਕ ਹੋ ਹੋ ਰੁਲਤੀ ਜਾਤੀ ਹੈ।**

"ਹੇ ਮਲਕਾ! ਤੇਰੇ ਮਾਹਲਪੂੜੇ ਲਹੂ ਦੀਆਂ ਲਾਲ ਧਾਰਾਂ ਹਨ, ਇਹਨਾਂ ਖੀਰਾਂ ਵਿੱਚੋਂ ਗ਼ਰੀਬਾਂ ਦੀਆਂ ਹਾਈਂ ਫੁੱਟ ਫੁੱਟ ਨਿਕਲਦੀਆਂ ਨੇ। ਇਹ ਮਿਠਿਆਈਆਂ ਤੇ ਪਕਵਾਨ, ਗ਼ਰੀਬਾਂ ਦੇ ਖ਼ੂਨ ਵਿਚ ਤਲੇ ਹੋਏ ਨੇ, ਤੇਰਾ ਬ੍ਰਹਮ ਭੋਜਨ ਖ਼ੁਸ਼ਾਮਦੀ ਬ੍ਰਾਹਮਣਾਂ ਵਾਸਤੇ ਤਾਂ ਖਾਣ ਜੋਗਾ ਹੋ ਸਕਦਾ ਹੈ ਪਰ ਮੇਰੇ ਵਾਸਤੇ ਨਹੀਂ।

"ਮੇਰੇ ਵਾਸਤੇ ਗ਼ਰੀਬ, ਦਸ ਨੁਵਾਂ ਦੀ ਕਿਰਤ ਤੇ ਧਰਮ ਦੀ ਕਮਾਈ ਕਰਨ ਵਾਲੇ ਭਾਈ ਲਾਲੋ ਦੇ ਘਰ ਦਾ ਕੋਧਰੇ ਦਾ ਟੁਕੜਾ ਅੰਮ੍ਰਿਤ-ਰੂਪ ਹੈ, ਜਿਸ ਵਿੱਚੋਂ ਧਰਮ, ਸੱਚਾਈ ਤੇ ਸਿਦਕ ਦਾ ਦੁਧ ਚੋਂਦਾ ਹੈ।" ਕਿੰਨੀ ਬੇਪ੍ਰਵਾਹੀ ਹੈ ਕਿ ਉਸ ਵੇਲੇ ਦੇ ਮੰਨੇ ਪ੍ਰਮੰਨੇ

ਸਰਮਾਏਦਾਰ ਦੇ ਸਰਮਾਏ ਦੀ ਕੌਡੀ ਪ੍ਰਵਾਹ ਨਾ ਕਰ ਕੇ, ਗ਼ਰੀਬ ਲਾਲੋ ਨੂੰ ਸੱਚੀਂ ਮੁਚੀਂ ਲਾਲੋ ਲਾਲ ਕਰ ਦਿੱਤਾ।

ਲੋਕ ਭੂਤਨਾ, ਬੇਤਾਲਾ, ਕੁਰਾਹੀਆ ਆਖਦੇ ਹਨ, ਇੱਟਾਂ ਵੱਟੇ ਮਾਰਦੇ ਨੇ ਪਰ ਗ਼ਰੀਬ ਨਿਵਾਜ਼ ਗੁਰੂ, "ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ।" ਦੀ ਸਿੱਧੀ ਸੜਕ ਉਤੇ ਤੁਰੇ ਜਾਂਦੇ ਰਤਾ ਨਹੀਂ ਖਿੜਕਦੇ। ਸੁਮੇਰ ਪਰਬਤ ਦੇ ਸਿੱਧ ਆਪਣੀਆਂ ਰਿਧੀਆਂ ਸਿਧੀਆਂ ਦੀਆਂ ਸ਼ਕਤੀਆਂ ਨਾਲ, ਸਤਿਗੁਰੂ ਦਾ ਸਿੰਘਾਸਨ ਡੁਲਾਉਣ ਦੀ ਕੋਸ਼ਿਸ਼ ਕਰਦੇ ਹੋਏ ਲੱਖਾਂ ਜਤਨ ਕਰ ਚੁਕੇ ਹਨ ਪਰ ਹਜ਼ੂਰ ਅਹਿੱਲ ਤੇ ਅਗਿੱੜ, ਅਡੋਲ ਬੈਠੇ ਕੌਤਕ ਦੇਖੀ ਜਾਂਦੇ ਨੇ ਪਰ ਕੁਛ ਬੋਲਦੇ ਨਹੀਂ।

ਅਖ਼ੀਰ ਨੂੰ ਅੱਕ ਥੱਕ ਕੇ ਜੋਗੀ ਬੋਲੇ, ਜਿਨ੍ਹਾਂ ਦਾ ਬੋਲਣਾ ਭਾਈ ਗੁਰਦਾਸ ਜੀ ਨੇ ਇਉਂ ਲਿਖਿਆ ਹੈ:

**ਫਿਰਿ ਪੁਛਣਿ ਸਿਧ ਨਾਨਕਾ! ਮਾਤ ਲੋਕ ਵਿਚਿ ਕਿਆ ਵਰਤਾਰਾ?**

*(ਵਾਰ ੧, ਪਉੜੀ ੨੯)*

ਇਹ ਸਿੱਧਾਂ ਦਾ ਪ੍ਰਸ਼ਨ ਸੀ ਕਿ ਹੇ ਨਾਨਕ ਜੀ! ਮਾਤ ਲੋਕ ਵਿਚ ਕੀ ਹੋ ਰਿਹਾ ਹੈ, ਕੀ ਵਰਤ ਰਿਹਾ ਹੈ, ਕੀ ਕੁਛ ਹਾਲ ਚਾਲ ਹੈ?

ਇਸ ਪ੍ਰਸ਼ਨ ਤੋਂ ਪਤਾ ਲੱਗਦਾ ਹੈ ਕਿ ਸਿੱਧ ਮਾਤ ਲੋਕ ਨਾਲੋਂ ਬਿਲਕੁਲ ਅਲੱਗ ਥਲੱਗ ਸਨ, ਮਾਤ ਲੋਕੀਆਂ ਨਾਲੋਂ ਉਹ ਆਪਣਾ ਸੰਬੰਧ ਤੋੜ ਕੇ ਬੈਠੇ ਹੋਏ ਸਨ, ਤਦ ਵੀ ਉਹਨਾਂ ਦੇ ਕੰਨਾਂ ਵਿਚ ਮਾਤ ਲੋਕ ਦੀਆਂ ਖ਼ਬਰਾਂ ਤੇ ਕਨਸੋਆਂ ਪੁੱਜਦੀਆਂ ਸਨ, ਤਦੇ ਤਾਂ ਤਸੱਲੀ ਕਰਨਾ ਚਾਹੁੰਦੇ ਨੇ ਪਈ ਹੇ ਨਾਨਕ ਜੀ! ਸਾਨੂੰ ਦੱਸ ਤਾਂ ਸਹੀ ਕਿ ਮਾਤ ਲੋਕ ਵਿਚ ਕੀ ਵਰਤਿਆ ਹੈ? ਕੀ ਜੋ ਕੁਛ ਅਸੀਂ ਸੁਣਦੇ ਹਾਂ ਉਹ ਠੀਕ ਹੈ? ਸਿੱਧਾਂ ਦਾ ਇਹ ਬਚਨ ਸੁਣ ਕੇ ਸਤਿਗੁਰੂ ਜੀ ਜ਼ਰੂਰ ਕਿਸੇ ਡੂੰਘੀ ਸੋਚ ਵਿਚ ਪੈ ਗਏ ਹੋਣਗੇ, ਪਈ ਸੰਸਾਰੀਆਂ ਦੇ ਘਰਾਂ ਦਾ ਅੰਨ ਖਾ ਕੇ, ਉਹਨਾਂ ਦਾ ਭਲਾ ਨਾ ਕਰਨ ਵਾਲੇ ਇਹ ਅਕਿਰਤਘਣ ਕਿਥੇ ਮੂੰਹ ਦੇਣਗੇ? ਫੇਰ ਵੀ ਸਬਰ ਸਿਦਕ ਕੋਲੋਂ ਕੰਮ ਲੈਂਦੇ ਹੋਏ ਸ੍ਰੀ ਸਤਿਗੁਰੂ ਬੋਲ ਉਠੇ ਕਿ:

**ਸਭ ਸਿਧੀ ਇਹ ਬੁਝਿਆ ਕਲਿ ਤਾਰਣਿ ਨਾਨਕ ਅਵਤਾਰਾ।**<br>
**ਬਾਬੇ ਆਖਿਆ ਨਾਥ ਜੀ! ਸਚੁ ਚੰਦ੍ਰਮਾਂ ਕੂੜੁ ਅੰਧਾਰਾ।**<br>
**ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ।**<br>
**ਪਾਪ ਗਿਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ।**<br>
**ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ।**<br>
**ਜੋਗੀ ਗਿਆਨ ਵਿਹੂਣਿਆ ਨਿਸ ਦਿਨਿ ਅੰਗਿ ਲਗਾਇਨਿ ਛਾਰਾ।**<br>
**ਬਾਝੁ ਗੁਰੂ ਡੁਬਾ ਜਗ ਸਾਰਾ।੨੯।** *(ਵਾਰ ੧, ਪਉੜੀ ੨੯)*

ਇਹ ਸੀ ਬੇਪ੍ਰਵਾਹ ਗੁਰੂ ਦਾ ਬੇਪ੍ਰਵਾਹੀ ਤੇ ਸੱਚਾਈ ਭਰਿਆ ਨਿਡਰ ਉੱਤਰ, ਜਿਸ ਨੂੰ ਸੁਣ ਕੇ ਸਿੱਧਾਂ ਦੇ ਕੰਨ ਖੁੱਲ੍ਹ ਗਏ, ਸੋਚੀਂ ਪੈ ਗਏ, ਹੈਂ? ਇਤਨਾ ਬੇਧੜਕ ਤੇ ਨਿਡਰ ਕੌਣ ਮਹਾਂਪੁਰਸ਼ ਹੈ, ਨਾਲ ਹੀ ਮਨ ਵਿਚ ਵਿਚਾਰਾਂ ਕਰਨ ਲੱਗ ਪਏ ਕਿ ਜੇ ਇਹ ਨਿਡਰ ਤੇ ਬੇਖ਼ੌਫ਼ ਆਦਮੀ ਸਾਡੇ ਪੰਥ ਵਿਚ ਆ ਜਾਏ ਤਾਂ ਸਾਡਾ ਪੰਥ ਦੇਸ਼ ਦਿਸ਼ਾਂਤਰਾਂ ਵਿਚ

ਪ੍ਰਸਿੱਧ ਹੋ ਜਾਏ, ਸਾਡੀ ਪ੍ਰਭੁਤਾ ਸੂਰਜ ਵਾਂਗ ਚਮਕ ਉਠੇ।

ਹੁਣ ਸੋਚ ਇਹ ਸੀ ਕਿ ਕਿਸ ਤਰੀਕੇ ਨਾਲ ਇਸ ਨੂੰ ਆਪਣਾ ਚੇਲਾ ਬਣਾਇਆ ਜਾਏ ? ਬਹੁਤ ਚਿਰ ਦੀ ਸੋਚ ਵਿਚਾਰ ਪਿੱਛੋਂ ਫ਼ੈਸਲਾ ਹੋਇਆ ਕਿ ਇਸ ਨੂੰ ਆਪਣੀਆਂ ਰਿਧੀਆਂ, ਸਿਧੀਆਂ ਤੇ ਨਿਧੀਆਂ ਦੀਆਂ ਸ਼ਕਤੀਆਂ ਦੱਸੀਆਂ ਜਾਣ, ਜਿਨ੍ਹਾਂ ਨੂੰ ਦੇਖ ਕੇ ਉਹਨਾਂ ਦੇ ਅਸਰ ਹੇਠ ਸਾਡਾ ਲੋਹਾ ਮੰਨ ਜਾਏਗਾ। ਬਸ ਫੇਰ ਕੀ, ਸਾਡਾ ਚੇਲਾ ਬਣ ਜਾਏਗਾ। ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ :

**ਸਿੱਧੀ ਮਨੇ ਬੀਚਾਰਿਆ ਕਿਵੈ ਦਰਸਨ ਏ ਲੇਵੈ ਬਾਲਾ।**
**ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ।**
**ਖੱਪਰ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ।**
**ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।**
**ਫਿਰਿ ਆਇਆ ਗੁਰ ਨਾਥ ਜੀ!ਪਾਣੀ ਠਉੜ ਨਹੀਂ ਉਸਿ ਤਾਲਾ।**
**ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ।**
**ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ।**
**ਕਲਿਜੁਗਿ ਨਾਨਕ ਨਾਮੁ ਸੁਖਾਲਾ।੩੧।** *(ਵਾਰ ੧, ਪਉੜੀ ੩੧)*

ਸਿੱਧਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਕ ਕਰਮੰਡਲ ਦੇ ਕੇ ਇਕ ਲਾਗੇ ਦੇ ਸਰੋਵਰ ਵਿੱਚੋਂ ਪਾਣੀ ਲੈਣ ਭੇਜ ਕੇ ਉਸ ਵਿਚ ਆਪਣੇ ਮੰਤ੍ਰ ਦੇ ਬਲ ਨਾਲ ਹੀਰੇ, ਲਾਲ ਤੇ ਰਤਨ ਜਵਾਹਰ ਪੈਦਾ ਕਰ ਦਿੱਤੇ, ਜਿਸ ਤੋਂ ਮੁਰਾਦ ਇਹ ਸੀ ਕਿ ਸਤਿਗੁਰ ਜੀ ਸਾਡੀ ਸ਼ਕਤੀ ਸਾਹਮਣੇ ਝੁਕ ਜਾਣਗੇ, ਪਰ ਸ੍ਰੀ ਹਜ਼ੂਰ ਜੀ ਕਰਮੰਡਲ ਖ਼ਾਲੀ ਲੈ ਕੇ ਵਾਪਸ ਆ ਗਏ ਤੇ ਸਿੱਧਾਂ ਨੂੰ ਆਖਿਆ ਕਿ ਐ ਸਿੱਧੋ! ਉਸ ਸਰੋਵਰ ਵਿਚ ਪਾਣੀ ਦੀ ਇਕ ਬੂੰਦ ਮਾਤਰ ਭੀ ਨਹੀਂ ਹੈ ਸਗੋਂ ਤਲਾਅ ਵਿੱਚੋਂ ਮਿੱਟੀ ਉਡਦੀ ਤੇ ਬੁੱਲੇ ਉਠਦੇ ਨੇ, ਤੁਸੀਂ ਸਿਆਣੇ ਹੋ ਕੇ ਮੇਰੇ ਨਾਲ ਦਿਲ-ਲਗੀ ਕਿਉਂ ਕੀਤੀ, ਏਸੇ ਦਾ ਨਾਂ ਸਿਆਣਪ ਹੈ ? ਸਿੱਧ ਬੜੇ ਚਕ੍ਰਿਤ ਹੋਏ ਕਿ ਏਥੇ ਤਾਂ ਸਾਡੀਆਂ ਕਰਾਮਾਤਾਂ ਮਾਤ ਪੈ ਗਈਆਂ ਨੇ, ਹੁਣ ਕੀ ਕਰਨਾ ਚਾਹੀਦਾ ਹੈ ? ਆਖ਼ਰ ਸਤਿਗੁਰੂ ਨਾਲ ਸ਼ਾਸਤਰ ਅਰਥ ਕਰ ਕੇ ਆਪਣੇ ਵਿੱਦਿਆ-ਬਲ ਨਾਲ ਸਤਿਗੁਰੂ ਜੀ ਨੂੰ ਫ਼ਤਹ ਕਰਨਾ ਚਾਹਿਆ ਪਰ ਸ੍ਰੀ ਨਿਰੰਕਾਰੀ ਗੁਰੂ ਨੇ ਆਪਣੇ ਸ਼ਬਦ ਪ੍ਰਤਾਪ ਨਾਲ ਸਿੱਧ ਮੰਡਲੀ ਜਿੱਤ ਕੇ ਆਪਣਾ ਪੰਥ ਨਿਰਾਲਾ ਕਰ ਲਿਆ ਤੇ ਸਿੱਧ ਸਤਿਗੁਰੂ ਦੀ ਝਾਲ ਨਾ ਝੱਲ ਸਕੇ, ਭਾਵੇਂ, ਸਿੱਧ ਮੰਡਲੀ ਨੇ ਹਰ ਪ੍ਰਕਾਰ ਦੀ ਤਾਕਤ ਵਰਤੀ ਪਰ ਬੇਪ੍ਰਵਾਹ ਦੇ ਰੰਗ ਵਿਚ ਰੰਗੇ ਹੋਏ ਰੰਗੀਲੇ ਪਾਤਸ਼ਾਹ ਨੇ ਸਿੱਧਾਂ ਨੂੰ ਖਰੀਆਂ ਖਰੀਆਂ ਸੁਣਾਈਆਂ ਕਿ ਤੁਸੀਂ ਡਰ ਦੇ ਡਰਾਏ ਹੋਏ ਡਰਪੋਕ ਬਣ ਕੇ ਪਰਬਤੀਂ ਛੁਪ ਬੈਠੇ ਹੋ, ਜੋਗੀ ਗਿਆਨ-ਵਿਹੂਣਾ, ਕੇਵਲ ਤਨ ਉਤੇ ਸੁਆਹ ਮਲਣ ਜੋਗਾ ਹੀ ਰਹਿ ਗਿਆ ਏ, ਪ੍ਰਿਥਵੀ ਪਾਪਾਂ ਦੀ ਗੁੱਸੀ ਹੋਈ ਭਾਰੀ ਹੋ ਗਈ ਹੈ ਜਿਸ ਦੇ ਹੇਠਾਂ ਧਰਮ ਦਾ ਧੌਲ ਖੜਾ ਪੁਕਾਰਾਂ ਕਰਦਾ ਹੈ ਪਰ ਉਸਦੀ ਪੁਕਾਰ ਸੁਣਨ ਵਾਲਾ ਕੋਈ ਨਹੀਂ।

ਬਾਬੇ ਦੇ ਅੰਮ੍ਰਿਤ ਬਚਨਾਂ ਨੇ ਸਿੱਧਾਂ ਦੇ ਸਿੰਘਾਸਣ ਡੁਲਾ ਦਿੱਤੇ, ਕੰਨਾਂ ਦੀਆਂ ਖਿੜਕੀਆਂ ਖੋਲ੍ਹ ਦਿੱਤੀਆਂ, ਬੇਪ੍ਰਵਾਹੀ ਦੇ ਪ੍ਰਤਾਪ ਸਾਹਮਣੇ ਸੀਸ ਨਿਵਾ ਸਿੱਧਾਂ ਨੇ 'ਆਦੇਸ ਆਦੇਸ' ਕਹਿ ਕੇ ਬਾਬਾ ਜੀ ਦਾ ਸਿੱਕਾ ਮੰਨਿਆ ਤੇ ਜੈ ਜੈ ਕਾਰ ਦੇ ਡੰਕੇ ਚਹੁੰ ਕੂੰਟਾਂ ਵਿਚ

ਵੱਜੇ, ਇਉਂ ਆਖੋ ਕਿ 'ਜਿਥੈ ਜਾਇ ਜਗਤਿ ਵਿਚਿ ਬਾਬੇ ਬਾਝ ਨਾ ਖਾਲੀ ਜਾਈ', ਜੇ ਹਜ਼ੂਰ ਬਗ਼ਦਾਦ ਗਏ ਤਾਂ ਆਪਣੀ ਬੇਪ੍ਰਵਾਹੀ ਦਾ ਸਿੱਕਾ ਜਮਾ ਆਏ, ਜੇ ਮਦੀਨੇ ਗਏ ਹਨ ਤਾਂ ਪੂਜਾ ਕਰਵਾ ਕੇ ਆਏ ਹਨ, ਜੇ ਵਲੀ ਕੰਧਾਰ ਆਪਣੇ ਹੰਕਾਰ ਵਿਚ ਮੱਤਿਆ ਪੱਥਰ ਰੇਹੜਦਾ ਹੈ ਤਾਂ ਸਤਿਗੁਰੂ ਜੀ ਬੇਪ੍ਰਵਾਹੀ ਦੀ ਦੁਨੀਆਂ ਵਿਚ ਮਸਤ, ਅਡੋਲ ਟਿਕਾਅ ਵਿਚ ਟਿਕੇ ਹੋਏ ਆਪਣੇ ਟਿਕਾਣੇ ਤੋਂ ਰਤਾ ਵੀ ਨਹੀਂ ਚਲਦੇ। ਇਹ ਹਜ਼ੂਰ ਦੀ ਉੱਚੀ ਤੇ ਬੇਮਿਸਾਲ ਬੇਪ੍ਰਵਾਹੀ ਦੀ ਜੀਉਂਦੀ ਜਾਗਦੀ ਮਿਸਾਲ ਹੈ।

SIKHBOOKCLUB.COM

# ਅਥਾਹ ਸਹਾਬਾ

ਅਥਾਹ ਸਹਾਬਾ ਦੇ ਅਰਥ ਹਨ ਕਿ ਸਤਿਗੁਰੂ ਜੀ ਦੀ ਬਾਦਸ਼ਾਹੀ ਬੇਅੰਤ ਹੈ, ਐਨੀ ਬੇਅੰਤ ਕਿ ਉਸ ਦਾ ਥਾਹ ਲਾਉਣਾ ਕਠਨ ਹੈ। ਜਿਸ ਵੇਲੇ ਸੰਸਾਰ-ਵਿਆਪੀ ਇਤਿਹਾਸ ਦੇ ਪੱਤਰੇ ਫੋਲੇ ਜਾਣ ਤਾਂ ਖ਼ਬਰ ਮਿਲਦੀ ਹੈ ਕਿ ਵਿਸ਼ਨੂੰ ਜੀ ਦੇ ਮੋਟੇ ਮੋਟੇ ੨੪ ਅਵਤਾਰ ਹੋਏ ਹਨ, ਜਿਨ੍ਹਾਂ ਨੇ ਆਪਣੇ ਆਪਣੇ ਸਮੇਂ ਅਨੁਸਾਰ ਜਗਤ ਦੀ ਲੋੜ ਨੂੰ ਅਨੁਭਵ ਕਰ ਕੇ ਸੰਸਾਰ-ਸੁਧਾਰ ਕੀਤਾ। ਅਗਿਆਨ ਨੂੰ ਗਿਆਨ ਵਿਚ ਬਦਲਣ ਦੇ ਯੋਗ ਸਾਧਨ ਸਾਧੇ, ਜੇ ਸਮੇਂ ਨੇ ਮੰਗ ਕੀਤੀ ਤਾਂ ਉਨ੍ਹਾਂ ਨੇ ਤਲਵਾਰ ਕੋਲੋਂ ਵੀ ਕੰਮ ਲਿਆ। ਦੇਵਤਾ ਰਾਜ ਸਥਾਪਨ ਕਰਨ ਲਈ ਦੈਂਤਾਂ ਦਾ ਕਈ ਵਾਰ ਸੰਘਾਰ ਪ੍ਰਹਾਰ ਕੀਤਾ ਅਤੇ ਲਿਖਤੀ ਗਿਆਨ ਪੋਥੀਆਂ ਦੀ ਸ਼ਕਲ ਵਿਚ ਮਨੁੱਖ ਦੇ ਸਪੁਰਦ ਕਰ ਕੇ ਇਸ ਨੂੰ ਸਦਾ ਦੀ ਰੌਸ਼ਨੀ ਦਿੱਤੀ, ਸਮੁੰਦਰ ਰਿੜਕ ਕੇ ਚੌਦਾਂ ਰਤਨ ਕੱਢ ਕੇ ਮਨੁੱਖ ਦੇ ਖ਼ਜ਼ਾਨੇ ਨੂੰ ਭਰਪੂਰ ਕਰਨ ਦਾ ਜਤਨ ਕੀਤਾ। ਜੇ ਰਾਵਣ ਭੂਤਿਆ ਤਾਂ ਰਾਮ ਨੇ ਦੈਵੀ ਸ਼ਕਤੀ ਤੇ ਬੀਰ ਰਸ ਦੇ ਅਮਿੱਤ ਓਜ ਨੂੰ ਵਰਤੋਂ ਵਿਚ ਲਿਆਂਦਾ, ਜੇ ਹਰਨਾਕਸ਼ ਨੇ ਤਰਥੱਲ ਮਚਾਈ ਤਾਂ ਨਰਸਿੰਘ ਰੂਪ ਪ੍ਰਗਟ ਆ ਹੋਇਆ, ਜੇ ਕੰਸ ਕਾਲੀਆਂ ਕਰਤੂਤਾਂ ਕਰਨ ਵਿਚ ਪ੍ਰਵਿਰਤ ਹੋ ਗਿਆ ਤਾਂ ਕ੍ਰਿਸ਼ਨ ਜੀ ਸੁਦਰਸ਼ਨ ਚੱਕਰ ਲੈ ਰਣ ਵਿਚ ਕੁੱਦ ਪਏ। ਜਦੋਂ ਕਦੇ ਵੀ ਹਿੰਦ ਵਾਸੀਆਂ ਨੂੰ ਲੋੜ ਭਾਸੀ ਤਾਂ ਉਹ ਪੂਰੀਆਂ ਕਰਨ ਹਿਤ ਮਹਾਂ ਸ਼ਕਤੀਆਂ ਨੇ ਆਪਣੇ ਪ੍ਰਾਕਰਮ ਨਾਲ ਹਿੰਦ ਦੇ ਸੰਕਟ ਕੱਟੇ, ਪਰ ਇਕ ਗੱਲ ਧਿਆਨ ਗੋਚਰੀ ਹੈ ਕਿ ਇਹ ਜਿਤਨੇ ਵੀ ਮਹਾਂਪੁਰਸ਼ ਅਵਤਾਰ ਹੋਏ ਹਨ, ਇਨ੍ਹਾਂ ਵਿੱਚੋਂ ਹਿੰਦੁਸਤਾਨ ਦੀ ਧਰਤੀ ਤੋਂ ਬਾਹਰ ਕਿਸੇ ਨੇ ਵੀ ਚਰਨ ਨਹੀਂ ਪਾਏ।

ਜੇਕਰ ਸ੍ਰੀ ਰਾਮ ਚੰਦਰ ਜੀ ਲੰਕਾ ਗਏ ਵੀ ਹਨ ਤਾਂ ਲੰਕਾ ਉਸ ਸਮੇਂ ਹਿੰਦੁਸਤਾਨ ਦਾ ਹੀ ਇਕ ਹਿੱਸਾ ਸੀ। ਜੇ ਹਜ਼ਰਤ ਯਸੂ ਮਸੀਹ ਦੇ ਇਤਿਹਾਸਿਕ ਸਫ਼ਰ ਨੂੰ ਦੇਖੀਏ ਤਾਂ ਉਨ੍ਹਾਂ ਵੀ ਆਪਣਾ ਇਲਾਕਾ ਛੱਡ ਕੇ ਕਿਸੇ ਦੂਸਰੇ ਮੁਲਕ ਨੂੰ ਨਹੀਂ ਨਿਵਾਜਿਆ, ਅਫ਼ਗਾਨਿਸਤਾਨ ਉਹ ਨਹੀਂ ਆਏ, ਹਿੰਦੁਸਤਾਨ ਉਨ੍ਹਾਂ ਨਹੀਂ ਡਿੱਠਾ ਤੇ ਕਈ ਹੋਰ ਇਲਾਕੇ ਵੀ ਐਸੇ ਹਨ ਜੋ ਉਨ੍ਹਾਂ ਸੁਪਨੇ ਵਿਚ ਵੀ ਨਹੀਂ ਦੇਖੇ।

ਹਜ਼ਰਤ ਮੁਹੰਮਦ ਸਾਹਿਬ ਆਪਣੇ ਸਮੇਂ ਦੇ ਬੜੇ ਤਕੜੇ ਸੁਧਾਰਕ ਹੋ ਬੀਤੇ ਹਨ, ਜਿਨ੍ਹਾਂ ਨੇ ਅਰਬ ਵਿੱਚੋਂ ਕਈ ਗ਼ਲਤੀਆਂ ਦਾ ਸੁਧਾਰ ਕੀਤਾ ਹੈ; ਜੈਸਾ ਕਿ ਅਰਬੀਆਂ ਦਾ ਇਖ਼ਲਾਕ ਏਨਾ ਗੰਦਾ ਸੀ ਕਿ ਇਕ ਇਕ ਅਰਬੀ ਦੇ ਘਰ ਕਈ ਕਈ ਔਰਤਾਂ ਹੁੰਦਿਆਂ ਹੋਇਆਂ ਵੀ ਅਗ਼ਲਾਮ ਵੀ ਜ਼ਰੂਰ ਹੁੰਦਾ ਸੀ। ਅਰਬੀਆਂ ਦਾ ਇਕ ਕੁਨਬਾ ਦੂਜੇ ਕੁਨਬੇ ਦਾ ਐਡਾ ਵੈਰੀ ਸੀ ਕਿ ਕਈ ਕਈ ਮਹੀਨੇ ਲੜਦੇ ਰਹਿੰਦੇ ਸੀ। ਅਰਬੀ, ਰੱਬ ਦਾ ਨਾਮ ਤਕ ਨਹੀਂ

ਸੀ ਜਾਣਦੇ, ਸਾਰੇ ਦੇ ਸਾਰੇ ਅੱਗ ਦੀ ਤੇ ਬੁੱਤਾਂ ਦੀ ਪੂਜਾ ਕਰਦੇ ਸਨ। ਅਰਬੀਆਂ ਦਾ ਕਾਰੋਬਾਰ ਸੀ ਬਰਦਾ ਫ਼ਰੋਸ਼ੀ। ਇਕ ਮੰਡੀ ਵਿੱਚੋਂ ਕੁੜੀਆਂ ਅਤੇ ਮੁੰਡੇ ਖ਼ਰੀਦੇ ਤੇ ਦੂਜੀ ਮੰਡੀ ਵਿਚ ਵੇਚ ਦਿੱਤੇ। ਜੂਆ ਅਤੇ ਸ਼ਰਾਬ ਉਨ੍ਹਾਂ ਲਈ ਕੋਈ ਪਾਪ ਨਹੀਂ, ਸਗੋਂ ਸ਼ੁਗਲ ਤੇ ਖ਼ੁਸ਼ੀ ਦੇ ਸਾਧਨ ਤੇ ਸਾਮਾਨ ਸਨ। ਐਸੇ ਲੋਕਾਂ ਨੂੰ ਹਜ਼ਰਤ ਮੁਹੰਮਦ ਸਾਹਿਬ ਨੇ ਚਾਰ ਔਰਤਾਂ ਦੀ ਆਗਿਆ ਦੇ ਕੇ ਇਕ ਬੜਾ ਵੱਡਾ ਸੁਧਾਰ ਕੀਤਾ ਹੈ, ਊਲ ਜਲੂਲ ਦੀ ਪੂਜਾ ਤੋਂ ਹਟਾ ਕੇ ਇਕ ਰੱਬ ਦੀ ਪੂਜਾ ਵੱਲ ਪ੍ਰੇਰਿਆ ਤੇ ਇਕ ਅਕਾਲ ਦੀ ਉਪਾਸ਼ਨਾ ਦਾ ਉਪਦੇਸ਼ ਕਰ ਕੇ ਅਰਬ ਨੂੰ ਸੁਧਾਰਿਆ ਹੈ, ਵੈਰ ਵਿਰੋਧ ਦੂਰ ਕਰ ਕੇ ਇਕ ਦੀਨਦਾਰ ਭਾਈ ਬਣਾ ਕੇ ਇਕ ਜਾਦੂ ਦਾ ਕੰਮ ਕੀਤਾ ਹੈ, ਲੇਕਿਨ ਜਗਤ-ਯਾਤਰਾ ਦੇ ਲਿਹਾਜ਼ ਨਾਲ ਉਨ੍ਹਾਂ ਵੀ ਅਰਬ ਤੋਂ ਛੁਟ ਬਾਕੀ ਦੇਸ਼ਾਂ ਨੂੰ ਨਹੀਂ ਨਿਵਾਜਿਆ, ਆਪਣੇ ਮਾਦੂਦ ਦਾਇਰੇ ਵਿਚ ਰਹਿ ਕੇ ਹੀ ਇਸਲਾਮ ਦਾ ਪ੍ਰਚਾਰ ਕਰਦੇ ਰਹੇ।

ਸੱਚੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨ ਲੀਲ੍ਹਾ ਨੂੰ ਵਿਚਾਰਨ ਤੋਂ ਪਤਾ ਚਲਦਾ ਹੈ ਕਿ ਆਪ ਨੇ ਰਾਇ ਭੋਇਂ ਦੀ ਤਲਵੰਡੀ ਵਿਚ ਅਵਤਾਰ ਧਾਰ ਕੇ ਨਿਰਾ ਪੰਜਾਬ ਹੀ ਨਹੀਂ ਸਗੋਂ ਹਿੰਦੁਸਤਾਨ ਦਾ ਕੋਨਾ ਕੋਨਾ ਆਪ ਨੇ ਨਿਵਾਜਿਆ ਸੀ। ਪੀਲੀਭੀਤ ਵਿਚ ਆਪ ਦੀ ਨਿਸ਼ਾਨੀ ਮਿੱਠਾ ਰੇਠਾ ਮੌਜੂਦ ਹੈ, ਕਲਕੱਤੇ ਵਿਚ ਹਰੀਸਨ ਰੋਡ ਉਤੇ ਬੜੀ ਸੰਗਤ ਗੁਰਦਵਾਰਾ ਆਪ ਦੀ ਯਾਦ ਤਾਜ਼ਾ ਕਰਦਾ ਹੈ, ਦਿੱਲੀ ਵਿਚ ਮਜਨੂੰ ਦਾ ਟਿੱਲਾ ਆਪ ਜੀ ਦੀ ਚਰਨ-ਛੋਹ ਦਾ ਫੁਹਾਰਾ ਪ੍ਰਗਟ ਹੈ, ਜਗਨ ਨਾਥ ਦੇ ਪਾਂਡਿਆਂ ਨੂੰ ਸੱਚੀ ਆਰਤੀ ਨਿਸਚੇ ਕਰਾਣ ਵਾਲਾ ਪਾਵਨ ਅਸਥਾਨ ਅੱਜ ਤਕ ਚਮਕ ਰਿਹਾ ਹੈ। ਭੋਇਂ ਕੁਰਕਸ਼ੇਤਰ ਵਿਚ ਨਾਨੂੰ ਨਾਮ ਦੇ ਪੰਡਿਤ ਨੂੰ ਸੱਚਾ ਗਿਆਨ ਦੇਣ ਦਾ ਚਸ਼ਮਾ ਅੱਜ ਤਕ ਦਰਸ਼ਕਾਂ ਦੇ ਨੇਤ੍ਰਾਂ ਨੂੰ ਠੰਢਕ ਦਿੰਦਾ ਹੈ। ਪੀਰੀ ਪੁਰ ਮੁਲਤਾਨ ਵਿਚ ਜੋ ਕੌਤਕ ਕੀਤਾ, ਉਹ ਹੁਣ ਤਕ ਸੂਰਜ ਵਾਂਗ ਰੌਸ਼ਨ ਹੈ, ਸੁਮੇਰ ਪਰਬਤ ਤੇ ਕੀਤੀ ਹੋਈ ਸਿੱਧ ਗੋਸ਼ਟ ਅੱਜ ਵੀ ਪਹਾੜਾਂ ਵਿਚ ਗੂੰਜ ਰਹੀ ਹੈ। ਬਟਾਲੇ ਦੇ ਲਾਗੇ ਅਚਲ ਸਿੱਧਾਂ ਦਾ ਮਸ਼ਹੂਰ ਅਸਥਾਨ, ਜਿਥੇ ਸਤਿਗੁਰਾਂ ਨੇ ਸਿੱਧਾਂ ਦਾ ਮਾਣ ਤੋੜਿਆ, ਆਪ ਦੀ ਜਗਤ-ਯਾਤਰਾ ਦਾ ਜੀਉਂਦਾ ਜਾਗਦਾ ਚਿੰਨ੍ਹ ਆਪ ਦੀ ਯਾਦ ਤਾਜ਼ਾ ਕਰਾਉਂਦਾ ਹੈ। ਪੰਜਾਬ ਅਤੇ ਹਿੰਦੁਸਤਾਨ ਤੋਂ ਬਾਹਰ ਜਦੋਂ ਅਸੀਂ ਧਿਆਨ ਮਾਰਦੇ ਹਾਂ ਤਾਂ ਅਫ਼ਗ਼ਾਨਿਸਤਾਨ ਜਿਥੇ ਕਿ ਕੇਵਲ ਮੁਸਲਮਾਨ ਜਨਤਾ ਹੀ ਵਸਦੀ ਸੀ, ਆਪ ਉਥੇ ਵੀ ਗਏ ਤੇ ਆਪਣੇ ਉਚੇ ਸਿੱਧਾਂਤ ਦਾ ਡੰਕਾ ਵਜਾਇਆ, ਕਈ ਕੌਤਕ ਕੀਤੇ; ਆਪ ਦੀ ਯਾਤਰਾ ਦੀ ਯਾਦ ਗੁਰਦਵਾਰਾ ਚਸ਼ਮਾ ਸਾਹਿਬ, ਅੱਜ ਵੀ ਆਪਣੇ ਅੰਮ੍ਰਿਤ ਪ੍ਰਵਾਹ ਨਾਲ ਕਾਬਲੀ ਸਿੱਖ ਫੁਲਵਾੜੀ ਨੂੰ ਪਾਲ ਰਿਹਾ ਹੈ। ਸਾਰੀ ਸ੍ਰਿਸ਼ਟੀ ਨੂੰ ਇਕ ਦ੍ਰਿਸ਼ਟੀ ਨਾਲ ਦੇਖਣ ਵਾਲੇ ਪਾਤਸ਼ਾਹ ਜੀ, ਬਗ਼ਦਾਦ ਸ਼ਰੀਫ਼ ਪੁੱਜਦੇ ਹਨ ਤੇ ਉਥੇ ਇਸਲਾਮੀ ਅਕੀਦੇ ਉਲਟ ਆਵਾਜ਼ ਉਠਾਂਦੇ ਹਨ ਕਿ :

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥**
**ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥** *(ਜਪੁ ਜੀ, ਪੰਨਾ ੫)*

ਇਹ ਅਗੰਮੀ ਸੱਦ ਸੁਣ ਕੇ ਪੀਰ ਤਲਮਲਾ ਉਠਿਆ ਤੇ ਗ਼ੁੱਸੇ ਵਿਚ ਅੰਗਿਆਰਾ ਬਣ ਕੇ ਬੇਥਵ੍ਹਾ ਜਿਹਾ ਬੋਲਣ ਲੱਗ ਪਿਆ, ਜਿਸ ਬਾਰੇ ਭਾਈ ਗੁਰਦਾਸ ਜੀ ਨੇ ਕਥਨਿਆ ਹੈ ਕਿ :

ਪੁਛੇ ਪੀਰ ਤਕਰਾਰ ਕਰਿ ਏਹ ਫਕੀਰ ਵਡਾ ਅਤਾਈ।
ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ।
ਪਾਤਾਲਾ ਆਕਾਸ ਲਖ ਓੜਕਿ ਭਾਲੀ ਖਬਰੁ ਸੁਣਾਈ।
ਫੇਰਿ ਦੁਰਾਇਣ ਦਸਤਗੀਰ ਅਸੀ ਭਿ ਵੇਖਾ ਜੋ ਤੁਹਿ ਪਾਈ।
ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਾਵਾਈ।
ਲਖ ਆਕਾਸ ਪਤਾਲ ਲਖ ਅਖਿ ਫੁਰੰਕ ਵਿਚਿ ਸਭਿ ਦਿਖਲਾਈ।
ਭਰਿ ਕਚਕੌਲ ਪ੍ਰਸਾਦਿ ਦਾ ਧੁਰੋ ਪਤਾਲੋਂ ਲਈ ਕੜਾਹੀ।
ਜਾਹਰ ਕਲਾ ਨ ਛਪੈ ਛਪਾਈ।੩੬। *(ਵਾਰ ੧, ਪਉੜੀ ੩੬)*

ਆਪੇ ਵਿੱਚੋਂ ਬਾਹਰ ਹੋ ਕੇ ਪੀਰ ਬੋਲ ਪਿਆ ਕਿ ਇਸਲਾਮ ਸੱਤ ਜ਼ਮੀਨਾਂ ਤੇ ਸੱਤ ਈ ਅਸਮਾਨ ਮੰਨਦਾ ਹੈ ਤੇ ਇਕ ਫ਼ਕੀਰ ਲੱਖਾਂ ਅਕਾਸ਼ ਪਤਾਲ ਦੱਸਦਾ ਏ। ਇਹ ਕੁਫ਼ਰ ਹੈ, ਇਹ ਇਸਲਾਮ ਦੇ ਖ਼ਿਲਾਫ਼ ਬਗ਼ਾਵਤ ਹੈ। ਪਰ ਅਫ਼ਸੋਸ ਕਿ ਪੀਰ ਇਸ ਗੱਲ ਨੂੰ ਨਹੀਂ ਜਾਣਦਾ ਕਿ :

ਜੋ ਮਕਬੂਲ ਖ਼ੁਦਾ ਕੇ ਹੈਂ, ਪਰਵਾਨ ਭੀ ਹੈਂ, ਪ੍ਰਧਾਨ ਭੀ ਹੈਂ।
ਜੋ ਮਕਬੂਲ ਖ਼ੁਦਾ ਕੇ ਹੈਂ, ਦਰਗਾਹ ਮੇਂ ਪਾਤੇ ਸ਼ਾਨ ਭੀ ਹੈਂ।
ਜੋ ਮਕਬੂਲ ਖ਼ੁਦਾ ਕੇ ਹੈਂ, ਵੋਹ ਰਾਜ ਸਭਾ ਕੀ ਸ਼ਾਨ ਬੜ੍ਹਾਏਂ।
ਜੋ ਮਕਬੂਲ ਖ਼ੁਦਾ ਕੇ ਹੈਂ, ਇਕ ਗੁਰ ਪਰ ਅਪਨਾ ਧਿਆਨ ਲਗਾਏਂ।
ਲਾਖ ਕਹੇ ਇਨਸਾਨ ਮਗਰ, ਕੁਦਰਤ ਕੀ ਥਾਹ ਨਾ ਪਾਇਗਾ।
ਖ਼ਾਲਕ ਕੀ ਖ਼ਲਕਤ ਕਾ ਉਸ ਕੋ, ਅੰਤ ਸ਼ੁਮਾਰ ਨਾ ਆਇਗਾ।
ਜਿਸ ਕੇ ਸੀਂਗੋਂ ਪਰ ਹੈ ਧਰਤੀ, ਧਰਮ ਦਯਾ ਦਾ ਪੂਤ ਹੈ ਯਿਹ।
ਸਬਰ ਸੇ ਕਾਇਮ ਰੈਹਤੀ ਹੈ, ਇਕ ਤੋਲ ਹੈ ਯਿਹ ਇਕ ਸੂਤ ਹੈ ਯਿਹ।
ਜੋ ਇਸ ਬਾਤ ਕੋ ਸਮਝਾ ਹੈ, ਵੋਹ ਸਚਾ ਹੈ, ਵੋਹ ਗਿਆਨੀ ਹੈ।
ਬੈਲ ਉਠਾਇ ਸੀਂਗ ਪੇ ਇਤਨਾ, ਬੋਝ ਅਜਬ ਹੈਰਾਨੀ ਹੈ।
ਦੂਰ ਜ਼ਮੀਂ ਸੇ ਔਰ ਜ਼ਮੀਂ ਨੇ, ਉਨ ਸੇ ਆਗੇ ਔਰ ਜਹਾਂ।
ਉਨ ਕੇ ਨੀਚੇ ਜ਼ੋਰ ਹੈ ਕਿਸ ਕਾ, ਕਾਇਮ ਹੈਂ ਕਿਸ ਤੌਰ ਵਹਾਂ।
ਗੁਨਾਂ ਗੁਨੀ ਖ਼ਲਕਤ ਸਾਰੀ, ਰੰਗਾ ਰੰਗ ਅਕਸਾਮ ਸਭੀ।
ਲਿਖੇ ਲਿਖਨੇ ਵਾਲੋਂ ਨੇ, ਬੇ ਰੋਕ ਕਲਮ ਸੇ ਨਾਮ ਸਭੀ।
ਕੌਨ ਭਲਾ ਲਿਖ ਸਕਤਾ ਹੈ, ਜਿਹ ਗਿਨਤੀ ਹੋ ਮਰਕੂਮ ਕਹਾਂ।
ਇਸ ਗਿਨਤੀ ਕੀ ਗਿਨਤੀ, ਗਿਨਤੀ ਵਾਲੋਂ ਕੋ ਮਾਲੂਮ ਕਹਾਂ।
ਕਿਤਨੀ ਤੇਰੀ ਤਾਕਤ ਹੈ, ਕਿਆ ਸੁੰਦਰ ਰੂਪ ਸੁਹਾਨਾ ਹੈ।
ਕਿਤਨੀ ਦਾਦ ਔਰ ਰੋਜ਼ੀ ਬਖ਼ਸ਼ੀ, ਕਿਸ ਨੇ ਇਸ ਕੋ ਜਾਨਾ ਹੈ।
ਹਰਫ਼ ਕਹਾ ਜਬ ਏਕ ਹੀ ਤੂ ਨੇ, ਫੈਲੇ ਘਾਲਮ ਸਾਰੇ ਹੈਂ।
ਹਰਫ਼ ਕਹਾ ਜਬ ਏਕ ਹੀ ਤੂ ਨੇ, ਫੂਟੇ ਲਾਖੋਂ ਧਾਰੇ ਹੈਂ।
ਮੁਝ ਮੇਂ ਕਬ ਯਿਹ ਕੁਦਰਤ ਹੈ, ਮੈਂ ਤੇਰਾ ਸੋਚ ਵਿਚਾਰ ਕਰੂੰ।
ਮੈਂ ਇਸ ਲਾਇਕ ਕਬ ਹੂੰ, ਤੁਝ ਪੇ ਜਾਨ ਫਿਦਾ ਇਕ ਬਾਰ ਕਰੂੰ।

ਕਾਰ ਵੁਹੀ ਅੱਛਾ ਹੈ ਜੋ ਸਮਝੇ ਅੱਛਾ ਕਾਰ ਤੂ ਹੀ।
ਤੇਰੀ ਜ਼ਾਤ ਸਲਾਮਤ ਦਾਇਮ, ਪਾਕ ਹੈ ਨਿਰੰਕਾਰ ਤੂ ਹੀ।

*(ਖ਼ਵਾਜਾ ਦਿਲ ਮੁਹੰਮਦ ਐਮ. ਏ.)*

ਪੀਰ ਦਾ ਬੋਲ ਬਕਾਰਾ ਸੁਣ ਕੇ ਸੱਚੇ ਪਾਤਸ਼ਾਹ ਨੇ ਪੀਰ ਦਾ ਪੁੱਤ ਨਾਲ ਲਿਆ ਤੇ ਅੱਖ ਦੇ ਚਮਕਾਰੇ ਵਿਚ ਹੀ ਉਸ ਨੂੰ ਲੱਖਾਂ ਅਕਾਸ਼ ਪਤਾਲ ਵਿਖਾ ਦਿੱਤੇ, ਜਿਸ ਕਰਕੇ ਪੀਰ ਜ਼ਾਹਰ ਕਲਾ ਦੇ ਸਾਹਮਣੇ ਝੁਕ ਗਿਆ। ਭਾਈ ਜੀ ਨੇ ਉਸ ਸਾਰੀ ਵਾਰਤਾ ਨੂੰ ਇਸ ਪ੍ਰਕਾਰ ਲਿਖਿਆ ਹੈ ਕਿ :

ਗੜ੍ਹ ਬਗਦਾਦ ਨਿਵਾਇਕੈ ਮਕਾ ਮਦੀਨਾ ਸਭੇ ਨਿਵਾਇਆ।
ਸਿਧ ਚਉਰਾਸੀਹ ਮੰਡਲੀ ਖਟਿ ਦਰਸਨਿ ਪਾਖੰਡਿ ਜਿਣਾਇਆ।
ਪਾਤਾਲਾ ਆਕਾਸ ਲਖ ਜਿਤੀ ਧਰਤੀ ਜਗਤੁ ਸਬਾਇਆ।
ਜਿਤੀ ਨਉਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ।
ਦੇਵ ਦਾਨੋਂ ਰਾਕਸਿ ਦੈਤ ਸਭ ਚਿਤਿਗੁਪਤਿ ਸਭ ਚਰਨੀ ਲਾਇਆ।
ਇੰਦ੍ਰਾਸਣਿ ਅਪਛਰਾ ਰਾਗ ਰਾਗਨੀ ਮੰਗਲੁ ਗਾਇਆ।
ਭਇਆ ਅਨੰਦ ਜਗਤੁ ਵਿਚਿ ਕਲਿ ਤਾਰਨ ਗੁਰ ਨਾਨਕ ਆਇਆ।
ਹਿੰਦੂ ਮੁਸਲਮਾਣਿ ਨਿਵਾਇਆ।੩੭। *(ਵਾਰ ੧, ਪਉੜੀ ੩੭)*

ਬਗ਼ਦਾਦ ਨੂੰ ਗੜ੍ਹ ਲਿਖਿਆ ਹੈ, ਜਿਸ ਨੂੰ ਗ਼ਰੀਬ ਨਿਵਾਜ਼ ਗੁਰੂ ਨੇ ਨਿਵਾ ਲਿਆ, ਚੁਰਾਸੀ ਸਿੱਧਾਂ ਦੀ ਮੰਡਲੀ, ਛੇ ਭੇਖ ਤੇ ਪਾਖੰਡਾਂ ਨੂੰ ਵੀ ਜਿੱਤ ਲਿਆ, ਪਤਾਲ ਅਕਾਸ਼ ਸਾਰਾ ਜਗਤ ਚਰਨੀਂ ਲਾ ਲਿਆ, ਦੇਵਤੇ ਦਾਨਵ, ਰਾਕਸ਼, ਚਿੱਤ੍ਰ ਗੁਪਤ ਲੇਖਾ ਲਿਖਣ ਵਾਲੇ ਵੀ ਚਰਨੀਂ ਝੁਕਾ ਲਏ। ਇੰਦ੍ਰ ਦੇ ਅਖਾੜੇ ਦੀਆਂ ਅਪੱਛਰਾਂ ਤੇ ਰਾਗ ਰਾਗਨੀਆਂ ਖ਼ੁਸ਼ ਹੋ ਕੇ ਬਾਬੇ ਦੀ ਜਿੱਤ ਦੇ ਮੰਗਲ ਗਾਉਣ ਲੱਗ ਪਈਆਂ, ਜਿਸ ਕਰਕੇ ਜਗਤ ਵਿਚ ਅਨੰਦ ਮੰਗਲਾਚਾਰ ਹੋਣ ਲੱਗਾ ਤੇ ਲੋਕ ਗਾ ਉਠੇ ਕਿ 'ਕਲਿ ਤਾਰਨ ਗੁਰ ਨਾਨਕ ਆਇਆ'। ਇਸ ਤਰ੍ਹਾਂ ਹਿੰਦੂ ਮੁਸਲਮਾਨ ਸੱਚਾਈ ਦੇ ਸਾਹਮਣੇ ਨਿਵਾ ਲਏ। ਇਸ ਤਰ੍ਹਾਂ ਬਾਬੇ ਦੀ ਬਾਦਸ਼ਾਹੀ ਚਾਰ ਕੂੰਟ ਵਿਚ ਫੈਲ ਗਈ, ਸਗੋਂ ਅਕਾਸ਼ ਪਤਾਲ ਵਿਚ ਬਾਬੇ ਦੀ ਬਾਦਸ਼ਾਹੀ ਨੂੰ ਕੋਈ ਤੋਲ ਮਿਣ ਨਹੀਂ ਸਕਦਾ। ਇਹ ਅਥਾਹ ਸਹਾਬਾ ਹੈ, ਜਿਉਂ ਜਿਉਂ ਅਸੀਂ ਸ੍ਰੀ ਹਜ਼ੂਰ ਦੇ ਨਿਰਾਲੇ ਕੌਤਕਾਂ ਨੂੰ ਪ੍ਰੇਮ ਪੂਰਬਕ ਵਿਚਾਰਾਂਗੇ, ਸਾਨੂੰ ਪਤਾ ਲੱਗੇਗਾ ਕਿ ਧਰਮ ਦੇ ਆਗੂਆਂ ਵਿੱਚੋਂ ਇਕ ਗੁਰੂ ਨਾਨਕ ਦੇਵ ਜੀ ਹਨ ਜਿਨ੍ਹਾਂ ਨੇ ਮੱਕੇ ਸ਼ਰੀਫ਼ ਤੇ ਮਦੀਨਾ ਸ਼ਰੀਫ਼ ਪੁੱਜ ਕੇ ਇਕ ਐਸਾ ਕੌਤਕ ਕੀਤਾ ਜੋ ਕੋਈ ਨਹੀਂ ਕਰ ਸਕਿਆ। ਜਿਸ ਵੇਲੇ ਅਜੇ ਮੱਕੇ ਮਦੀਨੇ ਨੂੰ ਤੁਰੇ ਹੀ ਜਾ ਰਹੇ ਸੀ ਕਿ ਰਾਹ ਵਿਚ ਇਕ ਹੱਜ ਕਰਨ ਵਾਲੇ ਮੁਸਲਮਾਨ ਫ਼ਕੀਰਾਂ ਦਾ ਕਾਫ਼ਲਾ ਮਿਲਿਆ ਜਿਨ੍ਹਾਂ ਨੇ ਦੇਖਿਆ ਕਿ ਫ਼ਕੀਰੀ ਲਿਬਾਸ ਵਿਚ ਇਕ ਐਸੀ ਹਸਤੀ ਤੁਰੀ ਜਾ ਰਹੀ ਹੈ, ਜਿਸਦਾ ਲਿਬਾਸ ਤਾਂ ਬੇਸ਼ਕ ਮੁਸਲਮਾਨ ਫ਼ਕੀਰਾਂ ਵਰਗਾ ਹੈ ਪਰ ਜ਼ੁਬਾਨ ਹੋਂਦਕੀ ਬੋਲਦਾ ਹੈ, ਆਪਣਾ ਸ਼ੱਕ ਦੂਰ ਕਰਨ ਲਈ ਫ਼ਕੀਰਾਂ ਨੇ ਸੁਆਲ ਕੀਤਾ ਕਿ ਮਹਾਰਾਜ ! ਤੁਸੀਂ ਕੌਣ ਹੋ ? ਸੁਣਦੇ ਹੀ ਸਤਿਗੁਰੂ ਜੀ ਬੋਲੇ 'ਹਮ ਆਦਮੀ ਹਾਂ'। ਫ਼ਕੀਰਾਂ ਪੁੱਛਿਆ ਕਿ ਸਾਈਂ ਜੀ ! ਕਿਸ ਪ੍ਰਕਾਰ ਦੇ ਆਦਮੀ ਹੋ ਆਪ ? ਬਾਬੇ ਨੇ ਮਿੱਠਾ ਜਿਹਾ ਉੱਤਰ ਦੇਂਦੇ ਹੋਏ ਆਖਿਆ ਕਿ :

**ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨਾ ਜਾਣਾ।**

*(ਧਨਾਸਰੀ ਮ: ੧, ਪੰਨਾ ੬੬੦)*

ਉੱਤਰ ਸੁਣ ਫ਼ਕੀਰਾਂ ਅਰਜ਼ ਕੀਤੀ ਕਿ ਹੇ ਸਾਈਂ ਸੁਆਰੇ ਜੀਓ! ਤੁਸੀਂ ਆਪਣੇ ਆਪ ਨੂੰ ਫ਼ਕੀਰ ਤਾਂ ਜ਼ਰੂਰ ਆਖਦੇ ਹੋ, ਪਰ ਤੁਹਾਡੇ ਪਾਸ ਫ਼ਕੀਰਾਂ ਵਾਲਾ ਪੂਰਾ ਪੂਰਾ ਸਾਮਾਨ ਕਿਉਂ ਨਹੀਂ? ਸਾਡੇ ਪਾਸ ਭੰਗ ਹੈ, ਜਿਸਨੂੰ ਅਸੀਂ ਪੀਂਦੇ ਤੇ ਖੀਵੇ ਰਹਿੰਦੇ ਹਾਂ, ਭੰਗ ਰੱਖਣ ਵਾਸਤੇ ਸਾਡੇ ਪਾਸ ਬੱਕਰੇ ਦਾ ਚਮੜਾ ਹੈ, ਭਿਖਿਆ ਮੰਗਣ ਲਈ ਚਿੱਪੀ ਤੇ ਭੰਗ ਰਗੜਨ ਹਿਤ ਡੰਡਾ ਵੀ ਪਾਸ ਹੈ ਤੇ ਜਿਸ ਸੰਪ੍ਰਦਾ ਦਾ ਕੋਈ ਹੈ ਉਸ ਸੰਪ੍ਰਦਾ ਦਾ ਨਿਸ਼ਾਨ ਵੀ ਉਸ ਦੇ ਕੋਲ ਹਾਜ਼ਰ ਹੈ। ਆਪ ਜੀ ਦੇ ਪਾਸ ਸਾਨੂੰ ਕੋਈ ਵੀ ਚੀਜ਼ ਨਜ਼ਰ ਨਹੀਂ ਆਉਂਦੀ ਤੇ ਨਾ ਹੀ ਤੁਹਾਡੀ ਸੰਪ੍ਰਦਾ ਦਾ ਕੋਈ ਪਤਾ ਚੱਲਦਾ ਏ। ਸੋ ਤੁਸੀਂ ਕੈਸੇ ਫ਼ਕੀਰ ਹੋ, ਦੱਸੋ ਤਾਂ ਸਹੀ?

ਬੇਅੰਤ ਬਾਦਸ਼ਾਹੀ ਦੇ ਮਾਲਕ ਸੱਚੇ ਪਿਤਾ, ਧੀਰਜ ਨਾਲ ਕੋਮਲ ਬੁੱਲ੍ਹਾਂ ਵਿੱਚੋਂ ਮੁਸਕਰਾਹਟਾਂ ਕੇਰਦੇ ਹੋਏ ਕਹਿਣ ਲੱਗੇ ਕਿ ਸਾਈਂ ਜੀ! ਸਾਮਾਨ ਤਾਂ ਸਭ ਸਾਡੇ ਪਾਸ ਹੈ ਪਰ ਤੁਹਾਡੇ ਵਰਗਾ ਨਹੀਂ ਸਗੋਂ ਤੁਹਾਡੇ ਨਾਲੋਂ ਚੰਗਾ ਤੇ ਸੁੰਦਰ, ਤੁਹਾਡੇ ਕੋਲ ਉਸ ਸਮੱਗਰੀ ਨੂੰ ਵੇਖਣ ਵਾਲੀਆਂ ਅੱਖਾਂ ਨਾ ਹੋਣ ਕਰਕੇ ਤੁਸੀਂ ਦੇਖ ਨਹੀਂ ਸਕਦੇ। ਬਾਬਾ ਜੀ ਨੇ ਇਉਂ ਉਚਰਿਆ:

**ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥**
**ਮੈ ਦੇਵਾਨਾ ਭਇਆ ਅਤੀਤੁ॥**
**ਕਰ ਕਾਸਾ ਦਰਸਨ ਕੀ ਭੂਖ॥**
**ਮੈ ਦਰਿ ਮਾਗਉ ਨੀਤਾ ਨੀਤ॥੧॥**
**ਤਉ ਦਰਸਨ ਕੀ ਕਰਉ ਸਮਾਇ॥**
**ਮੈ ਦਰਿ ਮਾਗਤੁ ਭੀਖਿਆ ਪਾਇ॥੧॥ ਰਹਾਉ॥**
**ਕੇਸਰਿ ਕੁਸਮ ਮਿਰਗ ਮੈ ਹਰਣਾ ਸਰਬ ਸਰੀਰੀ ਚੜ੍ਹਣਾ॥**
**ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ॥**
**ਘਿਅ ਪਟ ਭਾਂਡਾ ਕਹੈ ਨ ਕੋਇ॥**
**ਐਸਾ ਭਗਤੁ ਵਰਨ ਮਹਿ ਹੋਇ॥**
**ਤੇਰੈ ਨਾਮਿ ਨਿਵੇ ਰਹੇ ਲਿਵ ਲਾਇ॥**
**ਨਾਨਕ ਤਿਨ ਦਰਿ ਭੀਖਿਆ ਪਾਇ॥** *(ਤਿਲੰਗ ਮ: ੧, ਪੰਨਾ ੭੨੧)*

ਐ ਫ਼ਕੀਰੋ! ਮੇਰੇ ਕੋਲ ਨਿਰੰਕਾਰ ਦੇ ਡਰ ਦੀ ਭੰਗ ਹੈ, ਮੈਂ ਇਸਦੇ ਨਸ਼ੇ ਵਿਚ ਮਸਤ ਹਾਂ। ਤੁਸੀਂ ਲੋਕ ਝੂਠੀ ਭੰਗ ਪੀ ਕੇ ਰੋਟੀਆਂ ਨਾਲ ਪੇਟ ਭਰ ਕੇ ਗਾਫ਼ਲ ਹੋ ਕੇ ਸੌਂ ਜਾਂਦੇ ਹੋ। ਸਾਜਨਹਾਰ ਦਾ ਡਰ ਭੁਲਾ ਦਿੰਦੇ ਹੋ ਪਰ ਮੈਂ ਹਰ ਵੇਲੇ ਉਸਦੇ ਡਰ ਵਿਚ ਰਹਿ ਕੇ ਉਸ ਦਾ ਸਿਮਰਨ ਕਰਦਾ ਹਾਂ ਤੇ 'ਖਲੜੀ ਮੇਰਾ ਚੀਤੁ' ਹੈ ਭਾਵ ਕਿ ਕਰਤਾਰ ਪਾਸੋਂ ਡਰਨ ਦੀ ਭੰਗ ਨੂੰ ਰੱਖਣ ਲਈ ਖੱਲੜੀ ਮੇਰਾ ਚਿੱਤ ਹੈ। ਉਸ ਦਾ ਭੈ ਮੇਰੇ ਚਿਤ ਵਿਚ ਹੈ। ਲੋਕ ਦਿਖਾਵੇ ਵਾਸਤੇ ਨਹੀਂ ਸਗੋਂ ਮਨੋਂ ਭੈ ਮੰਨਦਾ ਹਾਂ, ਜਿਸ ਵੇਲੇ ਤੁਹਾਨੂੰ ਝੂਠੀ ਭੰਗ ਦਾ ਨਸ਼ਾ ਚੜ੍ਹਦਾ ਹੈ, ਤੁਸੀਂ ਦਰ ਦਰ ਦੀਆਂ ਟਿੱਕੀਆਂ ਮੰਗਦੇ ਫਿਰਦੇ ਹੋ, ਪਰ ਮੈਂ ਉਸ ਭੈ ਵਿਚ

SIKHBOOKCLUB.COM

ਮਸਤ ਅਤੀਤ ਹੋ ਜਾਂਦਾ ਹਾਂ। ਇਹ ਸੱਚੀ ਮਸਤੀ ਦਰ ਦਰ ਦੇ ਟੁਕੜੇ ਮੰਗਣ ਤੋਂ ਉਚੇਰਿਆਂ ਲੈ ਜਾਂਦੀ ਹੈ। ਤੁਹਾਡੇ ਪਾਸ ਟੁਕੜਿਆਂ ਦੀ ਭੀਖ ਮੰਗਣ ਲਈ ਇਕ ਲੱਕੜੀ ਦਾ ਜਾਂ ਸਮੁੰਦਰੀ ਚਿੱਪੀ ਦਾ ਕਾਸਾ ਹੈ। ਪ੍ਰੰਤੂ ਮੈਂ 'ਕਰ ਕਾਸਾ' ਭਾਵ ਹੱਥ ਦੇ ਪਿਆਲੇ ਵਿਚ ਵਾਹਿਗੁਰੂ ਦੇ ਦਰਸ਼ਨ ਦੀ ਭਿਖਿਆ ਮੰਗਦਾ ਹਾਂ। ਇਸ ਭਿਖਿਆ ਲਈ ਮੇਰਾ ਕੋਈ ਮੁਕੱਰਰ ਵਕਤ ਨਹੀਂ ਸਗੋਂ 'ਮੈ ਦਰਿ ਮਾਗਉ ਨੀਤਾ ਨੀਤ॥' ਹਰ ਵੇਲੇ ਸੁਆਸ ਸੁਆਸ ਉਸਦੇ ਦਰਸ਼ਨਾਂ ਦੀ ਭਿਖਿਆ ਲੋੜਦਾ ਹਾਂ, ਦੰਮ ਦੰਮ ਉਸ ਕਰਤਾ ਪੁਰਖ ਨੂੰ ਲੋਚਦਾ ਹਾਂ, ਮੇਰੀ ਤਾਂ ਹਰ ਵੇਲੇ ਜੋਦੜੀ ਹੈ ਕਿ ਹੇ ਨਿਰੰਕਾਰ ਜੀ! ਮੈਂ ਤੇਰੇ ਦਰ ਦਾ ਭਿਖਾਰੀ ਹਾਂ, ਮੈਨੂੰ ਦਰਸ਼ਨ ਦੀ ਭੀਖ ਦੇਹ, ਤੁਸੀਂ ਫ਼ਕੀਰ ਹੋ ਕੇ ਵੀ ਸੰਪ੍ਰਦਾਵਾਂ ਦੇ ਜਾਲ ਵਿਚ ਫਸੇ ਹੋਏ ਹੋ, ਜ਼ਰਾ ਉਚੇਰੀ ਨਜ਼ਰ ਨਾਲ ਦੇਖਿਆ ਜਾਏ ਤਾਂ ਫ਼ਕੀਰ ਦੀ ਕੋਈ ਜਾਤ ਪਾਤ ਨਹੀਂ ਹੈ, ਜਿਸ ਤਰ੍ਹਾਂ ਕੇਸਰ, ਫੁੱਲ ਤੇ ਹਰਨ ਦੀ ਨਾਭੀ ਵਿੱਚੋਂ ਨਿਕਲੀ ਹੋਈ ਕਸਤੂਰੀ ਦੀ ਕੋਈ ਜਾਤ ਪਾਤ ਨਹੀਂ। ਉਸ ਨੂੰ ਸਾਰੇ ਨਿੱਕੇ ਵੱਡੇ ਲੋਕ ਸਰੀਰ ਦਾ ਸ਼ਿੰਗਾਰ ਬਣਾ ਲੈਂਦੇ ਨੇ। ਚੰਦਨ ਦੀ ਸੁਗੰਧੀ ਤੇ ਗੁਣ ਨਾਲ ਵਾਸਤਾ ਹੈ, ਉਸ ਦੀ ਜਾਤ ਨੂੰ ਕੌਣ ਪੁੱਛਦਾ ਏ। ਕੇਸਰ, ਫੁੱਲ, ਹਰਨ ਦੀ ਨਾਭੀ ਦਾ ਨਾਪਾ ਤੇ ਚੰਦਨ ਕਿਸੇ ਵੀ ਜਾਤ ਦਾ ਮਨੁੱਖ ਲੈ ਆਵੇ ਉਨ੍ਹਾਂ ਨੂੰ ਛੂਤ ਛਾਤ ਨਹੀਂ ਲੱਗਦੀ। ਹਰਨਾਂ ਨੂੰ ਮਾਰ ਕੇ ਉਨ੍ਹਾਂ ਦਾ ਪੇਟ ਪਾੜ ਕੇ ਨਾਪਾ ਕੱਢਣ ਵਾਲੇ ਸ਼ਿਕਾਰੀ ਕੋਈ ਉੱਚੀ ਜਾਤ ਵਾਲੇ ਨਹੀਂ ਸਗੋਂ ਨੀਚ ਮੰਨੇ ਜਾਂਦੇ ਨੇ, ਪਰ ਜਿਸ ਵੇਲੇ ਉਹ ਨਾਪਾ ਲਿਆ ਦਿੰਦੇ ਨੇ, ਕੋਈ ਨਹੀਂ ਆਖਦਾ ਕਿ ਨੀਚ ਜਾਤ ਦੇ ਹੱਥ ਦਾ ਨਾਪਾ ਅਸੀਂ ਨਹੀਂ ਲਵਾਂਗੇ।

ਪੁਰਾਣੇ ਸਮੇਂ ਵਿਚ ਘਿਓ ਦੇ ਵਪਾਰੀ ਕੱਚੇ ਚੰਮ ਦੇ ਬਣੇ ਹੋਏ ਕੁੱਪਿਆਂ ਵਿੱਚ ਘਿਓ ਦਾ ਵਪਾਰ ਕਰਦੇ ਸੀ, ਅਕਸਰ ਕਰਕੇ ਉਹ ਚੰਮ ਗਾਈਂ ਦਾ ਈ ਹੁੰਦਾ ਸੀ, ਪਰੰਤੂ ਕਦੇ ਕਿਸੇ ਨੇ ਨਹੀਂ ਆਖਿਆ ਪਈ ਗਾਈਂ ਦੇ ਚੰਮ ਦੇ ਕੁੱਪੇ ਵਿਚ ਭਰਿਆ ਘਿਓ ਅਸਾਂ ਨਹੀਂ ਲੈਣਾ ਸਗੋਂ ਉਚੀ ਤੋਂ ਉਚੀ ਜਾਤ ਅਖਵਾਉਣ ਵਾਲੇ ਵੀ ਚਾਅ ਨਾਲ ਵਰਤ ਲੈਂਦੇ ਸਨ।

ਰੇਸ਼ਮ ਦਾ ਕੰਮ ਕਰਨ ਵਾਲੇ ਕੀੜੇ ਪਾਲਦੇ ਨੇ, ਉਨ੍ਹਾਂ ਨੂੰ ਤੂਤ ਦੇ ਪੱਤਿਆਂ ਦੀ ਖ਼ੁਰਾਕ ਦਿੰਦੇ ਹਨ। ਜਦੋਂ ਉਹ ਕੀੜੇ ਖ਼ੁਰਾਕ ਖਾਣ ਲਾਇਕ ਹੁੰਦੇ ਨੇ ਤਾਂ ਕਾਫ਼ੀ ਪੱਤੇ ਖਾ ਜਾਂਦੇ ਨੇ, ਜਿਸ ਤਰ੍ਹਾਂ ਬਾਕੀ ਦੇ ਹੋਰ ਜਾਨਵਰ ਗੋਬਰ ਆਦਿਕ ਕਰਦੇ ਨੇ ਏਸੇ ਤਰ੍ਹਾਂ ਉਹ ਕੀੜੇ ਵੀ ਗੋਬਰ ਕਰਦੇ ਨੇ, ਜਿਸ ਨੂੰ ਵਪਾਰੀ ਟੂਟੀਆਂ ਆਖਦੇ ਹਨ। ਵਾਸਤਵ ਵਿਚ ਉਹ ਕੀੜਿਆਂ ਦਾ ਗੋਬਰ ਹੈ। ਉਨ੍ਹਾਂ ਟੂਟੀਆਂ ਨੂੰ ਉਬਾਲ ਕੇ ਰੇਸ਼ਮ ਕੱਢ ਲਿਆ ਜਾਂਦਾ ਏ।

ਹੁਣ ਸੋਚਣਾ ਤਾਂ ਇਹ ਹੈ, ਪਈ ਘਿਓ ਖ਼ਰੀਦਣ ਲੱਗਿਆਂ ਜਾਂ ਰੇਸ਼ਮ ਵਪਾਰਨ ਲੱਗਿਆਂ ਕਦੇ ਕਿਸੇ ਨੇ ਉਨ੍ਹਾਂ ਦੀ ਜਾਤ ਪਾਤ ਨਹੀਂ ਵਿਚਾਰੀ ਸਗੋਂ ਸਾਰਾ ਸੰਸਾਰ ਘਿਓ ਤੇ ਰੇਸ਼ਮ ਨੂੰ ਪਵਿੱਤ੍ਰ ਮੰਨਦਾ ਏ।

ਜਿਸ ਤਰ੍ਹਾਂ ਕੇਸਰ, ਫੁੱਲ, ਨਾਪਾ, ਘਿਓ ਤੇ ਰੇਸ਼ਮ ਦੀ ਕੋਈ ਜਾਤ ਪਾਤ ਨਹੀਂ ਵਿਚਾਰਦਾ, ਇਸੇ ਤਰ੍ਹਾਂ ਵਾਹਿਗੁਰੂ ਦਾ ਭਗਤ ਭਾਵੇਂ ਕਿਸੇ ਵਰਣ ਆਸ਼ਰਮ ਦਾ ਹੋਵੇ ਉਸ ਦੀ ਜਨਮ ਜਾਤ ਵੱਲ ਨਹੀਂ ਦੇਖਿਆ ਜਾਂਦਾ, ਸਗੋਂ ਉਸ ਦੀ ਭਗਤੀ ਵੱਲ ਦੇਖਿਆ ਜਾਂਦਾ ਹੈ। ਸੋ ਮੇਰੀ ਤਾਂ ਅਰਦਾਸ ਹੈ ਕਿ ਹੇ ਕਰਤਾ ਪੁਰਖ! ਜੋ ਤੇਰੇ ਨਾਮ ਅੱਗੇ ਨੀਵੇਂ ਹੋ ਕੇ, ਹੰਕਾਰ ਛੱਡ ਕੇ ਲਿਵ ਲਾਉਂਦੇ ਹਨ, ਉਨ੍ਹਾਂ ਨੂੰ ਨਾਮ ਦੀ ਭਿਖਿਆ ਪਾ ਕੇ ਕ੍ਰਿਤਾਰਥ ਕਰ ਦੇ।

ਐ ਰੱਬ ਦੇ ਫ਼ਕੀਰ ਸਦਵਾਉਣ ਵਾਲੇ ਫ਼ਕੀਰੋ ! ਤੁਸੀਂ ਵੀ ਜਾਤ ਪਾਤ ਦੇ ਚਿੱਕੜ ਵਿੱਚੋਂ ਨਿਕਲਣ ਦਾ ਜਤਨ ਕਰੋ, ਉਲਟੇ ਫਸਦੇ ਨਾ ਜਾਓ। ਬਾਬੇ ਦੇ ਭਾਵ ਦੀ ਪੁਸ਼ਟੀ ਕਰਦਿਆਂ ਕਿਸੇ ਸਾਈਂ ਲੋਕ ਨੇ ਕਿੰਨਾ ਸੁੰਦਰ ਕਥਨ ਕੀਤਾ ਏ ਕਿ :

**ਨਾਲ ਤਾਵੀਜ਼ਾਂ ਦੇ ਨੇਹੁ ਨਹੀਂ ਲਗਦੇ**
**ਛਡ ਕਾਗਜ਼ ਕਲਮ ਦੁਆਤਾਂ।**
**ਸ਼ਾਨ ਗੁਮਾਨ ਲਿਬਾਸ ਨਹੀਂ ਵਿਕਦੇ**
**ਨਾ ਰੱਬ ਪੁੱਛਦਾ ਏ ਜਾਤਾਂ।**

ਸਾਈਂ ਦੇ ਲੋਕ,ਸਾਈਂ ਰੰਗ ਵਿਚ ਰੰਗੇ ਹੋਏ, ਰੰਗੀਲੇ ਰੰਗਾਂ ਵਿਚ ਰੁਮਕਦੇ ਹੋਏ ਸਰੇਸ਼ਟ ਉਪਦੇਸ਼ ਦਿੰਦੇ ਕਹਿ ਰਹੇ ਨੇ :

**ਸਾਢੇ ਤਿੰਨ ਮਣ ਦੇਹੀ ਨੂੰ ਕੀ ਧੋਣਾ, ਇਕ ਧੋ ਛਡ ਟੁਕੜਾ ਦਿਲ ਦਾ।**
**ਦੇਹੀ ਧੋਤੇ ਕੁਝ ਲੱਭਦਾ ਨਾਹੀਂ, ਦਿਲ ਧੋਤੇ ਰੱਬ ਮਿਲਦਾ।**

ਇਸ ਤਰ੍ਹਾਂ ਦੀਆਂ ਸਿਧਾਂਤਕ ਗੱਲਾਂ ਕਰਦੇ ਸ੍ਰੀ ਬਾਬਾ ਜੀ ਮੱਕੇ ਸ਼ਰੀਫ਼ ਪੁੱਜ ਗਏ ਤੇ ਮਸੀਤ ਵਿਚ ਆਸਨ ਜਮਾ ਦਿੱਤੇ। ਹੱਥ ਵਿਚ ਆਸਾ, ਕੱਛ ਵਿਚ ਕਿਤਾਬ, ਕੂੰਜਾ ਪਾਣੀ ਵਾਲਾ ਕੋਲ, ਮੁਸੱਲਾ ਮੋਢੇ 'ਤੇ, ਪੂਰਾ ਨਿਮਾਜ਼ੀਆਂ ਵਾਲਾ ਵੇਸ ਵਟਾ ਕੇ ਮਸੀਤੇ ਬੈਠ ਗਏ, ਜਿਥੇ ਹਾਜੀ ਲੋਕ ਹੱਜ ਕਰਦੇ ਨੇ। ਮੱਕੇ ਵਾਸੀ ਆਉਂਦੇ, ਵੇਖਦੇ ਤੇ ਹੈਰਾਨ ਹੋ ਕੇ ਚੁੱਪ ਕਰ ਕੇ ਸੋਚੀਂ ਪੈ ਜਾਂਦੇ ਨੇ ਪਈ ਬਾਣਾ ਹਾਜੀਆਂ ਵਾਲਾ ਏ ਤੇ ਬੋਲੀ ਹੋਂਦਕੀ ਹੈ, ਬੋਲ-ਚਾਲ ਤੋਂ ਮਾਲੂਮ ਹੁੰਦਾ ਏ ਕਿ ਬੜਾ ਸਿਆਣਾ ਤੇ ਆਲਮ ਫ਼ਾਜ਼ਲ ਹੈ। ਰਹਿਣੀ ਬਹਿਣੀ ਵੀ ਬੜੀ ਉੱਚੀ ਸੁੱਚੀ ਹੈ। ਚਿਹਰੇ ਦੇ ਜਲਾਲ ਤੋਂ ਰੱਬ ਦਾ ਨਬੀ ਮਾਲੂਮ ਹੁੰਦਾ ਏ। ਲੇਕਿਨ ਬੋਲੀ ਹੋਂਦਕੀ ਹੋਣ ਕਰਕੇ ਦਿਲ ਟਪਲਿਆਂ ਵਿਚ ਪੈ ਗਿਆ ਹੈ। ਕਿਸ ਤਰ੍ਹਾਂ ਪਤਾ ਕਰੀਏ ਕਿ ਇਹ ਕੌਣ ਹੈ ? ਮੱਕੇ ਦੇ ਕਾਜ਼ੀਆਂ ਮਜੌਰਾਂ ਨੇ ਸੋਚ-ਸਾਚ ਕੇ ਬਾਬਾ ਜੀ ਪਾਸੋਂ ਪੁੱਛ ਕੀਤੀ ਕਿ ਸਾਈਂ ਸਵਾਰੇ ਜੀਓ ! ਦੁਨੀਆਂ ਵਿਚ ਹਿੰਦੂ ਵੱਡਾ ਹੈ ਕਿ ਮੁਸਲਮਾਨ ? ਇਸ ਪੁੱਛ ਤੋਂ ਮੱਕੇ ਵਾਸੀ ਲੋਕਾਂ ਦਾ ਖ਼ਿਆਲ ਇਹ ਸੀ ਕਿ ਜੇ ਹਿੰਦੂਆਂ ਨੂੰ ਵੱਡਾ ਆਖੇਗਾ ਤਾਂ ਹਿੰਦੂ ਹੋਵੇਗਾ ਤੇ ਜੇ ਮੁਸਲਮਾਨਾਂ ਨੂੰ ਵੱਡਾ ਕਹੇਗਾ ਤਾਂ ਸਮਝ ਲਵਾਂਗੇ ਕਿ ਮੁਸਲਮਾਨ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਵੀ ਹੈ ਕਿ :

**ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।**
**ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ।**
**ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹੱਜਿ ਗੁਜਾਰੀ।**
**ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਿਰਾਬੇ ਪਾਇ ਪਸਾਰੀ।**
**ਜੀਵਣਿ ਮਾਰੀ ਲੱਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ।**
**ਲਤਾਂ ਵਲਿ ਖੁਦਾਇ ਦੇ ਕਿਉ ਕਰਿ ਪਇਆ ਹੋਇ ਬਜਿਗਾਰੀ।**
**ਟੰਗੋ ਪਕੜਿ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ।**
**ਹੋਇ ਹੈਰਾਨੁ ਕਰੇ ਜੁਹਾਰੀ।੩੨।** *(ਵਾਰ ੧, ਪਉੜੀ ੩੨)*

**ਪੁਛਨਿ ਗਲ ਈਮਾਨ ਦੀ ਕਾਜ਼ੀ ਮੁੱਲਾਂ ਇਕੱਠੇ ਹੋਈ।**

ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ।
ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ ?
ਬਾਬਾ ਆਖੇ ਹਾਜੀਆਂ ਸੁਭਿ ਅਮਲਾ ਬਾਝਹੁ ਦੋਨੋ ਰੋਈ।
ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ।
ਕਚਾ ਰੰਗ ਕਸੁੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ।
ਕਰਨਿ ਬਖੀਲੀ ਆਪਿ ਵਿਚਿ ਰਾਮ ਰਹੀਮ ਇਕ ਥਾਇ ਖਲੋਈ।
ਰਾਹਿ ਸੈਤਾਨੀ ਦੁਨੀਆਂ ਗੋਈ।੩੩। *(ਵਾਰ ੧, ਪਉੜੀ ੩੩)*

ਕਾਜ਼ੀ ਮੁੱਲਾ 'ਕੱਠੇ ਹੋ ਕੇ ਪੁੱਛਣ ਲੱਗੇ ਕਿ ਸਾਨੂੰ ਧਰਮ ਤੇ ਈਮਾਨ ਦੀ ਗੱਲ ਦੱਸੋ, ਪਈ ਹਿੰਦੂ ਵੱਡਾ ਹੈ ਕਿ ਮੁਸਲਮਾਨ ? ਤੁਸਾਂ ਬੜਾ ਭਾਰੀ ਸਾਂਗ ਬਣਾਇਆ ਏ। ਤੁਹਾਡੀ ਤਾਕਤ ਨੂੰ ਕੋਈ ਜਾਣ ਬੁੱਝ ਤੇ ਸੋਚ ਸਮਝ ਨਹੀਂ ਸਕਿਆ। ਤੁਹਾਡੇ ਪਾਸ ਜੋ ਕਿਤਾਬ ਹੈ ਇਸ ਨੂੰ ਖੋਲ੍ਹ ਕੇ ਸਾਨੂੰ ਸਾਰੀ ਗੱਲ ਦੱਸੋ, ਪਈ ਰੱਬ ਦੇ ਘਰ ਵੱਡਾ ਕਿਸ ਨੂੰ ਮੰਨਿਆ ਗਿਆ ਹੈ ? ਹਿੰਦੂ ਨੂੰ ਕਿ ਮੁਸਲਮਾਨ ਨੂੰ ? ਸਵਾਲ ਸੁਣ ਕੇ ਸਤਿਗੁਰੂ ਜੀ ਨੇ ਜੋ ਉੱਤਰ ਦਿੱਤਾ, ਉਹ ਪੱਖਪਾਤ ਤੋਂ ਰਹਿਤ, ਪਾਰਟੀਪੁਣੇ ਤੋਂ ਉੱਚਾ, ਮਜ਼ਹਬ ਦੀਆਂ ਤੰਗ ਲਕੀਰਾਂ ਤੋਂ ਬਾਹਰ ਹੈ। ਕਿਸੇ ਦੀ ਰੌ ਰਿਆਤ ਤੇ ਚਾਪਲੂਸੀ ਤੋਂ ਪਾਕ ਹੈ। ਇਸ ਉੱਤਰ ਵਿਚ ਆਪ ਦੇ ਸੱਚੇ ਸੁੱਚੇ ਦਿਲ ਦਾ ਨਿਧੜਕਪੁਣਾ ਸੂਰਜ ਵਤ ਚਮਕਦਾ ਹੈ। ਆਪ ਨੇ ਫ਼ੁਰਮਾਇਆ, "ਹਾਜੀਓ ! ਕੰਨ ਧਰ ਕੇ ਸੁਣੋ ! ਹਿੰਦੂ ਹੋਵੇ ਭਾਵੇਂ ਮੁਸਲਮਾਨ ਹੋਵੇ, ਜੇ ਉਸ ਦੇ ਅਮਲ ਚੰਗੇ ਨਹੀਂ, ਜੇ ਦਿਨੇ ਰਾਤ ਗੁਨਾਹ ਕਰ ਕੇ ਸਿਰ ਦੀ ਗੱਠੜੀ ਭਾਰੀ ਕਰੀ ਜਾ ਰਿਹਾ ਏ, ਜੇ ਪਾਪਾਂ ਤੇ ਕੁਕਰਮਾਂ ਨਾਲ ਤਨ ਮਨ ਮੈਲਾ ਕਰ ਚੁੱਕਾ ਏ, ਤਾਂ ਉਸ ਨੂੰ ਅੱਲਾ ਦੀ ਦਰਗਾਹ ਵਿਚ ਰੋਣਾ ਪਵੇਗਾ। ਹਿੰਦੂ ਹੋਵੇ ਜਾਂ ਮੁਸਲਮਾਨ ਹੋਵੇ, ਉਸਨੂੰ ਰੱਬ ਦੀ ਦਰਗਾਹ ਵਿਚ ਢੋਈ ਨਹੀਂ ਮਿਲੇਗੀ। ਜਿਸ ਤਰ੍ਹਾਂ ਕਸੁੰਭੇ ਦਾ ਰੰਗ ਕੱਚਾ ਹੋਣ ਕਰਕੇ ਪਾਣੀ ਨਾਲ ਧੋਤਿਆਂ ਕਾਇਮ ਨਹੀਂ ਰਹਿ ਸਕਦਾ, ਇਸੇ ਤਰ੍ਹਾਂ ਚੰਗੇ ਅਮਲਾਂ ਤੋਂ ਬਿਨਾਂ ਮਜ਼ਹਬ ਦਾ ਰੰਗ ਵੀ ਕੱਚਾ ਹੈ, ਯਕੀਨ ਦੇ ਪਾਣੀ ਨਾਲ ਧੋਤਿਆਂ ਉਤਰ ਜਾਂਦਾ ਹੈ, ਭਰੋਸੇ ਦੀ ਕਸਵੱਟੀ ਉਤੇ ਸਾਬਤ ਨਹੀਂ ਨਿਕਲ ਸਕੇਗਾ, ਕੱਚੇ ਰੰਗ ਦੇ ਮਜ਼ਹਬੀ ਲੋਕ ਆਪਸ ਵਿਚ ਬਖ਼ੀਲੀਆਂ ਕਰਦੇ ਹਨ, ਜਿਸ ਕਰਕੇ ਰਾਮ ਤੇ ਰਹੀਮ ਦੇ ਖਲੋਣ ਦੀ ਕੋਈ ਥਾਂ ਨਹੀਂ ਰਹੀ, ਜਦੋਂ ਹਿੰਦੂ ਮੁਸਲਮਾਨ ਆਪਸ ਵਿਚ ਬਖ਼ੀਲ ਹਨ, ਤਾਂ ਨਾ ਹਿੰਦੂ ਦੇ ਮਨ ਵਿਚ ਰਾਮ ਰਿਹਾ ਤੇ ਨਾ ਮੁਸਲਮਾਨ ਦੇ ਦਿਲ ਵਿਚ ਰਹੀਮ ਹੀ ਰਿਹਾ। ਹਿੰਦੂ ਜ਼ਬਾਨੋਂ ਤਾਂ ਆਖਦਾ ਹੈ ਕਿ ਰਾਮ ਸਭ ਥਾਵਾਂ ਵਿਚ ਰਮਿਆ ਹੋਇਆ ਹੈ; ਜੇ ਰਮਿਆ ਹੋਇਆ ਹੈ ਤਾਂ ਫਿਰ ਬਖ਼ੀਲੀ ਕਿਸ ਨਾਲ ਕਰਨੀ ਹੋਈ ? ਮੁਸਲਮਾਨ ਆਖਦਾ ਹੈ ਕਿ ਖ਼ੁਦਾ ਰਹੀਮ ਹੈ, ਭਾਵ ਰਹਿਮ ਹੈ, ਭਾਵ ਰਹਿਮ ਕਰਨ ਵਾਲਾ ਹੈ; ਜੇ ਅੱਲਾ ਰਹਿਮ ਕਰਨ ਵਾਲਾ ਹੈ ਤਾਂ ਅੱਲਾ ਦਾ ਪੁਜਾਰੀ ਕਿਸੇ ਨਾਲ ਬਖ਼ੀਲੀ ਕਿਉਂ ਕਰੇ ? ਜੇ ਬਖ਼ੀਲੀ ਕਰਦੇ ਨੇ ਤਾਂ ਸਮਝੋ ਕਿ ਹਿੰਦੂ ਉਸ ਨੂੰ ਵਿਆਪਕ ਨਹੀਂ ਮੰਨਦਾ ਤੇ ਮੁਸਲਮਾਨ ਉਸ ਨੂੰ ਰਹੀਮ ਨਹੀਂ ਸਮਝਦਾ, ਐਵੇਂ ਲੋਕ-ਦਿਖਾਵਾ ਈ ਕਰਦੇ ਹਨ, ਇਸ ਤਰ੍ਹਾਂ ਸ਼ੈਤਾਨ ਦੇ ਰਾਹ ਤੇ ਤੁਰ ਕੇ ਦੁਨੀਆਂ ਖ਼ਰਾਬ ਹੋ ਗਈ ਹੈ।"

ਹਜ਼ੂਰ ਦੇ ਇਸ ਨਿਪੱਖ ਉੱਤਰ ਨੇ ਅਰਬ ਨੂੰ ਹਲੂਣਿਆ, ਸਰਕਾਰ ਦੀ ਸੱਚਾਈ ਨੇ ਸੱਚੇ ਬੰਦਿਆਂ ਨੂੰ ਨਿਉਂਦਾ ਦਿੱਤਾ, ਜਿਸ ਦਾ ਅਸਰ ਅੱਜ ਵੀ ਕਈ ਸੱਚਾਈ-ਪਸੰਦ ਮੁਸਲਮਾਨਾਂ ਦੇ ਦਿਲ 'ਤੇ ਹੈ। ਇਕ ਮੁਸਲਮਾਨ ਨੇ ਲਿਖਿਆ ਹੈ ਕਿ :

ਜ਼ਮਾਨੇ ਮੇਂ ਜਿਸ ਵਕਤ ਅੰਧੇਰ ਥਾ।
ਹਿੰਦ ਮੇਂ ਨਾ ਥਾ ਰੌਸ਼ਨੀ ਕਾ ਪਤਾ।
ਨਾ ਸ਼ੀਰਾਜ਼ਾ ਬੰਦੀ ਨਾ ਤਰਤੀਬ ਥੀ।
ਨਾ ਇਨਸਾਨੀਅਤ ਨਾ ਤਹਿਜ਼ੀਬ ਥੀ।
ਬਾਜਾਹਰ ਅਗਰ ਚੇ ਵੋਹ ਇਨਸਾਨ ਥੇ।
ਹਕੀਕਤ ਮੇਂ ਲੇਕਿਨ ਵੋਹ ਹੈਵਾਨ ਥੇ।
ਵੋਹ ਅੰਧੇ ਥੇ ਆਂਖੋਂ ਕੇ ਹੋਤੇ ਹੂਏ।
ਜਗਾਤੇ ਥੇ ਫਿਤਨੇ ਵੋਹ ਸੋਤੇ ਹੂਏ।
ਵਿਲਾਦਤ ਥੀ ਦੁਖ਼ਤਰ ਕੀ ਉਨ ਕੋ ਜ਼ਬੂੰ।
ਸਮਝਤੇ ਥੇ ਅਪਨੇ ਲੀਏ ਬਦ ਸ਼ਗੂੰ।
ਕੀਆ ਕਤਲ ਲੜਕੀ ਜੁ ਪੈਦਾ ਹੁਈ।
ਜਹਾਲਤ ਕੀ ਬਸ ਇੰਤਹਾ ਹੋ ਗਈ।
ਜ਼ਨਾਕਾਰ ਇਤਨੇ ਵੋਹ ਥੇ ਬਦ ਸ਼ਹਰ।
ਕਿ ਹੋਤਾ ਥਾ ਮਾਂ ਕਾ ਪਿਸਰ ਖ਼੍ਵਾਸਤ ਗਰ।
ਵਿਰਾਸਤ ਮੇਂ ਆਤੀ ਥੀ ਬੇਟੇ ਕੋ ਮਾਂ।
ਯਿਹ ਕੈਸੀ ਅਜਬ ਰਸਮ ਹੈ ਅਲਅਮਾਂ।
ਹਮੇਸ਼ਾ ਵਹਾਂ ਦੌਰਿ ਮੈ ਜਾਮ ਥਾ।
ਸ਼ਬੋ ਰੋਜ਼ ਉਨ ਕਾ ਯਿਹੀ ਕਾਮ ਥਾ।
ਯਿਹ ਮੁਖਤਸਰ ਜ਼ਿਕਰ ਹੈ ਇਖ਼ਲਾਕ ਕਾ।
ਇਬਾਦਤ ਕਾ ਅਬ ਹਾਲ ਸੁਨੀਏ ਜ਼ਰਾ।
ਬੁਤੋਂ ਕੀ ਪ੍ਰਸਤੱਸ਼ ਕਾ ਵੋਹ ਜ਼ੋਰ ਥਾ।
ਕਿ ਹਰ ਏਕ ਕਾ ਥਾ ਜੁਦਾ ਇਕ ਖ਼ੁਦਾ।
ਹਮੇਸ਼ਾ ਯਹ ਕਾਨੂੰਨ ਕੁਦਰਤ ਰਹਾ।
ਕਿ ਜਬ ਖ਼ਲਕ ਮੇਂ ਦੌਰਿ ਜ਼ੁਲਮਤ ਰਹਾ।
ਹਿਦਾਇਤ ਕੋ ਆਇਆ ਜਹਾਂ ਮੇਂ ਨਬੀ।
ਹਮੇਸ਼ਾ ਖ਼ੁਦਾ ਕੀ ਯਿਹ ਸੁੰਨਤ ਰਹੀ।
ਚੁਨਾਂਚਿ ਥੀ ਜਬ ਹਿੰਦ ਮੇਂ ਤੀਰਗੀ।
ਭੰਵਰ ਮੇਂ ਥੀ ਇਨਸਾਂ ਕੀ ਕਿਸ਼ਤੀ ਘਿਰੀ।
ਖਵੱਯੀਆ ਜਹਾਂ ਮੇਂ ਹਵੈਦਾ ਹੂਏ।
ਤੋ ਅੱਲਾ ਸੇ ਨਾਨਕ ਜੀ ਪੈਦਾ ਹੂਏ।
ਨਾਨਕ ਜੀ ਅੱਲਾ ਸੇ ਹੂਏ ਰਸੂਲ।
ਹਕੀਕਤ ਮੇਂ ਅੱਲਾ ਕੋ ਥਾ ਯਹ ਕਬੂਲ।

ਮੱਕੇ ਵਾਲਿਆਂ ਨੂੰ ਸੱਚ ਦਾ ਉਪਦੇਸ਼ ਦੇ ਕੇ ਨਿਹਾਲ ਕੀਤਾ, ਪਊਏ ਦੀ ਨਿਸ਼ਾਨੀ ਦੇ ਕੇ ਮੱਕੇ ਵਿਚ ਸਦਾ ਵਾਸਤੇ ਆਪਣਾ ਆਪਾ ਟਿਕਾ ਦਿੱਤਾ। ਭਾਈ ਗੁਰਦਾਸ ਜੀ ਦਾ ਬਚਨ ਹੈ ਕਿ :

SIKHBOOKCLUB.COM

ਧਰੀ ਨੀਸਾਣੀ ਕਉਸ ਦੀ ਮਕੇ ਅੰਦਰਿ ਪੂਜ ਕਰਾਈ।
ਜਿਥੈ ਜਾਇ ਜਗਤਿ ਵਿਚਿ ਬਾਬੇ ਬਾਝੁ ਨ ਖਾਲੀ ਜਾਈ।
ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ।
ਛਪੇ ਨਾਹਿ ਛਪਾਇਆ ਚੜਿਆ ਸੂਰਜੁ ਜਗ ਰੁਸਨਾਈ।
ਬੁਕਿਆ ਸਿੰਘ ਉਜਾੜ ਵਿਚਿ ਸਭਿ ਮਿਰਗਾਵਲਿ ਭੰਨੀ ਜਾਈ।
ਚੜਿਆ ਚੰਦੁ ਨ ਲੁਕਾਈ ਕਢਿ ਕੁਨਾਲੀ ਜੋਤਿ ਛਪਾਈ।
ਉਗਵਣਿ ਤੇ ਆਥਵਣੋ ਨਉਖੰਡ ਪ੍ਰਿਥਮੀ ਸਭਾ ਝੁਕਾਈ।
ਜਗ ਅੰਦਰਿ ਕੁਦਰਤਿ ਵਰਤਾਈ।੩੪। *(ਵਾਰ ੧, ਪਉੜੀ ੩੪)*

ਭਾਈ ਗੁਰਦਾਸ ਜੀ ਦੇ ਉਪਰਲੇ ਕਥਨ ਅਨੁਸਾਰ ਤਾਂ ਇਹ ਪਤਾ ਲੱਗਦਾ ਹੈ ਕਿ ਚੜ੍ਹਦੇ ਤੋਂ ਲਹਿੰਦੇ ਤਕ ਸਤਿਗੁਰੂ ਦਾ ਸਿੱਕਾ ਬੈਠਾ ਹੋਇਆ ਸੀ, ਜਗ ਵਿਚ ਕੋਈ ਐਸੀ ਥਾਂ ਨਹੀਂ ਜੋ ਸਤਿਗੁਰੂ ਤੋਂ ਖ਼ਾਲੀ ਦਿਸਦੀ ਹੋਵੇ।[੧] ਹਿੰਦੂ ਤੇ ਮੁਸਲਮਾਨਾਂ ਦੇ ਘਰ ਘਰ ਵਿਚ ਬਾਬਾ ਗਾਵਿਆ ਜਾਂਦਾ ਹੈ, ਮੱਕੇ ਮਦੀਨੇ ਦੀ ਯਾਤਰਾ ਤੋਂ ਉਪਰੰਤ ਈਰਾਨ ਦੀ ਧਰਤੀ ਨੂੰ ਦੇਖਦੇ ਅਨੰਤ ਕੌਤਕ ਕੀਤੇ। ਇਸ ਉਡਾਰੀ ਦੇ ਉਪਰੰਤ ਆਪ ਸ੍ਰੀ ਕਰਤਾਰਪੁਰ ਸਾਹਿਬ ਰਾਵੀ ਦੇ ਕੰਢੇ ਆ ਬਿਰਾਜੇ ਤੇ ਲੰਗਰ ਚਲਾਉਣ ਲਈ ਜ਼ਿਮੀਂਦਾਰਾ ਕੰਮ ਅਰੰਭ ਲਿਆ। ਜਿਸ ਕੰਮ ਨੂੰ ਪੰਜਾਬ ਵਿਚ ਸਭ ਤੋਂ ਔਖਾ ਤੇ ਕਠਨ ਮੰਨਿਆ ਗਿਆ ਏ, ਉਹ ਕੰਮ ਆਪ ਨੇ ਅਖ਼ੀਰਲੀ ਉਮਰੇ ਸ਼ੁਰੂ ਕੀਤਾ। ਜੋ ਫ਼ਸਲ ਪੱਕ ਕੇ ਤਿਆਰ ਹੁੰਦੀ, ਸਭ ਆਏ ਗਏ ਯਾਤਰੂਆਂ ਨੂੰ ਛਕਾ ਦਿੱਤੀ ਜਾਂਦੀ, ਸ੍ਰੀ ਕਰਤਾਰਪੁਰ ਵਿਚ ਦੋ ਲੰਗਰ ਲਾ ਦਿੱਤੇ। ਇਕ ਨਾਮ ਦਾ, ਦੂਜਾ ਰੋਟੀ ਪਾਣੀ ਦਾ, ਜਿਥੇ ਆਏ ਮੁਸਾਫ਼ਰਾਂ ਨੂੰ ਚੰਗੇ ਤੋਂ ਚੰਗਾ ਭੋਜਨ ਮਿਲਦਾ ਹੈ, ਉਥੇ ਨਾਲ ਹੀ ਅੰਮ੍ਰਿਤ ਰੂਪ ਉਪਦੇਸ਼ ਦੇ ਕੇ ਜਨਮ ਮਰਨ ਦੇ ਬੰਧਨ ਵੀ ਕੱਟੇ ਜਾਣ ਲੱਗੇ, ਹੁਣ ਸਾਰੇ ਇਲਾਕੇ ਵਿਚ ਗਹਿਮਾ ਗਹਿਮ ਹੈ, ਸ਼ਰਧਾਲੂਆਂ ਦੀ ਭੀੜ ਭਾੜ ਹਰ ਵੇਲੇ ਲੱਗੀ ਰਹਿੰਦੀ ਏ। ਆਏ ਸ਼ਰਧਾਲੂ ਮਨ ਬਾਂਛਤ ਫਲ ਪ੍ਰਾਪਤ ਕਰ ਕੇ ਗਦ ਗਦ ਹੋ ਕੇ ਜਾਂਦੇ ਨੇ। ਚਾਰ ਚੁਫ਼ੇਰੇ ਜੈ ਜੈ ਕਾਰ ਧੁਨ ਦੀਆਂ ਧੁਨੀਆਂ ਉਠਦੀਆਂ ਨੇ, ਤਦੇ ਖ਼ਬਰ ਕਿ ਸ੍ਰੀ ਹਜ਼ੂਰ ਸੱਚੇ ਪਾਤਸ਼ਾਹ ਜੀ ਨੂੰ ਪਤਾ ਲੱਗਾ ਕਿ ਬਟਾਲੇ ਤੋਂ ਤਿੰਨ ਕੁ ਕੋਹ ਚੜ੍ਹਦੇ ਪਾਸੇ ਇਕ ਸਿੱਧਾਂ ਦਾ ਅਸਥਾਨ ਹੈ ਜਿਸ ਦਾ ਨਾਂ ਹੈ ਅਚਲ, ਉਥੇ ਸ਼ਿਵਰਾਤਰੀ ਦਾ ਮੇਲਾ ਲੱਗਦਾ ਹੈ। ਸੋ ਗੁਰਮਤ ਪ੍ਰਚਾਰ ਹਿਤ ਬਾਬਾ ਜੀ ਏਥੇ ਆ ਦਰਸ਼ਨ ਦਿੱਤੇ।

ਭਾਵੇਂ ਆਪ ਜੀ ਦੇ ਆਉਣ ਬਾਰੇ ਕੋਈ ਇਤਲਾਹ ਨਹੀਂ ਸੀ, ਨਾ ਹੀ ਕੋਈ ਪ੍ਰਚਾਰ ਕੀਤਾ ਗਿਆ ਸੀ, ਨਾ ਪਿੰਡਾਂ ਵਿਚ ਕੋਈ ਢੰਡੋਰਾ ਫੇਰਿਆ ਗਿਆ ਸੀ ਤੇ ਨਾ ਹੀ ਕੋਈ ਹੋਰ ਖ਼ਾਸ ਪ੍ਰਬੰਧ ਕੀਤਾ ਗਿਆ ਸੀ, ਸਗੋਂ ਆਪ ਜੀ ਦਾ ਆਉਣਾ ਅਚਨਚੇਤ ਤੇ ਚੁਪ ਚਾਪ ਹੀ ਸੀ, ਪਰ ਚੂੰਕਿ ਸੱਚਾ ਸਤਿਗੁਰੂ ਸੀ, ਆਪ ਦਾ ਆਗਮਨ ਕਿਵੇਂ ਛੁਪਿਆ ਰਹਿ ਸਕਦਾ ਸੀ, ਲੋਕਾਂ ਨੂੰ ਤੁਰੰਤ ਪਤਾ ਲੱਗ ਗਿਆ ਕਿ ਤ੍ਰਿਪਤਾ ਦਾ ਲਾਲ, ਭੈਣ ਨਾਨਕੀ ਦਾ ਸੁੱਖਾਂ ਲੱਧਾ ਵੀਰ, ਪਿਤਾ ਕਾਲੂ ਦਾ ਨੂਰੇ ਨਜ਼ਰ, ਗੁਰੂ ਨਾਨਕ ਆਇਆ ਹੈ। ਬੱਸ ਫੇਰ ਕੀ ਸੀ, ਦਰਸ਼ਨ ਅਭਿਲਾਖੀ ਟੋਲਿਆਂ ਦੇ ਟੋਲੇ ਤੇ ਜਥਿਆਂ ਦੇ ਜਥੇ ਬਣ ਬਣ ਕੇ

੧. ਪਰਉਪਕਾਰੀ ਸਤਿਗੁਰ ਸੱਚੇ ਪਾਤਿਸ਼ਾਹ ਨੇ ਨਾਮ ਬਾਣੀ ਦਾ ਜਿੰਨਾ ਬੀਜ ਬੀਜਿਆ ਹੈ, ਉੱਨਾ ਅਸੀਂ ਸੰਭਾਲ ਨਹੀਂ ਸਕੇ। ਜੇ ਸਿੱਖ ਕੌਮ ਦੇ ਪੂੰਜੀਪਤੀ ਇਸ ਪ੍ਰਚਾਰ ਵੱਲ ਧਿਆਨ ਦਿੰਦੇ ਤਾਂ ਦੁਨੀਆਂ ਵਿਚ ਸਾਰੇ ਸਿੱਖੀ ਫੈਲ ਸਕਦੀ ਸੀ, ਪਰ ਸ਼ੋਕ ਕਿ ਵੱਡੇ ਲੋਕਾਂ ਪ੍ਰਚਾਰਕ ਲਾਈਨ ਨੂੰ ਅਪਣਾਇਆ ਨਹੀਂ।

ਆ ਇਕੱਠੇ ਹੋਏ। ਸੱਚੇ ਪਾਤਸ਼ਾਹ ਜੀ ਦੇ ਚਾਰ ਚੁਫੇਰੇ ਲੋਕ ਇਉਂ ਆ ਜੁੜੇ ਜਿਉਂ ਚੰਦ ਗਿਰਦੇ ਤਾਰੇ ਤੇ ਦੀਵੇ ਗਿਰਦੇ ਪਰਵਾਨੇ ਆ ਝੁਰਮਟ ਪਾਉਂਦੇ ਨੇ। ਭੀੜ ਭਾੜ ਵਿਚ ਤਿਲ ਮਾਰਿਆਂ ਥੱਲੇ ਨਹੀਂ ਪੈਂਦਾ। ਗ਼ਰੀਬ ਨਿਵਾਜ਼ ਦੇ ਦਰਸ਼ਨਾਂ ਦਾ ਅੰਮ੍ਰਿਤ ਪੀਣ ਲਈ ਪਿਆਸੇ ਇਕ ਦੂਜੇ ਤੋਂ ਅੱਗੇ ਵਧਣ ਦੀ ਕੋਸ਼ਿਸ਼ ਕਰ ਰਹੇ ਸਨ। ਭਾਈ ਜੀ ਨੇ ਲਿਖਿਆ ਹੈ ਕਿ :

**ਮੇਲਾ ਸੁਣਿ ਸਿਵਰਾਤਿ ਦਾ, ਬਾਬਾ ਅਚਲ ਵਟਾਲੇ ਆਈ।**
**ਦਰਸਨੁ ਵੇਖਣਿ ਕਾਰਨੇ, ਸਗਲੀ ਉਲਟ ਪਈ ਲੋਕਾਈ।**
**ਲਗੀ ਬਰਸਣਿ ਲਛਮੀ, ਰਿਧਿ ਸਿਧਿ ਨਉ ਨਿਧਿ ਸਵਾਈ।**
**ਜੋਗੀ ਦੇਖ ਚਲਿਤ੍ਰ ਨੋ, ਮਨ ਵਿਚਿ ਰਿਸਕਿ ਘਨੇਰੀ ਖਾਈ।**
**ਭਗਤੀਆ ਪਾਈ ਭਗਤਿ ਆਣਿ, ਲੋਟਾ ਜੋਗੀ ਲਇਆ ਛਪਾਈ।**
**ਭਗਤੀਆਂ ਗਈ ਭਗਤਿ ਭੁਲਿ, ਲੋਟੇ ਅੰਦਰਿ ਸੁਰਤਿ ਭੁਲਾਈ।**
**ਬਾਬਾ ਜਾਣੀ ਜਾਣ ਪੁਰਖ, ਕਢਿਆ ਲੋਟਾ ਜਹਾ ਲੁਕਾਈ।**
**ਵੇਖਿ ਚਲਿਤ੍ਰ ਜੋਗੀ ਖੁਣਿਸਾਈ।੩੯।** *(ਵਾਰ ੧, ਪਉੜੀ ੩੯)*

ਭਾਈ ਸਾਹਿਬ ਜੀ ਦੇ ਕਥਨ ਅਨੁਸਾਰ ਸਾਰੀ ਲੋਕਾਈ ਹੀ ਦਰਸ਼ਨ ਵਾਸਤੇ ਉਲਟ ਪਈ ਤੇ ਹਜ਼ੂਰ ਦੇ ਚਰਨਾਂ ਉਤੇ ਲਛਮੀ ਦਾ ਮੀਂਹ ਵਰ੍ਹਨ ਲੱਗ ਪਿਆ, ਜਿਸ ਕਰਕੇ ਸਿੱਧਾਂ ਨੇ ਬੜੀ ਖਾਰ ਖਾਧੀ ਤੇ ਮਨ ਹੀ ਮਨ ਬੜੇ ਸੜਨ ਕੁੜ੍ਹਨ ਲੱਗੇ ਕਿ ਜੇ ਗੁਰੂ ਨਾਨਕ ਜੀ ਏਥੇ ਨਾ ਆਉਂਦੇ ਤਾਂ ਇਹ ਸਾਰੀ ਮਾਇਆ ਸਾਨੂੰ ਹੀ ਚੜ੍ਹਨੀ ਸੀ।

ਇਤਨੇ ਨੂੰ ਕੀਰਤਨ ਕਰਨ ਵਾਲੇ ਕੀਰਤਨੀਏ ਆ ਗਏ ਤੇ ਹਰੀ ਭਗਤੀ ਸ਼ੁਰੂ ਹੋ ਗਈ ਤੇ ਸੰਗਤ ਅਨੰਦ ਵਿਚ ਮਗਨ ਹੋ ਗਈ। ਕੀਰਤਨ ਦਾ ਅੰਮ੍ਰਿਤ ਹਰ ਇਕ ਦੇ ਮਨ ਨੂੰ ਅਮਰ ਕਰਦਾ ਜਾ ਰਿਹਾ ਸੀ, ਜਿਸ ਕਰਕੇ ਸਰੋਤੇ ਪ੍ਰੇਮ-ਵੱਸ ਹੋ, ਭਗਤੀ ਕਰਨ ਵਾਲੇ ਸੱਜਣਾਂ ਨੂੰ ਮਾਇਆ ਅਰਦਾਸ ਕਰਾਉਣ ਲੱਗ ਪਏ, ਜਿਸ ਕਰਕੇ ਸਿੱਧ ਹੋਰ ਵੀ ਜਲ ਬਲ ਕੋਲਾ ਹੋ ਗਏ। ਇਕ ਦੂਜੇ ਵੱਲ ਵੇਖਣ ਲੱਗ ਪਏ ਤੇ ਸੋਚਣ ਲੱਗੇ ਕਿ ਇਸ ਵਾਰੀ ਕੌਤਕ ਕੀ ਵਰਤਿਆ ? ਜੇ ਗੁਰੂ ਜੀ ਨਾ ਆਉਂਦੇ, ਇਹਨਾਂ ਦੇ ਸਾਹਮਣੇ ਹਰੀ ਭਗਤੀ ਨਾ ਹੁੰਦੀ ਤਾਂ ਸਾਡੀ ਮਾਇਆ ਇਹਨਾਂ ਪਾਸ ਕਦੇ ਵੀ ਨਾ ਜਾਂਦੀ। ਇਹਨਾਂ ਸਾਡੀ ਆਮਦਨ ਵਿਚ ਫ਼ਰਕ ਪਾ ਕੇ ਸਾਨੂੰ ਦੁਖੀ ਕੀਤਾ ਹੈ, ਨਾਲੇ ਸਾਡੀ ਬਣੀ-ਬਣਾਈ ਪ੍ਰਭੁਤਾ ਖ਼ਰਾਬ ਕਰ ਦਿੱਤੀ ਹੈ। ਮਾਣ ਭੰਗ ਹੋਣ ਕਰਕੇ ਸਾਡੇ ਤੇ ਲੋਕਾਂ ਦੀ ਸ਼ਰਧਾ ਨਹੀਂ ਰਹੀ, ਇਤਿਆਦਿਕ ਗੱਲਾਂ ਦਾ ਵਿਚਾਰ ਕਰ ਕੇ ਇਕ ਜੋਗੀ ਨੇ ਮੰਤ੍ਰ ਦੇ ਬਲ ਨਾਲ ਭਗਤੀਆਂ ਦਾ ਲੋਟਾ ਲੁਕਾ ਲਿਆ, ਉਹ ਲੋਟਾ ਰੁਪਿਆਂ ਦਾ ਭਰਿਆ ਹੋਇਆ ਹੋਣ ਕਰਕੇ ਹਰਿ ਭਗਤ ਬੜੇ ਖ਼ੁਸ਼ ਸਨ ਕਿ ਇਸ ਮੇਲੇ ਵਿਚ ਹਜ਼ੂਰ ਦੇ ਆਗਮਨ ਕਰਕੇ ਸਾਨੂੰ ਸਾਲ ਦੀਆਂ ਰੋਟੀਆਂ ਮਿਲ ਗਈਆਂ ਨੇ ਪਰ ਜਦੋਂ ਇਕ ਹਰਿ ਭਗਤ ਨੇ ਵੇਖਿਆ ਕਿ ਲੋਟਾ ਈ ਗ਼ਾਇਬ ਹੈ ਤਾਂ ਮਨ ਡੋਲ ਗਿਆ ਤੇ ਸੁਰਤਿ ਲੋਟੇ ਪਿਛੇ ਦੌੜ ਗਈ। ਭਗਤਾਂ ਨੂੰ ਭਗਤੀ ਵਲੋਂ ਉਪਰਾਮਤਾ ਹੋ ਗਈ, ਜਿਸ ਕਰਕੇ ਹਰੀ ਭਗਤੀ ਵਿਚ ਬੇ-ਰਸੀ ਹੋ ਗਈ ਜੋ ਕਿ ਸਤਿਗੁਰਾਂ ਨੂੰ ਮਨਜ਼ੂਰ ਤੇ ਪ੍ਰਵਾਨ ਨਹੀਂ ਸੀ। ਇਸ ਲਈ ਹਜ਼ੂਰ ਨੇ ਲੋਟਾ ਲੱਭ ਕੇ ਹਰੀ ਭਗਤਾਂ ਦੇ ਅੱਗੇ ਲਿਆ ਰਖਿਆ, ਜਿਸਨੂੰ ਦੇਖ ਕੇ ਜੋਗੀਆਂ ਖੁਣਸ ਖਾਧੀ ਤੇ ਗੋਸ਼ਟ ਕਰਨ ਲਈ ਸਾਰੇ ਦੌੜਦੇ ਆ ਗਏ ਤੇ ਆਉਂਦੇ ਸਾਰ ਭੰਗਰ ਨਾਥ ਨੇ ਤਮਕ ਵਿਚ ਆ ਕੇ ਤਾਹਨਾ

ਮਾਰਿਆ ਕਿ ਐ ਨਾਨਕ ! ਤੁਸਾਂ ਜੋਗ ਦੀ ਰੀਤ ਦੇ ਉਲਟ, ਸੰਸਾਰੀ ਕੱਪੜੇ ਪਹਿਨ ਕੇ, ਮੰਜੀ ਉਤੇ ਬੈਠ ਕੇ, ਜੋਗੀਆਂ ਦੇ ਦੁੱਧ ਵਰਗੇ ਪੰਥ ਵਿਚ ਕਾਂਜੀ ਪਾ ਕੇ ਜੋਗ ਨੂੰ ਨਿਰਾਦਰਿਆ ਹੈ, ਜਿਸ ਕਾਰਨ ਦੁੱਧ ਦਾ ਚਾਟਾ ਫਿੱਟ ਗਿਆ ਏ, ਜਿਸ ਵਿੱਚੋਂ ਮੱਖਣ ਦੀ ਪਰਾਪਤੀ ਅਸੰਭਵ ਹੋ ਗਈ ਹੈ।

ਨਾਥਾਂ ਨੇ ਆਪ ਨੂੰ ਦੁੱਧ ਤੇ ਗ੍ਰਿਹਸਤੀਆਂ ਨੂੰ ਕਾਂਜੀ ਆਖ ਕੇ ਗ੍ਰਿਹਸਤੀਆਂ ਨੂੰ ਨਿੰਦਿਆ ਜੋ ਕਿ ਬਾਬੇ ਨੂੰ ਚੰਗਾ ਨਾ ਲੱਗਾ, ਕਿਉਂਕਿ ਜਿਨ੍ਹਾਂ ਦੇ ਘਰ ਦਾ ਅੰਨ ਖਾ ਕੇ ਤ੍ਰਿਪਤ ਹੋਈਦਾ ਹੈ, ਜੇ ਉਹਨਾਂ ਨੂੰ ਕਾਂਜੀ ਕਹਿ ਕੇ ਭੰਡਿਆ ਜਾਏ ਤਾਂ ਇਹ ਅਕ੍ਰਿਤਘਣਤਾ ਹੈ। ਗ੍ਰਿਹਸਤੀਆਂ ਦਾ ਨਿਰਾਦਰ ਨਾ ਝੱਲਦੇ ਹੋਏ ਸਤਿਗੁਰੂ ਜੀ ਬੋਲੇ ਕਿ ਐ ਨਾਥੋ ! ਤੁਹਾਡੀ ਮਾਂ ਗੋਰਖ ਨਾਥ ਦੀ ਬੁੱਧੀ ਹੀ ਬੜੀ ਕੁਚੱਜੀ ਹੈ ਜਿਸ ਨੇ ਤੁਹਾਡੇ ਕਾਇਆ ਤੇ ਮਨ ਦੇ ਭਾਂਡੇ ਨੂੰ ਧੋਤਾ ਨਹੀਂ, ਜਿਸ ਲਈ ਤੁਸੀਂ ਗ੍ਰਿਹਸਤੀਆਂ ਨੂੰ ਕਾਂਜੀ ਆਖਦੇ ਹੋ, ਜਿਨ੍ਹਾਂ ਦੇ ਦਿੱਤਿਆਂ ਬਿਨਾਂ ਤੁਹਾਡੇ ਹੱਥ ਕੁਝ ਵੀ ਨਹੀਂ ਆ ਸਕਦਾ। ਜੇ ਗ੍ਰਿਹਸਤੀ ਖੱਟੀ ਲੱਸੀ ਨਾ ਦਏ ਤਾਂ ਤੁਸੀਂ ਤਰਸਦੇ ਹੀ ਭਟਕਦੇ ਰਹੋ। ਤੁਸੀਂ ਗ੍ਰਿਹਸਤ ਨੂੰ ਕਾਂਜੀ ਆਖਦੇ ਨਹੀਂ ਥੱਕਦੇ, ਏਸੇ ਗ੍ਰਿਹਸਤ ਵਿਚ ਜਨਮ ਲਿਆ, ਵਧੇ ਫੁਲੇ—ਬਾਲ ਲੀਲਾ ਕਰ ਕੇ ਵਧੇ ਫੁਲੇ, ਸੁਖ ਮਾਣਿਆ, ਰਾਜ ਰੰਗ ਦੇਖੇ ਤੇ ਪਿੱਛੋਂ ਦੁੱਖਾਂ ਦਾ ਕਾਰਨ ਕਹਿ ਕੇ ਤਿਆਗ ਦਿੱਤਾ ਪਰ ਜਦੋਂ ਭੁੱਖ ਦੇ ਦੁੱਖ ਨੇ ਸਤਾਇਆ, ਆਂਦਰਾਂ ਕਲਪੀਆਂ, ਮਨ ਰੋਟੀ ਰੋਟੀ ਕੂਕਿਆ ਤਾਂ ਉਹਨਾਂ ਦੇ ਦੁਆਰੇ ਤੇ ਫੇਰ ਅਲਖ ਜਗਾਉਣ ਤੁਰ ਪਏ। ਜਦ ਗ੍ਰਿਹਸਤੀ ਬਿਨਾਂ ਗੁਜ਼ਾਰਾ ਨਹੀਂ ਚੱਲਦਾ ਤਾਂ ਫਿਰ ਇਸ ਨੂੰ ਕਾਂਜੀ ਆਖਦਿਆਂ ਕੁਝ ਸੋਚਣਾ ਚਾਹੀਦਾ ਹੈ।

ਇਹ ਬਚਨ ਸੁਣ ਕੇ ਸਿੱਧਾਂ ਵਿਚ ਕ੍ਰੋਧ ਭਰ ਗਿਆ, ਗੁੱਸੇ ਨਾਲ ਅੱਗ ਦਾ ਰੂਪ ਬਣ ਗਏ, ਆਪੋ-ਧਾਪੀ ਬੋਲਣਾ ਸ਼ੁਰੂ ਕਰ ਦਿੱਤਾ। ਇਕ ਦੂਜੇ ਵੱਲ ਵੇਖ ਵੇਖ ਕਿਲਕਾਰੀਆਂ ਮਾਰੀਆਂ ਤੇ ਅੰਧਾ ਧੁੰਦ ਰੌਲਾ ਪਾ ਦਿੱਤਾ, ਮੰਤ੍ਰ ਪੜ੍ਹ ਪੜ੍ਹ ਕੇ ਸਤਿਗੁਰੂ ਉਤੇ ਰੋਹਬ ਪਾਉਣ ਲਈ ਰੂਪ ਵਟਾਉਣੇ ਅਰੰਭ ਕਰ ਦਿੱਤੇ। ਕੋਈ ਸ਼ੇਰ, ਕੋਈ ਬਘਿਆੜ, ਕੋਈ ਪਰ ਲਾ ਕੇ ਉਡਣ ਲੱਗ ਪਿਆ। ਕਿਸੇ ਨੇ ਮੰਤ੍ਰ ਨਾਲ ਅੱਗ ਬਰਸਾ ਦਿੱਤੀ, ਕੋਈ ਸੱਪ ਬਣ ਕੇ ਜ਼ਹਿਰ ਭਰੀ ਹਵਾ ਵਗਾਉਣ ਲੱਗ ਪਿਆ। ਇਕ ਸਿੱਧ ਨੇ ਤਾਰੇ ਤੋੜ ਦਿੱਤੇ। ਭੰਗਰ ਨਾਥ, ਜੋ ਸਭ ਦਾ ਸ਼੍ਰੋਮਣੀ ਸੀ, ਨੇ ਤਾਰੇ ਤੋੜਨੀ ਸ਼ਕਤੀ ਦਿਖਾਈ। ਇਕ ਸਿੱਧ ਮੰਤ੍ਰ ਪੜ੍ਹ ਕੇ ਆਪਣੀ ਮ੍ਰਿਗਸ਼ਾਲਾ (ਹਰਨ ਦਾ ਚਮੜਾ) ਪਾਣੀ ਉਤੇ ਰੱਖ ਕੇ, ਉਸ ਤੇ ਬੈਠ ਕੇ ਪਾਣੀ ਉਤੇ ਤਰਨ ਲੱਗ ਪਿਆ। ਸਿੱਧਾਂ ਨੇ ਈਰਖਾ-ਵੱਸ ਹੋ ਕੇ ਇਹ ਸਾਰੇ ਕੰਮ ਗੁਰੂ ਜੀ ਉਤੇ ਰੋਹਬ ਪਾਣ ਵਾਸਤੇ ਕੀਤੇ।

ਮੰਤ੍ਰ ਸ਼ਕਤੀਆਂ ਵਿਖਾ ਕੇ, ਆਪਣੇ ਅਸਲੀ ਰੂਪ ਵਿਚ ਆ ਕੇ ਗੁਰੂ ਜੀ ਮਹਾਰਾਜ ਨੂੰ ਕਹਿਣ ਲੱਗੇ ਕਿ ਸੁਣਿਆ ਹੈ ਤੁਸਾਂ ਜਗਤ ਨੂੰ ਕਰਾਮਾਤਾਂ ਵਿਖਾਈਆਂ ਨੇ, ਕੁਝ ਸਾਨੂੰ ਵੀ ਦਿਖਾਓ। ਜੇ ਤੁਹਾਡੇ ਵਿਚ ਕੋਈ ਸ਼ਕਤੀ ਹੈ ਤਾਂ ਦੱਸੋ, ਐਵੇਂ ਢਿੱਲ ਕਰ ਕੇ ਟਾਲ ਮਟੋਲੇ ਕਿਉਂ ਕਰਦੇ ਹੋ, ਅਸੀਂ ਦੇਖੀਏ ਤਾਂ ਸਈ ਕਿ ਤੁਸੀਂ ਕਿੰਨੇ ਕੁ ਪਾਣੀ ਵਿਚ ਹੋ ? ਸਾਡੀਆਂ ਕੀਤੀਆਂ ਹੋਈਆਂ ਜੋਗ ਸਾਧਨਾ ਦੀਆਂ ਕਮਾਈਆਂ ਅੱਗੇ ਕੋਈ ਮਾਈ ਦਾ ਲਾਲ ਨਹੀਂ ਟਿਕ ਸਕਦਾ। ਜੇ ਕੁਛ ਪੱਲੇ ਹੈ ਤਾਂ ਦੱਸੋ, ਅਸੀਂ ਦੇਖੀਏ ? ਇਸ ਸਾਰੀ ਵਾਰਤਾ ਨੂੰ ਭਾਈ ਗੁਰਦਾਸ ਜੀ ਨੇ ਇਉਂ ਕਥਨ ਕੀਤਾ ਹੈ:

ਇਹਿ ਸੁਣਿ ਬਚਨ ਜੁਗੀਸਰਾ ਮਾਰਿ ਕਿਲਕ ਬਹੁ ਰੂਇ ਉਠਾਈ।
ਖਟਿ ਦਰਸਨ ਕਉ ਖੇਦਿਆ ਕਲਿਜੁਗਿ ਨਾਨਕ ਬੇਦੀ ਆਈ।
ਸਿਧਿ ਬੋਲਣਿ ਸਭਿ ਅਵਖਧੀਆਂ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ।
ਰੂਪ ਵਟਾਏ ਜੋਗੀਆਂ ਸਿੰਘ ਬਾਘਿ ਬਹੁ ਚਲਿਤ ਦਿਖਾਈ।
ਇਕ ਪਰਿ ਕਰਿਕੇ ਉਡਰਨ ਪੰਖੀ ਜਿਵੈ ਰਹੇ ਲੀਲਾਈ।
ਇਕਨਾ ਨਾਗ ਹੋਇ ਪਉਣ ਛੋੜਿਆ ਇਕਨਾ ਵਰਖਾ ਅਗਨਿ ਵਸਾਈ।
ਤਾਰੇ ਤੋੜੇ ਭੰਗਰਿਨਾਥ ਇਕ ਚੜਿ ਮਿਰਗਾਨੀ ਜਲੁ ਤਰਿ ਜਾਈ।
ਸਿਧਾਂ ਅਗਨਿ ਨ ਬੁਝੈ ਬੁਝਾਈ।੪੧। *(ਵਾਰ ੧, ਪਉੜੀ ੪੧)*

ਸਿਧਿ ਬੋਲਨਿ ਸੁਣਿ ਨਾਨਕਾ ਤੁਹਿ ਜਗ ਨੋ ਕਰਾਮਾਤਿ ਦਿਖਾਈ।
ਕੁਝ ਵਿਖਾਲੇਂ ਅਸਾ ਨੋ ਭੀ ਤੁਹਿ ਕਿਉ ਢਿਲ ਅਵੇਹੀ ਲਾਈ।
ਬਾਬਾ ਬੋਲੇ ਨਾਥ ਜੀ ਅਸਾਂ ਵੇਖੇ ਜੋਗੀ ਵਸਤੁ ਨ ਕਾਈ।
ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹਿ ਹਹਿ ਰਾਈ।
ਸਿਵ ਰੂਪੀ ਕਰਤਾ ਪੁਰਖੁ ਚਲੇ ਨਾਹੀ ਧਰਤਿ ਚਲਾਈ।
ਸਿਧ ਤੰਤ੍ਰ ਮੰਤ੍ਰਿ ਕਰਿ ਝੜਿ ਪਏ ਸਬਦਿ ਗੁਰੂ ਕੇ ਕਲਾ ਛਪਾਈ।
ਦਦੇ ਦਾਤਾ ਗੁਰੂ ਹੈ ਕਕੈ ਕੀਮਤ ਕਿਨੈ ਨ ਪਾਈ।
ਸੋ ਦੀਨ ਨਾਨਕ ਸਤਿਗੁਰ ਸ਼ਰਣਾਈ।੪੨। *(ਵਾਰ ੧, ਪਉੜੀ ੪੨)*

ਈਰਖਾ ਦੀ ਅੱਗ ਵਿਚ ਸੜਦੇ ਸਿੱਧਾਂ ਨੂੰ ਸੱਚੇ ਸਾਈਂ ਨੇ ਉੱਤਰ ਦਿੱਤਾ ਕਿ ਐ ਸਿੱਧੋ! ਅਸਾਂ ਦੇਖ ਲਿਆ ਹੈ ਕਿ ਤੁਸੀਂ ਤਾਂ ਕੋਈ ਵਸਤ ਈ ਨਹੀਂ ਹੋ। ਇਹ ਥੋਥੀਆਂ ਸ਼ਕਤੀਆਂ ਤਾਂ ਮਦਾਰੀ ਦੇ ਤਮਾਸ਼ੇ ਨਾਲੋਂ ਵੱਧ ਹਸਤੀ ਨਹੀਂ ਰਖਦੀਆਂ, ਇਹ ਜਗਤ-ਦਿਖਾਵਾ ਤੇ ਲੋਕ-ਪ੍ਰਚਾਵਾ ਹੋਣ ਕਰਕੇ ਬੱਚਿਆਂ ਦੀ ਖੇਡ ਵਤ ਹਨ, ਭੋਲੇ ਭਾਲੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਉਣ ਵਾਸਤੇ ਭਾਵੇਂ ਇਹ ਲਾਭਦਾਇਕ ਹੋਣ ਪਰ ਪਰਮਾਰਥ ਦੇ ਰਸਤੇ ਉਤੇ ਇਨ੍ਹਾਂ ਦਾ ਰੰਚਕ ਵੀ ਆਦਰ ਨਹੀਂ।

ਸਾਨੂੰ ਤਾਂ ਗੁਰੂ ਦੀ ਸੰਗਤ ਤੇ ਗੁਰਬਾਣੀ ਬਿਨਾਂ ਹੋਰ ਕਿਸੇ ਦੀ ਰਾਈ ਜਿੰਨੀ ਵੀ ਓਟ ਨਹੀਂ, ਸਾਡਾ ਸ਼ਿਵ ਰੂਪ ਤਾਂ ਕਰਤਾ ਪੁਰਖ ਹੀ ਹੈ। ਭਾਵੇਂ ਸਾਰੀ ਧਰਤੀ ਪੈਰਾਂ ਤੋਂ ਹਿਲ ਜਾਏ, ਪਰੰਤੂ ਕਰਤਾ ਪੁਰਖ ਕਦੇ ਚਲਾਇਮਾਨ ਨਹੀਂ ਹੋ ਸਕਦਾ। ਉਹ ਆਦਿ, ਮਧ ਅਰ ਅੰਤ, ਹਾਜ਼ਰ ਹਜ਼ੂਰ ਹੈ, ਸਰਬ ਭਰਪੂਰ ਹੈ, ਬੇਅੰਤ ਤੇ ਬੇਪ੍ਰਵਾਹ ਸਰਬ-ਘਟ-ਵਾਸੀ ਹੈ। ਜੀਵ ਜੰਤੂ ਅਣੂ ਪ੍ਰਮਾਣੂ ਸਭ ਦਾ ਪਾਲਕ ਹੈ, ਉਸ ਦੇ ਰੰਗ ਅਨੇਕ ਤੇ ਅਨੰਤ ਹਨ, ਜਿਸ ਦੇ ਚੋਜ ਨਿਰਾਲੇ ਤੇ ਮਿਠੇ ਨੇ, ਜਿਸ ਦੀ ਲੀਲ੍ਹਾ ਮਨ-ਮੋਹਣੀ ਹੈ। ਸਾਨੂੰ ਸਰਬ ਸ਼ਕਤੀਮਾਨ ਵਾਹਿਗੁਰੂ ਤੇ ਪਿਆਰੀ ਸੰਗਤ ਦੀ ਓਟ ਹੈ, ਦੂਜੀ ਓਟ ਝੂਠੀ ਸਮਝਦੇ ਹਾਂ। ਤੁਸੀਂ ਝੂਠੀਆਂ ਤੇ ਫਾਨੀ ਓਟਾਂ ਦੀ ਓਟ ਵਿਚ ਅਟਕੇ ਪਏ ਰਸਤਿਓਂ ਭੁੱਲੇ ਫਿਰਦੇ ਹੋ, ਤੁਸੀਂ ਕੀ ਜਾਣੋ 'ਆਦਿ ਸਚੁ ਜੁਗਾਦਿ ਸਚੁ' ਦੀਆਂ ਰਮਜ਼ਾਂ ਕਿਵੇਂ ਸਮਝੀਆਂ ਜਾ ਸਕਦੀਆਂ ਨੇ ?

ਜੇ ਤੁਸੀਂ ਮੇਰੀ ਤਾਕਤ ਨੂੰ ਵੇਖਣਾ ਈ ਲੋਚਦੇ ਹੋ ਤਾਂ ਸੁਣੋ, ਤੁਸੀਂ ਕੇਵਲ ਅੱਗ ਦਾ ਮੀਂਹ ਵਰਸਾ ਕੇ ਸਮਝਦੇ ਹੋ ਕਿ ਅਸਾਂ ਬੜੀ ਕਰਨੀ ਕੀਤੀ ਹੈ, ਜੇ ਮੇਰਾ ਜੀ ਚਾਹੇ

ਤਾਂ ਮੈਂ ਅੱਗ ਦਾ ਲਿਬਾਸ ਪਹਿਨ ਸਕਦਾ ਹਾਂ, ਭਾਵ ਕਿ ਜੇ ਮੈਂ ਅੱਗ ਦੇ ਵਿਚ ਚੌਂਕੜੀ ਮਾਰ ਬੈਠ ਜਾਵਾਂ ਤਾਂ ਅੱਗ ਮੈਨੂੰ ਜਲਾ ਨਹੀਂ ਸਕਦੀ। ਮੈਂ ਚਾਹਵਾਂ ਤਾਂ ਲੋਹੇ ਦਾ ਭੋਜਨ ਛਕ ਕੇ ਹਜ਼ਮ ਕਰ ਸਕਦਾ ਹਾਂ, ਉਹ ਮੇਰੇ ਮਿਹਦੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਸਕਦਾ, ਸੰਸਾਰ ਭਰ ਦੇ ਸਾਰੇ ਦੁੱਖਾਂ ਨੂੰ ਪਾਣੀ ਵਾਂਗ ਪੀ ਜਾਵਾਂ ਤਾਂ ਕੋਈ ਤਕਲੀਫ਼ ਨਹੀਂ ਹੋ ਸਕਦੀ। ਮੈਂ ਚਾਹਾਂ ਤਾਂ ਧਰਤੀ ਨੂੰ ਬੈਲ ਵਾਂਗ ਹਿਕ ਕੇ ਜਿਥੇ ਜੀ ਕਰੇ ਲੈ ਜਾ ਸਕਦਾ ਹਾਂ, ਤੱਕੜੀ ਦੇ ਇਕ ਛਾਬੇ ਵਿਚ ਚਾਰ ਮਾਸੇ, ਤੇ ਦੂਜੇ ਛਾਬੇ ਵਿਚ ਧਰਤੀ ਤੇ ਅਸਮਾਨ ਪਾ ਕੇ ਚਾਰ ਮਾਸਿਆਂ ਨਾਲ ਤੋਲ ਕੇ ਵਿਖਾ ਸਕਦਾ ਹਾਂ। ਏਡਾ ਲੰਮਾ ਚੌੜਾ ਵਿਸਥਾਰ ਕਰ ਲਵਾਂ ਕਿ ਕਿਤੇ ਸਮਾ ਨਾ ਸਕਦਾ ਹੋਵਾਂ, ਸਾਰੀ ਧਰਤੀ ਨੂੰ ਨੱਥ ਪਾ ਕੇ ਜਿਥੇ ਜੀ ਕਰੇ ਖਿੱਚ ਕੇ ਲੈ ਜਾ ਸਕਦਾ ਹਾਂ, ਮੇਰੇ ਅੰਦਰ ਏਡਾ ਅਥਾਹ ਤਾਣ ਹੋਵੇ ਕਿ ਜੋ ਰਸਨਾ ਨਾਲ ਆਖਾਂ ਤੁਰੰਤ ਹੋ ਜਾਏ, ਇਹ ਸਭ ਕੁਛ ਹੁੰਦਿਆਂ ਹੋਇਆਂ ਮੇਰਾ ਭਰੋਸਾ ਕਰਤਾ ਪੁਰਖ ਉਤੇ ਹੈ। ਉਹ ਵੱਡਾ ਸਾਹਿਬ ਤੇ ਵੱਡੀਆਂ ਦਾਤਾਂ ਦਾ ਮਾਲਕ ਏ। ਆਪਣੀ ਰਜ਼ਾ ਵਿਚ ਸਾਰੇ ਜੀਵ ਜੰਤੂਆਂ ਨੂੰ ਦਾਤਾਂ ਵੰਡਦਾ ਏ, ਜਿਸ ਤੇ ਉਸ ਕਰਤਾ ਪੁਰਖ ਦੀ ਮੇਹਰ ਦੀ ਨਜ਼ਰ ਹੋ ਜਾਏ ਉਸ ਨੂੰ ਸੱਚੇ ਨਾਮ ਦੀ ਵਡਿਆਈ ਬਖ਼ਸ਼ਦਾ ਹੈ। ਜਿਸ ਨਾਮ ਤੋਂ ਬਿਨਾਂ ਰਿਧੀਆਂ ਸਿਧੀਆਂ ਬੱਦਲਾਂ ਦੀ ਛਾਂ ਵਾਂਗ ਹਨ, ਖਿਨ ਵਿਚ ਹੈਨ ਤੇ ਛਿਨ ਵਿਚ ਨਹੀਂ ਹਨ, ਇਨ੍ਹਾਂ ਵਿਚ ਫਸਿਆ ਮਨੁੱਖ ਜਨਮ ਮਰਨ ਦੇ ਗੇੜਿਆਂ ਵਿੱਚੋਂ ਨਹੀਂ ਨਿਕਲ ਸਕਦਾ ਤੇ ਭੰਬਲ ਭੂਸਿਆਂ ਵਿੱਚੋਂ ਛੁਟਕਾਰਾ ਨਹੀਂ ਪਾ ਸਕਦਾ। ਸ੍ਰੀ ਬਾਬਾ ਜੀ ਨੇ ਮਾਝ ਰਾਗੁ ਦੀ ਵਾਰ ਵਿਚ ਸਿੱਧਾਂ ਨੂੰ ਇਉਂ ਉੱਤਰ ਦਿੱਤਾ ਸੀ:

**ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥**
**ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ ॥**
**ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ ॥**
**ਏਵਡੁ ਵਧਾ ਮਾਵਾ ਨਾਹੀ ਸਭ ਸੈ ਨਥਿ ਚਲਾਈ ॥**
**ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥**
**ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ ॥**
**ਨਾਨਕ ਨਦਰਿ ਕਰੇ ਜਿਸੁ ਉਪਰ ਸਚਿ ਨਾਮਿ ਵਡਿਆਈ ॥**

*(ਵਾਰ ਮਾਝ ਮ: ੧, ਪੰਨਾ ੧੪੭)*

ਸੱਚੇ ਪਾਤਸ਼ਾਹ ਜੀ ਦਾ ਅੰਮ੍ਰਿਤ ਬਚਨ ਸਿੱਧਾਂ ਨੂੰ ਅਮੋਘ ਬਾਣ ਹੋ ਕੇ ਲੱਗਾ। ਰਿਧੀਆਂ ਸਿਧੀਆਂ ਭੁੱਲ ਗਈਆਂ, ਅੱਗ ਵਾਂਗ ਤਪਦੇ ਸਿੱਧ ਸੀਤਲ ਹੋ ਗਏ ਤੇ ਪਿਆਰ ਭਰੀ ਨਜ਼ਰ ਨਾਲ ਸਤਿਗੁਰਾਂ ਵਲ ਵੇਖਣ ਲੱਗ ਪਏ। ਧੁਰ ਕੀ ਬਾਣੀ ਨੇ ਅਣਿਆਲਾ ਤੀਰ ਮਾਰ ਕੇ ਲੋਟ ਪੋਟ ਕਰ ਦਿੱਤਾ, ਸਿੱਧਾਂ ਨੂੰ ਆਪਣੀ ਕਰਨੀ ਤੇ ਸ਼ਰਮਿੰਦਾ ਹੋਣਾ ਪਿਆ, ਲੱਜਿਆ ਦੇ ਮਾਰੇ ਨਜ਼ਰਾਂ ਨਹੀਂ ਚੁਕਦੇ, ਅੰਦਰ ਹੀ ਅੰਦਰ ਸਤਿਗੁਰੂ ਨੂੰ ਆਦੇਸ ਕਰ ਝੁਕਦੇ ਜਾ ਰਹੇ ਨੇ। ਇਸ ਘਟਨਾ ਨੂੰ ਭਾਈ ਗੁਰਦਾਸ ਜੀ ਨੇ ਇਉਂ ਨਿਰੂਪਿਆ ਏ:

**ਬਾਬਾ ਬੋਲੇ ਨਾਥ ਜੀ! ਸਬਦੁ ਸੁਨਹੁ ਸਚੁ ਮੁਖਹੁ ਅਲਾਈ।**
**ਬਾਝਹੁ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ।**
**ਬਸਤਰਿ ਪਹਿਰੇ ਅਗਨਿ ਕੇ ਬਰਫ ਹਿਮਾਲੇ ਮੰਦਰੁ ਛਾਈ।**

ਕਰੋ ਰਸੋਈ ਸਾਰ ਦੀ ਸਗਲੀ ਧਰਤੀ ਨਥਿ ਚਲਾਈ।
ਏਵਡੁ ਕਰੀ ਵਿਥਾਰ ਕਉ ਸਗਲੀ ਧਰਤੀ ਹਕੀ ਜਾਈ।
ਤੋਲੀ ਧਰਤਿ ਅਕਾਸਿ ਦੁਇ ਪਿਛੇ ਛਾਬੇ ਟੰਕੁ ਚੜਾਈ।
ਇਹ ਬਲੁ ਰਖਾ ਆਪਿ ਵਿਚਿ ਜਿਸੁ ਆਖਾ ਤਿਸੁ ਪਾਸਿ ਕਰਾਈ।
ਸਤਿਨਾਮ ਬਿਨੁ ਬਾਦਰਿ ਛਾਈ।੪੩। *(ਵਾਰ ੧, ਪਉੜੀ ੪੩)*

ਨਾਮ ਦੇ ਪਰਤਾਪ ਨੇ ਸਿੱਧ ਮੰਡਲੀ ਨੂੰ ਆਪਣੇ ਵੱਲ ਖਿੱਚ ਲਿਆ, ਨਾਮ ਦੇ ਅੱਗੇ ਰਿਧੀਆਂ ਸਿਧੀਆਂ ਧੂੜ ਦੇ ਬੱਦਲਾਂ ਵਾਂਗ ਉਡਦੀਆਂ ਨਜ਼ਰ ਨਾ ਆਈਆਂ, ਸਿੱਧਾਂ ਨੇ ਹਜ਼ੂਰ ਨੂੰ ਚਰਨ ਬੰਦਨਾ ਕੀਤੀ ਤੇ ਸਿੱਧੇ ਰਸਤੇ ਦੇ ਰਾਹੀ ਬਣਨ ਲਈ ਸ੍ਰੀ ਬਾਬਾ ਨਾਨਕ ਨਿਰੰਕਾਰੀ ਅੱਗੇ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀਓ! ਤੁਸੀਂ ਵਡੇ ਪੁਰਖ ਤੇ ਪੂਰਨ ਪੁਰਖ ਹੋਣ ਕਰਕੇ ਕਲਜੁਗ ਵਿਚ ਜੋਤਿ ਜਗਾ ਦਿੱਤੀ ਹੈ, ਆਪ ਦੀ ਕਮਾਈ ਧੰਨ ਹੈ ਤੇ ਤੁਸੀਂ ਵੀ ਧੰਨਤਾ ਦੇ ਅਧਿਕਾਰੀ ਹੋ। ਭਾਈ ਗੁਰਦਾਸ ਜੀ ਨੇ ਸਾਰਾ ਨਕਸ਼ਾ ਇਸ ਤਰ੍ਹਾਂ ਦਰਸਾਇਆ ਹੈ:

ਬਾਬੇ ਕੀਤੀ ਸਿਧ ਗੋਸਟਿ ਸਬਦਿ ਸਾਂਤਿ ਸਿਧੀ ਵਿਚਿ ਆਈ।
ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸ਼ਨ ਆਦੇਸਿ ਕਰਾਈ।
ਸਿਧ ਬੋਲਨਿ ਸੁਭ ਬਚਨ ਧੰਨੁ ਨਾਨਕ ਤੇਰੀ ਵਡੀ ਕਮਾਈ।
ਵਡਾ ਪੁਰਖੁ ਪਰਗਟਿਆ ਕਲਿਜੁਗ ਅੰਦਰਿ ਜੋਤਿ ਜਗਾਈ।
ਮੇਲਿਓ ਬਾਬਾ ਉਠਿਆ ਮੁਲਤਾਨੇ ਦੀ ਜਾਰਤਿ ਜਾਈ।
ਅਗੋਂ ਪੀਰ ਮੁਲਤਾਨ ਦੇ ਦੁਧਿ ਕਟੋਰਾ ਭਰਿ ਲੈ ਆਈ।
ਬਾਬੇ ਕਢਿ ਕਰਿ ਬਗਲ ਤੇ ਚੰਬੇਲੀ ਦੁਧ ਵਿਚਿ ਮਿਲਾਈ।
ਜਿਉ ਸਾਗਰ ਵਿਚ ਗੰਗ ਸਮਾਈ।੪੪। *(ਵਾਰ ੧, ਪਉੜੀ ੪੪)*

SIKHBOOKCLUB.COM

ਸਿੱਧਾਂ ਕੋਲੋਂ ਆਦੇਸ ਕਰਵਾ ਕੇ, ਸਿੱਧਾਂ ਨੂੰ ਸਿੱਧੇ ਰਾਹ ਪਾ ਕੇ ਸੱਚ ਦਾ ਡੰਕਾ ਵਜਾ ਕੇ, ਦੇਸ਼ ਦਿਸ਼ਾਂਤਰਾਂ ਨੂੰ ਸੱਚਾਈ ਦੇ ਖੋਜੀ ਬਣਾ ਕੇ ਸੱਚੇ ਪਿਤਾ ਦੇ ਲੜ ਲਾ ਦਿੱਤਾ ਤੇ ਭਰਮਾਂ ਦੇ ਛੌੜ ਕਟ ਕੇ, ਸੰਸਾਰ ਨੂੰ ਸਿੱਧਾ ਰਾਹ ਦਰਸਾ ਕੇ ਦੁਨੀਆਂ ਵਿੱਚੋਂ ਈਰਖਾ ਤੇ ਵੈਰ ਵਿਰੋਧ ਦੀ ਅੱਗ ਨੂੰ ਬੁਝਾ ਦਿੱਤਾ।

ਸੰਸਾਰ ਦੇ ਮਨੁੱਖ ਮਾਤਰ ਨੂੰ ਆਪਸ ਵਿਚ ਭਾਈ-ਭਾਈ ਬਣਾ ਦਿੱਤਾ ਤੇ ਇਸ ਉਚੇ ਸੁੱਚੇ ਆਦਰਸ਼ਕ ਸਿਧਾਂਤ ਨੂੰ ਦੁਨੀਆਂ ਦੇ ਕੋਨੇ ਕੋਨੇ ਵਿਚ ਪ੍ਰਚਾਰਨ ਲਈ ਆਪ ਨੂੰ ਚਾਰ ਉਦਾਸੀਆਂ ਲੈਣੀਆਂ ਪਈਆਂ। ਉਨ੍ਹਾਂ ਉਦਾਸੀਆਂ ਵਿਚ ਆਪ ਜਿਥੇ ਜਿਥੇ ਵੀ ਗਏ ਹਨ ਉਥੇ ਉਥੇ ਆਪ ਦਾ ਰਾਜ ਹੈ। ਅਫ਼ਗ਼ਾਨਿਸਤਾਨ, ਬਗ਼ਦਾਦ, ਮੱਕਾ, ਮਦੀਨਾ, ਸੁਮੇਰ ਪਰਬਤ, ਜਗਨ ਨਾਥ ਪੁਰੀ, ਆਸਾਮ, ਬੰਗਾਲ, ਈਰਾਨ ਆਦਿਕ ਜਿਥੇ ਵੀ ਬਾਬੇ ਦੇ ਚਰਨ ਪਏ, ਓਥੇ ਇਕ ਪ੍ਰਕਾਰ ਆਪ ਦਾ ਰਾਜ ਅਜੇ ਵੀ ਚਮਕਦਾ ਏ। ਇਹ ਹੈ ਆਪ ਜੀ ਦੀ ਅਥਾਹ ਸਹਾਬੀ ਜਿਥੇ ਹੁਣ ਸਿੱਖਾਂ ਨੂੰ ਪ੍ਰਚਾਰ ਹਿਤ ਜਾਣਾ ਚਾਹੀਦਾ ਹੈ ਤੇ ਬਾਬੇ ਦੇ ਦਿੱਤੇ ਸੱਦੇ ਨੂੰ ਤਾਜ਼ਾ ਕਰਨਾ ਚਾਹੀਦਾ ਏ, ਜਿਨ੍ਹਾਂ ਲੋਕਾਂ ਨਾਲ ਹਜ਼ੂਰ ਨੇ ਸਾਡੀ ਸਾਂਝ ਬਣਾਈ ਸੀ, ਉਸ ਨੂੰ ਜਗਾਉਣਾ ਸਾਡਾ ਫ਼ਰਜ਼ ਹੈ। ਅੱਜ ਜਗਤ ਨੂੰ ਦੁਬਾਰਾ ਲੋੜ ਹੈ ਕਿ ਉਸਦੇ ਸਾਹਮਣੇ ਗੁਰੂ ਨਾਨਕ ਦੇਵ ਜੀ ਦਾ ਨੁਕਤਾ-ਨਜ਼ਰ ਪੇਸ਼ ਕੀਤਾ ਜਾਏ।

# .ਗਰੀਬ ਨਿਵਾਜ਼

ਸੁਆਰਥੀ ਸੰਸਾਰ ਵਿਚ ਸੁਆਰਥ ਅਧੀਨ ਹੋ, ਸੁਆਰਥ ਸਿਧੀ ਲਈ ਦੂਜੇ ਨੂੰ ਖ਼ੁਸ਼ ਕਰਨ ਲਈ, ਬੜੇ ਬੜੇ ਉਚੇ ਸ਼ਬਦ ਨਜਾਇਜ਼ ਤਰੀਕੇ ਨਾਲ ਵਰਤ ਜਾਂਦੇ ਹਨ, ਮਤਲਬ-ਪ੍ਰਸਤ ਲੋਕ ਕਈ ਵਾਰੀ ਨਾਸ਼ਮਾਨ ਮਨੁੱਖ ਨੂੰ ਪ੍ਰਸੰਨ ਕਰਨ ਲਈ ਐਸੇ ਸ਼ਬਦ ਵਰਤ ਜਾਂਦੇ ਹਨ ਜਿਹੜੇ ਨਾਸ਼ ਰਹਿਤ ਲਈ ਵਰਤਣੇ ਯੋਗ ਹੋਣ। ਸ਼ਬਦਾਂ ਦੀ ਵਰਤੋਂ ਕਰਨ ਲੱਗਿਆਂ ਯੋਗ ਅਯੋਗ ਨੂੰ ਅੱਖੋਂ ਉਹਲੇ ਕਰ ਦਿੰਦੇ ਹਨ। ਇਹ ਮਨ ਦੀ ਬੇ-ਅਣਖੀ ਤੇ ਬੇ.ਗੈਰਤੀ ਦਾ ਜੀਊਂਦਾ ਪ੍ਰਮਾਣ ਹੈ। ਜਿਨ੍ਹਾਂ ਲਈ ਅਸੀਂ ਵੱਡੇ ਵੱਡੇ ਸ਼ਬਦ ਬੋਲ ਕੇ ਤੁਛ ਮਾਤ੍ਰ ਪ੍ਰਾਪਤ ਕਰਨ ਲਈ ਉਨ੍ਹਾਂ ਦੀ ਖ਼ੁਸ਼ਾਮਦ ਕਰ ਕੇ ਸ਼ਬਦਾਂ ਦਾ ਨਿਰਾਦਰ ਕਰਦੇ ਹਾਂ, ਉਨ੍ਹਾਂ ਦੇ ਮਰਨ ਪਿੱਛੋਂ ਉਨ੍ਹਾਂ ਨੂੰ ਫਿਟਕਾਰਿਆ ਜਾਂਦਾ ਹੈ। ਧਿੱਕਾਰਾਂ ਪੈਂਦੀਆਂ ਨੂੰ ਵਾਰ ਨਹੀਂ ਆਉਂਦੀ, ਜਿਸ ਲਈ ਉਨ੍ਹਾਂ ਵਾਸਤੇ ਵਰਤੇ ਸ਼ਬਦ ਵੀ ਫਿਟਕਾਰੇ ਗਏ ਸਮਝੇ ਜਾਂਦੇ ਹਨ। ਸ਼ਬਦ ਆਪਣੇ ਆਪ ਵਿਚ ਪਵਿਤ੍ਰ ਹੈ, ਇਸਦੀ ਵਰਤੋਂ ਇਸ ਨੂੰ ਹਲਕਾ ਭਾਰਾ ਬਣਾਉਂਦੀ ਹੈ। ਮਾਂ ਇਕ ਬੜਾ ਪਾਵਨ ਤੇ ਮਹੱਤਵ ਭਰਿਆ ਸ਼ਬਦ ਹੈ ਪਰ ਜਦੋਂ ਕਿਸੇ ਨੂੰ ਗਾਲੀ ਦੇਣ ਲੱਗਿਆਂ ਇਹ ਸ਼ਬਦ ਵਰਤਿਆ ਜਾਏ, ਇਸ ਦੀ ਕਦਰ ਈ ਨਹੀਂ ਘਟਦੀ ਸਗੋਂ ਇਹ ਅਪਵਿਤ੍ਰ ਬਣ ਜਾਂਦਾ ਹੈ। 'ਭਾਈ' ਸ਼ਬਦ ਸੰਸਾਰ ਵਿਚ ਆਮ ਕਰਕੇ ਤੇ ਸਿੱਖ ਜਗਤ ਵਿਚ ਖ਼ਾਸ ਕਰਕੇ ਇਕ ਪਿਆਰਾ ਸ਼ਬਦ ਹੈ, ਸੰਸਾਰੀ ਲੋਕ ਅੰਮਾਂ-ਜਾਏ ਵੀਰ ਤੇ ਮਿਤ੍ਰ ਲਈ ਇਹ ਸ਼ਬਦ ਵਰਤਦੇ ਹਨ। ਪਰ ਸਿੱਖ ਜਗਤ ਵਿਚ ਇਹ ਸ਼ਬਦ ਕਿਸੇ ਨਾਮ-ਰਸੀਏ ਸਿਦਕੀ ਸਿੱਖ ਵਾਸਤੇ ਵਰਤਿਆ ਜਾਂਦਾ ਹੈ, ਜੋ ਅੰਦਰੋਂ ਬਾਹਰੋਂ ਨਾਮ ਬਾਣੀ ਦੇ ਰੰਗ ਵਿਚ ਰੰਗਿਆ ਹੋਇਆ ਰਸਕ ਵੈਰਾਗੀ ਹੋਵੇ। ਜਿਸ ਤਰ੍ਹਾਂ ਭਾਈ ਮਤੀ ਦਾਸ, ਭਾਈ ਦਿਆਲਾ, ਭਾਈ ਬਿਧੀ ਚੰਦ, ਪਰ ਏਹੋ ਈ ਸ਼ਬਦ ਜਦੋਂ ਅਯੋਗ ਤਰੀਕੇ ਨਾਲ ਵਰਤਦੇ ਹਾਂ ਤਾਂ ਇਹ ਇਕ ਗਾਲੀ ਬਣ ਕੇ ਰਹਿ ਜਾਂਦਾ ਹੈ। ਜਿਸ ਕਰਕੇ ਭਾਈ ਵਰਗੇ ਉਚੇ ਸੁੱਚੇ ਸ਼ਬਦ ਦਾ ਅਪਮਾਨ ਹੋ ਜਾਂਦਾ ਹੈ। ਇਸੇ ਤਰ੍ਹਾਂ ਮੁ.ਗਲਾਂ ਦੇ ਵੇਲੇ ਤੇ ਚੋਗਤਿਆਂ ਦੇ ਵੇਲੇ ਨੀਵੇਂ ਦਰਜੇ ਦੇ ਲੋਕਾਂ ਨੇ, ਸ਼ਬਦਾਂ ਦੀ ਕੀਮਤ ਨੂੰ ਘਟਾ ਕੇ ਸ਼ਬਦ-ਹੱਤਿਆ ਕੀਤੀ ਸੀ ਜਿਸ ਕਰਕੇ ਸ਼ਬਦਾਂ ਦਾ ਸਤਿਕਾਰ ਘਟ ਗਿਆ ਸੀ। ਜਿਸ ਤਰ੍ਹਾਂ ਕਿ ਖ਼ੁਸ਼ਾਮਦੀ ਲੋਕ ਟੁਕੜੇ ਦੇ ਮੁਹਤਾਜ ਉੱਚੀਆਂ ਬਾਂਹਵਾਂ ਕਰ ਕੇ ਕੂਕਦੇ ਨਹੀਂ ਸੀ ਥੱਕਦੇ—ਐ ਜਹਾਂ ਪਨਾਹ, ਆਕਾਇ ਨਮਦਾਰ, ਸ਼ਹਿਨ ਸ਼ਾਹਿ ਆਲਮ, ਵਾਲੀਏ ਖ਼ਲਕਤ, ਐ ਕਿਬਲਾ ਆਦਿਕ ਸ਼ਬਦ ਫਾਨੀ ਤੇ ਝੂਠੇ ਬਾਦਸ਼ਾਹਾਂ ਵਾਸਤੇ ਵਰਤ ਕੇ ਹੱਤਕ ਕਰਦੇ ਸਨ। ਸੋਚਿਆ ਜਾਵੇ ਤਾਂ ਇਹ ਸਾਰੇ ਸ਼ਬਦ ਕਿਸੇ ਨਾਸ਼ ਰਹਿਤ ਹਸਤੀ ਵਾਸਤੇ ਵਰਤਣੇ ਯੋਗ ਹਨ। ਇਸ ਤਰ੍ਹਾਂ ਹਿੰਦੂ ਰਾਜਿਆਂ ਵੇਲੇ ਵੀ ਸ਼ਬਦ-ਅਪਮਾਨ ਜ਼ੋਰ ਨਾਲ ਹੋਇਆ ਕਰਦਾ ਸੀ। ਜਿਸ ਤਰ੍ਹਾਂ ਕਿ ਅੰਨ ਦਾਤਾ, ਪਰਜਾ-ਪਾਲਕ, ਜਗਤ ਬੰਧੂ, ਸੰਸਾਰ ਰਖਸ਼ਕ, ਪਰਜਾ ਅਧਾਰ ਆਦਿਕ ਸ਼ਬਦ,

ਚਾਰ ਦਿਨ ਦਾ ਰਾਜ ਕਰਨ ਵਾਲੇ ਝੂਠੇ ਰਾਜਿਆਂ ਲਈ ਵਰਤ ਕੇ ਸ਼ਬਦਾਂ ਨੂੰ ਫਿਟਕਾਰਿਆ ਜਾਂਦਾ ਸੀ। ਜੇ ਦੀਰਘ ਦ੍ਰਿਸ਼ਟੀ ਨਾਲ ਦੇਖੀਏ ਤਾਂ ਉਪਰੋਕਤ ਸ਼ਬਦ ਕਿਸੇ ਪਾਵਨ ਤੇ ਨਾਸ਼ ਰਹਿਤ ਹਸਤੀ ਨੂੰ ਹੀ ਫੱਬਦੇ ਹਨ। ਪਰੰਤੂ ਨੀਵੇਂ ਮਨ ਦੇ ਲੋਕਾਂ ਨੇ ਆਪਣੀ ਅਣਖ ਨੂੰ ਛਿੱਕੇ ਤੇ ਟੰਗ ਕੇ ਥੋੜ੍ਹੀ ਜਿਹੀ ਵਾਹ ਵਾਹ ਵਾਸਤੇ ਸ਼ਬਦਾਂ ਦੇ ਸਨਮਾਨ ਦਾ ਕੋਈ ਧਿਆਨ ਨਾ ਕੀਤਾ। ਇਸੇ ਤਰ੍ਹਾਂ ਇਕ ਸ਼ਬਦ ਹੈ ਗ਼ਰੀਬ ਨਿਵਾਜ਼, ਇਹ ਸ਼ਬਦ ਜਿਥੇ ਆਪਣੇ ਆਪ ਵਿਚ ਖ਼ੂਬਸੂਰਤ ਤੇ ਭਾਵ ਭਰਿਆ ਹੈ, ਉਥੇ ਭਾਈ ਗੁਰਦਾਸ ਜੀ ਨੇ ਇਸ ਦੀ ਸੁਚੱਜੀ ਵਰਤੋਂ ਕਰ ਕੇ ਇਸ ਨੂੰ ਹੋਰ ਵਧੇਰੇ ਸੁੰਦਰਤਾ ਦੇ ਦਿੱਤੀ ਹੈ। ਕਈ ਵਾਰ ਦੇਖਣ ਵਿਚ ਆਇਆ ਹੈ ਕਿ ਭੁੱਲੜ ਆਦਮੀ ਇਸਦੀ ਵਰਤੋਂ ਵੀ ਬੜੀ ਕੋਝੀ ਜਿਹੀ ਕਰਦੇ ਨੇ। ਜਦੋਂ ਕਿ ਮਾਮੂਲੀ ਜਿਹੇ ਅਫ਼ਸਰ ਨਾਲ ਜਾਂ ਚਹੁੰ ਟਕਿਆਂ ਦੇ ਮਾਲਕ ਨਾਲ ਗੱਲਾਂ ਕਰਦੇ ਉਸ ਨੂੰ ਗ਼ਰੀਬ ਨਿਵਾਜ਼ ਆਖ ਕੇ ਇਸ ਸ਼ਬਦ ਦਾ ਵਜ਼ਨ ਘਟਾ ਦਿੰਦੇ ਨੇ। ਭਾਈ ਗੁਰਦਾਸ ਜੀ ਨੇ ਇਸ ਨੂੰ ਸ੍ਰੀ ਗੁਰੂ ਨਾਨਕ ਨਿਰੰਕਾਰੀ ਦੇ ਪਾਵਨ ਨਾਮ ਨਾਲ ਜੋੜ ਕੇ ਇਸ ਨੂੰ ਚਾਰ ਚੰਨ ਲਾ ਦਿੱਤੇ ਨੇ। ਜਦ ਕਿ ਆਪ ਆਖਦੇ ਨੇ ਕਿ 'ਨਾਉ ਗਰੀਬ ਨਿਵਾਜ ਹੈ'। ਭਾਵ ਕਿ ਹਜ਼ੂਰ ਸ੍ਰੀ ਸੱਚੇ ਪਾਤਸ਼ਾਹ ਦਾ ਨਾਂ ਹੈ ਗ਼ਰੀਬ ਨਿਵਾਜ਼ ਤੇ ਸੱਚਾ ਗ਼ਰੀਬ ਨਿਵਾਜ਼, ਭਾਵੇਂ ਅਸੀਂ ਲਾਲਚ ਅਧੀਨ ਨਿੱਕੇ ਵੱਡੇ ਅਫ਼ਸਰ ਨੂੰ ਗ਼ਰੀਬ ਨਿਵਾਜ਼ ਆਖ ਤਾਂ ਦਿੰਦੇ ਹਾਂ, ਪਰ ਗ਼ਰੀਬ ਨੂੰ ਅਫ਼ਸਰ ਦੇ ਦੁਆਰ ਨੇੜੇ ਫਟਕਣ ਵੀ ਨਹੀਂ ਦਿੱਤਾ ਜਾਂਦਾ। ਅਫ਼ਸਰ ਤੇ ਸਰਕਾਰੀ ਕਰਮਚਾਰੀਆਂ ਕੋਲੋਂ ਡਰਦਿਆਂ ਗ਼ਰੀਬਾਂ ਦੇ ਸਾਹ ਸੁੱਕੇ ਰਹਿੰਦੇ ਹਨ। ਗ਼ਰੀਬਾਂ ਨੂੰ ਝਾੜ ਝਾੜ ਤੇ ਦੁਰਕਾਰ ਦੁਰਕਾਰ ਪਛਾੜਿਆ ਜਾਂਦਾ ਹੈ। ਕਿਸੇ ਧਨਵਾਨ ਆਦਮੀ ਨੂੰ ਲੋਕੀ ਗ਼ਰੀਬ ਨਿਵਾਜ਼ ਇਸ ਲਈ ਆਖਦੇ ਹਨ ਕਿ ਕਿਸੇ ਵੇਲੇ ਲੋੜ ਪੂਰੀ ਕਰਨ ਲਈ ਕੰਮ ਆਵੇਗਾ। ਜੇ ਇਸ ਨਾਲ ਸਾਂਝ ਹੋਵੇਗੀ ਤਾਂ ਕਦੀ ਨਾ ਕਦੀ ਕੰਮ ਦੇ ਜਾਏਗੀ। ਪਰ ਦੇਖਣ ਵਿਚ ਆਇਆ ਹੈ ਕਿ ਧਨੀ ਆਦਮੀ ਗ਼ਰੀਬਾਂ ਨੂੰ ਕੁੱਤਿਆਂ ਵਾਂਗ ਦੁਰਕਾਰਦੇ ਹਨ। ਨੇੜੇ ਨਹੀਂ ਢੁਕਣ ਦਿੰਦੇ, ਆਪਣੀ ਸੰਤਾਨ ਤੇ ਗ਼ਰੀਬਾਂ ਦਾ ਪਰਛਾਵਾਂ ਵੀ ਨਹੀਂ ਪੈਣ ਦਿੰਦੇ, ਸਗੋਂ ਉਨ੍ਹਾਂ ਨੂੰ ਗ਼ਰੀਬਾਂ ਕੋਲੋਂ ਬਦਬੂ ਆਉਂਦੀ ਹੈ, ਉਨ੍ਹਾਂ ਨੂੰ ਦੇਖ ਕੇ ਨੱਕ ਬੁੱਲ੍ਹ ਵੱਟ ਕੇ ਘਿਰਣਾ ਕਰਦੇ ਹਨ, ਮੱਥੇ ਤਿਊੜੀਆਂ ਪਾ ਕੇ ਆਪਣੇ ਥੋੜ੍ਹੇ ਜਿਹੇ ਵਡੱਪਣ ਨੂੰ ਵਧੇਰੇ ਚਮਕਦਾਰ ਜਤਾਉਣਾ ਚਾਹੁੰਦੇ ਹਨ।

ਰਾਜਿਆਂ-ਮਹਾਰਾਜਿਆਂ ਤੇ ਬਾਦਸ਼ਾਹਾਂ ਨੂੰ ਵੀ ਗ਼ਰੀਬ ਨਿਵਾਜ਼ ਆਖ ਕੇ ਵਡਿਆਇਆ ਜਾਂਦਾ ਹੈ। ਉਨ੍ਹਾਂ ਦੀ ਝੂਠੀ ਗ਼ਰੀਬ ਨਿਵਾਜ਼ੀ ਦੇ ਕੂੜੇ ਸੋਹਲੇ ਗਾਏ ਜਾਂਦੇ ਹਨ। ਵੱਡੇ ਵੱਡੇ ਦਰਬਾਰਾਂ ਵਿਚ ਟੁਕੜੇ ਦੇ ਭਿਖਾਰੀ ਉਨ੍ਹਾਂ ਨੂੰ ਗ਼ਰੀਬ ਗ਼ੁਰਬੇ ਦੇ ਰਾਖੇ ਕਹਿ ਕਹਿ ਕੇ ਪੁਕਾਰਦੇ ਸਾਹ ਨਹੀਂ ਲੈਂਦੇ। ਅਮਲੀ ਤੌਰ ਤੇ ਦੇਖਿਆ ਜਾਏ ਤਾਂ ਗ਼ਰੀਬ, ਬਾਦਸ਼ਾਹ ਦੇ ਪਰਛਾਵੇਂ ਦੀ ਹਵਾ ਦੇ ਨੇੜੇ ਵੀ ਨਹੀਂ ਢੁਕ ਸਕਦੇ। ਬਾਦਸ਼ਾਹ ਦੇ ਮਹੱਲਾਂ ਨੇੜਿਓਂ ਲੰਘਣਾ ਕਿਸੇ ਗ਼ਰੀਬ ਦੀ ਮੌਤ ਦਾ ਕਾਰਨ ਬਣ ਜਾਂਦਾ ਹੈ। ਜਿਨ੍ਹਾਂ ਬਾਦਸ਼ਾਹਾਂ ਨੂੰ ਭਾੜੇ ਦੇ ਟੱਟੂ ਗ਼ਰੀਬ ਨਿਵਾਜ਼ ਆਖਦੇ ਹਨ, ਉਹ ਬਾਦਸ਼ਾਹ ਗ਼ਰੀਬਾਂ ਦਾ ਚੰਮ ਲਾਹ ਕੇ ਲਹੂ ਪੀ ਜਾਂਦੇ ਦੇਖੇ ਗਏ ਹਨ। ਆਪਣੀ ਦੁਨੀਆਂ ਨੂੰ ਰੰਗੀਨ ਬਣਾਉਣ ਲਈ ਗ਼ਰੀਬਾਂ ਦੀ ਦੁਨੀਆਂ ਨੂੰ ਉਜਾੜਦੇ ਨਜ਼ਰ ਆਏ ਹਨ। ਆਪਣੇ ਮਹੱਲਾਂ ਦੀ ਸਜਾਵਟ ਕਰਨ ਹਿਤ ਗ਼ਰੀਬਾਂ ਦੀਆਂ ਕੁੱਲੀਆਂ ਨੂੰ ਫੂਕ ਦਿੰਦੇ ਹਨ। ਬਾਦਸ਼ਾਹਾਂ ਦੇ ਸ਼ੁਗਲਾਂ ਵਿਚ ਗ਼ਰੀਬ ਦੀਆਂ ਬਹੂ ਬੇਟੀਆਂ ਦੀ ਇੱਜ਼ਤ ਨੂੰ ਇਕ ਤਮਾਸ਼ਾ ਜਾਣ ਕੇ ਲੁੱਟਿਆ ਤੇ ਬਰਬਾਦ ਕੀਤਾ ਜਾਂਦਾ

ਏ। ਕਿਸ ਮੂੰਹ ਨਾਲ ਕਿਹਾ ਜਾਏ ਕਿ ਉਹ ਗ਼ਰੀਬ ਨਿਵਾਜ਼ ਹੈ ? ਸਾਡੇ ਇਤਿਹਾਸ ਦੇ ਪੰਨਿਆਂ ਤੋਂ ਪਤਾ ਲੱਗਦਾ ਹੈ ਕਿ ਹਰਨਾਖਸ਼ ਦੇ ਦਰਬਾਰ ਵਿਚ ਪ੍ਰਹਿਲਾਦ ਨੂੰ ਸਤਾਇਆ ਗਿਆ, ਰਵਿਦਾਸ ਭਗਤ ਨੂੰ ਚਮਿਆਰ ਜਾਣ ਕੇ ਦੁਖਾਇਆ ਗਿਆ, ਸਧਨੇ ਭਗਤ ਨੂੰ ਕਸਾਈ ਸਮਝ ਕੇ ਬੁਰਜ ਵਿਚ ਚਿਣ ਦਿੱਤਾ ਗਿਆ, ਕੰਸ ਦੇ ਦਰਬਾਰ ਵਿਚ ਅਨੇਕਾਂ ਗ਼ਰੀਬਾਂ ਨੂੰ ਪਰੇਸ਼ਾਨ ਕੀਤਾ ਤੇ ਪਛਾੜਿਆ ਗਿਆ। ਰੋਮਨ ਦੇ ਇਤਿਹਾਸ ਵਿਚ ਜ਼ਿਕਰ ਹੈ ਕਿ ਕੰਮ ਕਰਦੇ ਕਾਮਿਆਂ ਨੂੰ ਸ਼ਿਕਾਰ ਕਰ ਕੇ ਦਿਲ-ਬਹਿਲਾਵਾ ਕੀਤਾ ਜਾਂਦਾ ਸੀ। ਮਕਾਨਾਂ ਤੇ ਇੱਟਾਂ ਅਤੇ ਗਾਰਾ ਲੈ ਜਾਣ ਵਾਲੇ ਮਜ਼ਦੂਰਾਂ ਨੂੰ ਤੀਸਰੀ ਚੌਥੀ ਛੱਤੇ ਪੁੱਜਣ ਤੇ ਗੋਲੀ ਮਾਰ ਦਿੱਤੀ ਜਾਂਦੀ ਸੀ। ਜਿਸ ਵੇਲੇ ਉਹ ਹੇਠਾਂ ਸਿੱਧਾ ਪੁੱਠਾ ਡਿੱਗਦਾ ਆਉਂਦਾ ਸੀ ਤਾਂ ਬਾਦਸ਼ਾਹ ਬੜੇ ਖ਼ੁਸ਼ ਹੋਇਆ ਕਰਦੇ ਸਨ। ਕੌਣ ਆਖਦਾ ਹੈ ਕਿ ਇਹ ਗ਼ਰੀਬ ਨਿਵਾਜ਼ ਹਨ। ਇਹ ਰੁਪਏ ਦੇ ਪੁਜਾਰੀ ਬੜੇ ਨਿਰਦਈ ਤੇ ਬੇਰਹਿਮ ਹੋਇਆ ਕਰਦੇ ਹਨ। ਬਾਬਰ ਨੇ ਜੋ ਕੁਝ ਜ਼ੁਲਮ ਕੀਤੇ ਸਨ ਕੀ ਉਹ ਗ਼ਰੀਬ ਨਿਵਾਜ਼ੀ ਦੇ ਉਲਟ ਨਹੀਂ ? ਭੋਲੇ ਭਾਲੇ ਮਾਸੂਮ ਬੱਚੇ ਘੋੜਿਆਂ ਦੇ ਸੁੰਮਾਂ ਥੱਲੇ ਦਲ ਮਲ ਦਿੱਤੇ ਗਏ। ਭੈਣਾਂ ਦੇ ਵੀਰ ਸਦਾ ਵਾਸਤੇ ਵਿਛੋੜ ਦਿੱਤੇ ਗਏ, ਸੁੰਦਰੀਆਂ ਤੇ ਸੱਜ ਵਿਆਹੀਆਂ ਦੇ ਸੁਹਾਗਾਂ ਨੂੰ ਮਿੱਟੀ ਵਿਚ ਮਿਲਾਇਆ ਗਿਆ।

ਮਾਵਾਂ ਦੀਆਂ ਅੱਖਾਂ ਦੇ ਤਾਰੇ ਧਰਤੀ ਦੀ ਸੇਜ ਤੇ ਸੁਆਲ ਕੇ ਉਹਨਾਂ ਦੀ ਵਸਦੀ ਰਸਦੀ ਦੁਨੀਆਂ ਉਜਾੜੀ ਗਈ, ਬਾਪ ਦੀ ਜ਼ਿੰਦਗੀ ਦਾ ਆਸਰਾ ਖੋਹ ਕੇ ਉਸ ਨੂੰ ਨਿਆਸਰਾ ਕਰ ਦਿੱਤਾ ਗਿਆ, ਅੰਮਾਂ-ਜਾਏ ਵੀਰਾਂ ਨੂੰ ਮੁਲਕੇ ਅਦਮ ਦਾ ਰਾਹੀ ਬਣਾ ਕੇ ਸਦਾ ਲਈ ਵਿਛੋੜ ਦਿੱਤਾ ਗਿਆ, ਐਮਨਾਬਾਦ ਦੀਆਂ ਗਲੀਆਂ ਵਿੱਚੋਂ ਅੱਜ ਵੀ ਹਾਹਾਕਾਰ ਦੀਆਂ ਡਰਾਉਣੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਬੀਤੇ ਘੱਲੂਘਾਰੇ ਨੂੰ ਚੇਤੇ ਕਰ ਕੇ ਐਮਨਾਬਾਦ ਦੀਆਂ ਕੰਧਾਂ ਅੱਜ ਵੀ ਵੈਣ ਪਾਉਂਦੀਆਂ ਸੁਣੀਆਂ ਜਾਂਦੀਆਂ ਹਨ। ਇਸ ਸਾਰੀ ਘਟਨਾ ਨੂੰ ਦੇਖ ਕੇ ਸੱਚੇ ਗ਼ਰੀਬ ਨਿਵਾਜ਼ ਦੀਆਂ ਅੱਖਾਂ ਸਿੰਮੀਆਂ, ਦਰਦੀ ਦਿਲ ਵਿੱਚੋਂ ਦਰਦ ਉਮਡਿਆ, ਦੁਖੀਆਂ ਦੇ ਦਰਦੀ ਨੇ ਹਾਅ ਦਾ ਨਾਹਰਾ ਮਾਰਿਆ, ਪਤਾ ਨਹੀਂ ਕੋਮਲ ਦਿਲ ਤੇ ਕਿੰਨੀ ਕੁ ਕਾਰੀ ਸੱਟ ਵੱਜੀ, ਜਿਸਨੂੰ ਸਹਾਰਿਆ ਨਾ ਗਿਆ ਤੇ ਗ਼ਰੀਬ ਨਿਵਾਜ਼, ਸੱਚਾ ਗ਼ਰੀਬ ਨਿਵਾਜ਼ ਮਿਹਰਾਂ ਦਾ ਸਾਈਂ ਆਪਣੇ ਸਾਈਂ ਦੇ ਰੰਗ ਵਿਚ ਮਸਤ ਹੋ ਕੇ ਬੋਲ ਉਠਿਆ, ਦਿਲ ਦ੍ਰਵਿਆ ਤੇ ਰੋਮਾਵਲੀ ਪੁਲਕ ਉਠੀ, ਅੱਖੀਆਂ ਗੰਗਾ ਜਮਨਾ ਬਣ ਕੇ ਵਗ ਤੁਰੀਆਂ, ਹੰਝੂਆਂ ਦੀ ਧਾਰ ਦਰਦਵੰਦਾਂ ਦੇ ਦਰਦਾਂ ਨੂੰ ਸਮੇਟਦੀ ਜਾ ਰਹੀ ਏ, ਜੁੜੀ ਹੋਈ ਸੁਰਤਿ ਵਿਚ ਪਤਾ ਨਹੀਂ ਰੰਗ ਰੱਤੜੇ ਮਹੀਨੇ ਕੀ ਕੀ ਵੇਖਿਆ, ਤੇ ਕਿਥੇ ਕਿਥੇ ਚੁੰਭਕਾਂ ਪਈਆਂ ? ਸਾਜਣਹਾਰ ਦੀ ਸ੍ਰਿਸ਼ਟੀ ਦੀਆਂ ਚੀਕਾਂ ਨੇ ਕਲੇਜਾ ਚੀਰ ਸੁੱਟਿਆ, ਜ਼ਾਲਮਾਂ ਦੇ ਜ਼ੁਲਮ ਨੇ ਮਜ਼ਲੂਮਾਂ ਦਾ ਕਚੂੰਬਰ ਕੱਢ ਸੁਟਿਆ ਹੈ, ਉਨ੍ਹਾਂ ਦੇ ਹਉਕਿਆਂ ਨੇ, ਉਨ੍ਹਾਂ ਦੇ ਹਾਵਿਆਂ ਨੇ, ਉਨ੍ਹਾਂ ਦੇ ਹਾੜਿਆਂ ਨੇ, ਉਨ੍ਹਾਂ ਦੀਆਂ ਲਿਲੜੀਆਂ ਨੇ, ਉਨ੍ਹਾਂ ਦੀਆਂ ਸਿਸਕੀਆਂ ਨੇ, ਉਨ੍ਹਾਂ ਦੀਆਂ ਲੁੜਛੜੀਆਂ ਨੇ ਸੱਚੇ ਗ਼ਰੀਬ ਨਿਵਾਜ਼ ਦੇ ਮੂੰਹੋਂ ਬਦੋ ਬਦੀ ਅਖਵਾ ਦਿੱਤਾ ਕਿ :

**ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥**
**ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ ॥**
**ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ ॥੧॥**

ਆਦੇਸੁ ਬਾਬਾ ਆਦੇਸੁ ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ ॥
ਕਰਿ ਕਰਿ ਦੇਖਹਿ ਵੇਸ ॥੧॥ ਰਹਾਉ ॥
ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥
ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥੨॥
ਇਕੁ ਲਖੁ ਲਹਨਿ੍ ਬਹਿਠੀਆ ਲਖੁ ਲਹਨਿ੍ ਖੜੀਆ ॥
ਗਰੀ ਛੁਹਾਰੇ ਖਾਂਦੀਆ ਮਾਣਨਿ੍ ਸੇਜੜੀਆ ॥
ਤਿਨ ਗਲਿ ਸਿਲਕਾ ਪਾਈਆ ਤੁਟਨਿ੍ ਮੋਤਸਰੀਆ ॥੩॥
ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ੀ ਰਖੇ ਰੰਗੁ ਲਾਇ ॥
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥
ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥੪॥
ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥
ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥
ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥
ਇਕ੍ਨਾ ਵਖਤ ਖੁਆਈਅਹਿ ਇਕਨ੍ਾ ਪੂਜਾ ਜਾਇ ॥
ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ ॥
ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥੬॥
ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ ॥
ਇਕਨ੍ਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ ॥
ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ॥੭॥੧੧॥

SIKHBOOKCLUB.COM

....... ....... ....... .......

ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥
ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ ॥
ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ ॥੧॥
ਇਹੁ ਜਗੁ ਤੇਰਾ ਤੂ ਗੋਸਾਈ ॥
ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ ॥੧॥ ਰਹਾਉ ॥
ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ॥
ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥
ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥੨॥
ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥
ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥੩॥
ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥
ਥਾਨ ਮੁਕਾਮ ਜਲੇ ਬਿਜਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥
ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥
ਓਨ੍ੀ ਤੁਪਕ ਤਾਣਿ ਚਲਾਈ ਉਨ੍ੀ ਹਸਤਿ ਚਿੜਾਈ ॥
ਜਿਨ੍ ਕੀ ਚੀਰੀ ਦਰਗਹ ਪਾਟੀ ਤਿਨਾ ਮਰਣਾ ਭਾਈ ॥੫॥
ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥

ਇਕਨ੍ਾ ਪੇਰਣ ਸਿਰ ਖੁਰ ਪਾਟੇ ਇਕਨ੍ਾ ਵਾਸੁ ਮਸਾਣੀ ॥
ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ ॥੬॥
ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥
ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ ॥
ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥੭॥੧੨॥

*(ਰਾਗੁ ਆਸਾ ਅਸਟਪਦੀਆ ਮ: ੧, ਪੰਨਾ ੪੧੭-੧੮)*

ਬਾਬਰ ਨੇ ਐਸੀ ਬਾਬਰਵਾਣੀ ਫੇਰੀ ਕਿ ਐਮਨਾਬਾਦ ਵਿਚ ਨਿੱਕੇ ਨਿੱਕੇ ਮਾਸੂਮ ਬੱਚਿਆਂ ਨੂੰ ਰੋਟੀ ਭੁੱਲ ਗਈ, ਡਰਦੇ ਮਾਰੇ ਸਹਿਮੇ ਹੋਏ ਮਾਵਾਂ ਦੇ ਬੱਚੇ ਰੋਟੀ ਕਿਵੇਂ ਖਾਂਦੇ ? ਜਿਨ੍ਹਾਂ ਦੀਆਂ ਅੱਖਾਂ ਸਾਮ੍ਹਣੇ ਉਨ੍ਹਾਂ ਦੇ ਮਾਤਾ ਪਿਤਾ ਕੋਹ ਕੋਹ ਕੇ ਮਾਰੇ ਗਏ ਹੋਣ ਉਨ੍ਹਾਂ ਨੂੰ ਰੋਟੀ ਕਿਵੇਂ ਸੰਘੋਂ ਲੰਘੇ ?

ਹਜ਼ੂਰ ਫ਼ੁਰਮਾਂਦੇ ਹਨ, ਜਿਥੇ ਸੋਹਣੇ ਸੋਹਣੇ ਮੂੰਹਾਂ ਨੂੰ ਸ਼ੀਸ਼ਿਆਂ ਨਾਲ ਦੇਖਿਆ ਜਾਂਦਾ ਸੀ, ਉਥੇ ਹੁਣ ਨਾ ਸ਼ੀਸ਼ੇ ਨਾ ਸ਼ੀਸ਼ਿਆਂ ਵਾਲੇ, ਸਭ ਅਣਵੇਖੇ ਦੇਸ ਦੇ ਰਾਹੀ ਬਣਾ ਦਿੱਤੇ !

ਕਿਥੇ ਗਏ ਉਹ ਘਰ, ਮੰਡਪ, ਮਹਿਲ, ਸਰਾਵਾਂ ਤੇ ਮਹੱਲ ? ਕਿਥੇ ਗਈਆਂ ਸੋਹਣੀਆਂ ਸੇਜਾਂ ਤੇ ਸੁੰਦਰ ਸੇਜਾਂ ਨੂੰ ਮਾਨਣ ਵਾਲੀਆਂ ਸੁੰਦਰੀਆਂ ਜਿਨ੍ਹਾਂ ਨੂੰ ਦੇਖ ਕੇ ਨੀਂਦ ਨਹੀਂ ਸੀ ਆਉਂਦੀ ?

ਕਿਥੇ ਗਏ ਉਹ ਪਾਨ, ਕਿਥੇ ਗਏ ਉਹ ਪਾਨ ਲਾਉਣ ਵਾਲੇ ਪਨਵਾੜੀ ? ਕਿਥੇ ਗਏ ਉਹ ਰਾਜ ਮਹਿਲ ਜਿਨ੍ਹਾਂ ਨੂੰ ਪਗ ਥੰਮ੍ਹ ਕੇ ਦੇਖਿਆ ਜਾਂਦਾ ਸੀ। ਇਹ ਸਾਰੀਆਂ ਚੀਜ਼ਾਂ ਬਾਬਰਵਾਣੀ ਨੇ ਛਾਈਂ ਮਾਈਂ ਕਰ ਦਿੱਤੀਆਂ, ਨਾਮ ਨਿਸ਼ਾਨ ਨਾ ਰ਼ਹਿਣ ਦਿੱਤਾ।

ਰਹਿਣ ਦੇ ਮਕਾਨ, ਸੋਹਣੇ ਹਟਨਾਲੇ ਤੇ ਬਜ਼ਾਰ, ਆਲੀਸ਼ਾਨ ਮੰਦਰ, ਕੋਈ ਚੀਜ਼ ਨਜ਼ਰ ਨਹੀਂ ਆਉਂਦੀ। ਨਿੱਕੇ ਫੁੱਲਾਂ ਸਮਾਨ, ਕੋਮਲ ਬੁੱਲ੍ਹੀਆਂ ਵਾਲੇ ਨਿੱਕੂ ਨਿੱਕੂ ਬੱਚੜੇ ਲੁੜਛ ਲੁੜਛ ਕੇ ਰੋ ਰਹੇ ਹਨ। ਕੋਈ ਚੁਪ ਕਰਾਣ ਵਾਲਾ ਨਹੀਂ। ਚੁਪ ਕਰਾਉਣ ਵਾਲੀ ਵਿਚ ਉੱਠਣ ਦੀ ਤਾਕਤ ਨਹੀਂ, ਉਹ ਬੇਹਿੱਸ ਪਈ ਹੈ। ਰੂਹ ਲੰਮਿਆਂ ਦੇਸਾਂ ਨੂੰ ਉਠ ਚੁਕੀ ਹੈ, ਜੇ ਜੀਊਂਦੀ ਹੋਵੇ ਤਾਂ ਆਪਣੇ ਸੁਖਾਂ ਲੱਧੇ ਜਿਗਰ ਦੇ ਟੋਟੇ ਨੂੰ ਗਲ ਨਾਲ ਲਾ ਲਏ। ਗੋਦੀ ਪਾ ਕੇ, ਦੁਧ ਪਿਲਾ ਕੇ ਕਲੇਜੇ ਨਾਲ ਲਾ ਕੇ ਠੰਢੀ ਹੋ ਜਾਏ।

ਇਕਨਾਂ ਪੈਰ ਸਿਰ ਪਾਟੇ ਪਏ ਹਨ। ਕਈਆਂ ਦਾ ਵਾਸਾ ਮਸਾਣਾਂ ਵਿਚ ਹੋ ਗਿਆ। ਜਿਨ੍ਹਾਂ ਸੁੰਦਰੀਆਂ ਦੇ ਬਾਂਕੇ ਤੇ ਛੈਲ ਛਬੀਲੇ, ਜ਼ਿੰਦਗੀ ਦੇ ਸਾਥੀ ਘਰ ਹੀ ਨਹੀਂ ਆਏ ਉਨ੍ਹਾਂ ਨੂੰ ਕਿਸ ਤਰ੍ਹਾਂ ਸੁਖ਼ ਰਾਤ ਵਿਹਾਵੇ ? ਉਥੇ ਚੀਕਾਂ ਹਨ, ਪਿੱਟੋ ਕੁੱਟਾ ਤੇ ਕੀਰਨੇ ਹਨ।

ਇਸ ਤਰ੍ਹਾਂ ਦਾ ਅਸਹਿ ਜ਼ੁਲਮ ਕਰਨ ਵਾਲੇ ਨਿਰਦਈ ਜ਼ਾਲਮ ਨੂੰ ਗ਼ਰੀਬ ਨਿਵਾਜ਼ ਕਹਿਣ ਲੱਗਿਆਂ ਮਨ ਝਿਜਕਦਾ ਏ, ਆਤਮਾ ਕੰਬਦੀ ਏ, ਸਰੀਰ ਡੋਲਦਾ ਏ ਤੇ ਲੂੰ ਕੰਡੇ ਖੜੇ ਹੋ ਜਾਂਦੇ ਹਨ।

ਗ਼ਰੀਬ ਨਿਵਾਜ਼ ਦੇ ਅਰਥ ਹਨ ਗ਼ਰੀਬਾਂ ਨੂੰ ਨਿਵਾਜਣਾ, ਆਦਰ ਸਤਿਕਾਰ ਦੇਣਾ ਤੇ ਗ਼ਰੀਬਪੁਣੇ ਦਾ ਅਹਿਸਾਸ ਹੀ ਮਿਟਾ ਦੇਣਾ। ਉਹਨੂੰ ਸੁਪਨੇ ਵਿਚ ਵੀ ਗ਼ਰੀਬ ਹੋਣ

ਦਾ ਖ਼ਿਆਲ ਨਾ ਆਉਣ ਦੇਣਾ। ਭਾਵੇਂ ਸਮਾਜੀ ਗ਼ਰੀਬ ਹੋਵੇ, ਭਾਵੇਂ ਮਾਇਕੀ ਗ਼ਰੀਬ ਹੋਵੇ, ਭਾਵੇਂ ਸਮਾਜ ਦੇ ਠੁਕਰਾ ਦੇਣ ਕਾਰਨ ਮਨ ਵਿਚ ਸਮਾ ਗਿਆ ਹੋਵੇ ਕਿ ਮੈਂ ਦੂਜਿਆਂ ਨਾਲੋਂ ਨੀਂਵਾਂ ਹਾਂ, ਇਹ ਸਭ ਕੁਝ ਉਸ ਦੇ ਅੰਦਰੋਂ ਧੋ ਕੇ ਉਸ ਨੂੰ ਜਤਾ ਦੇਣਾ ਕਿ ਮੈਂ ਵੀ ਸੰਸਾਰ-ਕਰਤਾ ਦਾ ਕੀਤਾ ਹੋਇਆ ਬਾਕੀ ਮਨੁੱਖਾਂ ਵਰਗਾ ਮਨੁੱਖ ਹਾਂ। ਇਹ ਸੱਚੀ ਗ਼ਰੀਬ ਨਿਵਾਜ਼ੀ ਹੈ ਜੋ ਕਿ ਦੁਨੀਆਂਦਾਰ ਬਾਦਸ਼ਾਹ ਦੇ ਦਰਬਾਰ ਵਿਚ ਨਹੀਂ ਹੁੰਦੀ। ਦੁਨੀਆਂਦਾਰ ਬਾਦਸ਼ਾਹ ਜੇ ਕਦੀ ਖ਼ੁਸ਼ੀ ਵਿਚ ਆ ਵੀ ਜਾਣ ਤਾਂ ਭਰੇ ਹੋਏ ਭਾਂਡਿਆਂ ਨੂੰ ਹੀ ਭਰਦੇ ਨੇ, ਗ਼ਰੀਬਾਂ ਵੱਲ ਤਾਂ ਕੋਈ ਵੇਖਦਾ ਵੀ ਨਹੀਂ।

ਜਿਸ ਤਰ੍ਹਾਂ ਮੁਗ਼ਲਾਂ ਤੇ ਚੁਗੱਤਿਆਂ ਦੇ ਵੇਲੇ ਅਸੂਲ ਸੀ ਕਿ ਖ਼ਾਸ ਦਰਬਾਰ ਵਿਚ ਜਦ ਇਨਾਮ ਵੰਡੇ ਜਾਂਦੇ ਸਨ, ਉਦੋਂ ਵੱਡੇ ਵੱਡੇ ਲੋਕਾਂ ਨੂੰ ਈ ਵੱਡਿਆਂ ਕੀਤਾ ਜਾਂਦਾ ਸੀ ਤੇ ਉੱਚੇ ਉੱਚੇ ਰੁਤਬੇ ਦਿੱਤੇ ਜਾਂਦੇ ਸਨ, ਜੈਸੇ ਮਹਿਰ, ਮਲੂਕ ਤੇ ਖ਼ਾਨ ਬਹਾਦਰ ਆਦਿਕ। ਕਿਸੇ ਗ਼ਰੀਬ ਚੌਕੀਦਾਰ ਨੂੰ ਕਦੇ ਕਿਸੇ ਨੇ ਨਹੀਂ ਨਿਵਾਜਿਆ ਸਗੋਂ ਦੁਰਕਾਰਿਆ ਤੇ ਫਿਟਕਾਰਿਆ ਈ ਜਾਂਦਾ ਸੀ। ਉਨ੍ਹਾਂ ਨੂੰ ਜ਼ਲੀਲ ਕਰ ਕੇ ਰਹਿੰਦੀ ਖਹਿੰਦੀ ਅਣਖ ਨੂੰ ਵੀ ਮਲੀਆਮੇਟ ਕਰ ਕੇ ਮਿੱਟੀ ਵਿਚ ਮਿਲਾ ਦਿੱਤਾ ਜਾਂਦਾ ਸੀ। ਇਸੇ ਕਰਕੇ ਸੱਚੇ ਗ਼ਰੀਬ ਨਿਵਾਜ਼ ਪਿਤਾ ਨੇ ਉਚਾਰਨ ਕੀਤਾ ਹੈ ਕਿ :

**ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨ੍ਹਿ ਬੈਠੇ ਸੁਤੇ ॥**
**ਚਾਕਰ ਨਹਦਾ ਪਾਇਨ੍ਹਿ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥**

*(ਵਾਰ ਮਲਾਰ ਮ: ੧, ਪੰਨਾ ੧੨੮੮)*

SIKHBOOKCLUB.COM

ਰਾਜੇ ਸ਼ੇਰ ਵਾਂਗ ਸ਼ਿਕਾਰ ਮਾਰਦੇ ਸਨ। ਜਿਸ ਤਰ੍ਹਾਂ ਸ਼ਿਕਾਰੀ ਸ਼ਿਕਾਰ ਕਰਨ ਲਈ ਝਾੜੀਆਂ ਨੂੰ ਝਾੜ ਕੇ ਸੁੱਤੇ ਬੈਠੇ ਜਾਨਵਰਾਂ ਨੂੰ ਜਗਾ ਦਿੰਦੇ ਹਨ, ਇਸੇ ਪ੍ਰਕਾਰ ਰਾਜੇ ਲੋਕ ਵੀ ਘਰਾਂ ਵਿਚ ਆਰਾਮ ਨਾਲ ਬੈਠੇ ਲੋਕਾਂ ਦਾ ਜਾ ਸ਼ਿਕਾਰ ਕਰਦੇ ਸਨ। ਸ਼ੇਰ ਸ਼ਿਕਾਰ ਮਾਰ ਕੇ ਲੋੜ ਅਨੁਸਾਰ ਖਾ ਕੇ ਬਾਕੀ ਛੱਡ ਦਿੰਦਾ ਏ ਜੋ ਕਿ ਕੁੱਤਿਆਂ ਬਿੱਲੀਆਂ ਤੇ ਗਿੱਦੜ ਆਦਿਕ ਦੇ ਕੰਮ ਆਉਂਦਾ ਹੈ; ਏਸੇ ਤਰ੍ਹਾਂ ਬਾਦਸ਼ਾਹਾਂ ਦਾ ਬਾਕੀ ਬਚਿਆ ਹੋਇਆ ਸ਼ਿਕਾਰ ਮੁਕੱਦਮਾਂ ਦੇ ਕੰਮ ਆਉਂਦਾ ਏ ਜੋ ਕਿ ਕੁੱਤਿਆਂ ਵਾਂਗ ਰੱਤ ਪਿਤ ਨੂੰ ਚੱਟ ਜਾਂਦੇ ਹਨ।

ਥੋੜ੍ਹੇ ਚਿਰ ਦੀ ਗੱਲ ਹੈ ਕਿ ਜਦੋਂ ਹਿੰਦੁਸਤਾਨ ਬਰਤਾਨੀਆ ਦੇ ਅਧੀਨ ਸੀ, ਓਦੋਂ ਵੀ ਖ਼ਾਸ ਨੌਕਰਾਂ ਤੇ ਵੱਡੇ ਲੋਕਾਂ ਨੂੰ ਹੋਰ ਵੱਡਿਆਂ ਕੀਤਾ ਜਾਂਦਾ ਸੀ। ਜੇ ਕੋਈ ਰਾਇ ਸੀ ਤਾਂ ਉਸ ਨੂੰ ਰਾਇ ਬਹਾਦਰ ਤੇ ਜੇ ਕੋਈ ਰਾਇ ਬਹਾਦਰ ਸੀ ਤਾਂ ਉਸਨੂੰ ਹਿਜ਼ ਹਾਈਨੈਸ (His Highness) ਬਣਾ ਦਿੱਤਾ ਜਾਂਦਾ ਸੀ। ਜਿਸ ਦੇ ਪਾਸ ਪੰਜ ਮੁਰੱਬੇ ਸਨ, ਉਸ ਦੇ ਦਸ ਤੇ ਦਸਾਂ ਵਾਲੇ ਦੇ ਵੀਹ ਕਰ ਕੇ ਗ਼ਰੀਬਾਂ ਨੂੰ ਚੇਤੇ ਵੀ ਨਹੀਂ ਸੀ ਕੀਤਾ ਜਾਂਦਾ। ਦੁਨੀਆਂ ਦੇ ਤਖ਼ਤੇ ਤੇ ਇਕ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਐਸੀ ਪਾਵਨ ਹਸਤੀ ਹੈ ਕਿ ਜਿਨ੍ਹਾਂ ਨੇ ਸੱਚੇ ਅਰਥਾਂ ਵਿਚ ਗ਼ਰੀਬਾਂ ਨੂੰ ਨਿਵਾਜਿਆ ਹੈ, ਲਾਲੋ ਦਾ ਉੱਧਾਰ, ਝੰਡੇ ਬਾਢੀ ਦਾ ਨਿਸਤਾਰਾ, ਕੌਡੇ ਰਾਖਸ਼ ਦਾ ਉੱਧਾਰ, ਸੱਜਣ ਠੱਗ ਦਾ ਸੁਧਾਰ ਤੇ ਖ਼ਾਸ ਕਰਕੇ ਮਰਦਾਨੇ ਨੂੰ ਸਾਰੀ ਜ਼ਿੰਦਗੀ ਆਪਣੇ ਨਾਲ ਰੱਖ ਕੇ ਗ਼ਰੀਬ ਨਿਵਾਜ਼ ਹੋਣ ਦਾ ਅਮਲੀ ਸਬੂਤ ਦਿੱਤਾ ਏ।

ਅਕਲ ਦੀਆਂ ਅੱਖਾਂ ਨਾਲ ਦੇਖਿਆ ਜਾਏ ਤਾਂ ਵਲੀ ਕੰਧਾਰੀ ਵੀ ਇਕ ਗ਼ਰੀਬ ਮਨੁੱਖ ਸੀ। ਜਿਸ ਤਰ੍ਹਾਂ ਸੰਸਾਰੀ ਬਿਵਹਾਰ ਕਰਨ ਵਾਲੇ ਪਾਸ ਪੂੰਜੀ ਨਾ ਹੋਵੇ ਤਾਂ ਉਸ

ਨੂੰ ਦੁਨੀਆਂ ਦੇ ਬਾਜ਼ਾਰ ਵਿਚ ਗ਼ਰੀਬ ਆਖਦੇ ਹਨ। ਸੰਸਾਰ ਦੇ ਧੰਦੇ ਨੂੰ ਠੀਕ ਚਲਾਉਣ ਲਈ ਨਿੱਜੀ ਪੂੰਜੀ ਦਾ ਹੋਣਾ ਵੀ ਅੱਤ ਜ਼ਰੂਰੀ ਹੈ। ਇਸੇ ਤਰ੍ਹਾਂ ਪਰਮਾਰਥ ਦੇ ਰਾਹ ਤੇ ਚੱਲਣ ਵਾਲੇ ਪੁਰਸ਼ ਪਾਸ ਪਰਮਾਰਥੀ ਪੂੰਜੀ ਦਾ ਹੋਣਾ ਜ਼ਰੂਰੀ ਹੈ। ਸੱਤ, ਸੰਤੋਖ, ਦਯਾ, ਧਰਮ, ਧੀਰਜ, ਕੋਮਲਤਾ, ਜਤ ਸਤ, ਪੁੰਨ, ਦਾਨ, ਨੇਮ, ਸੰਜਮ, ਇਹ ਪਰਮਾਰਥ ਦੀ ਪੂੰਜੀ ਹੈ, ਜਿਸ ਪਰਮਾਰਥੀ ਦੇ ਪੱਲੇ ਇਹ ਪੂੰਜੀ ਨਹੀਂ ਹੈ ਉਹ ਗ਼ਰੀਬ ਪਰਮਾਰਥੀ ਹੈ। ਉਨ੍ਹਾਂ ਵਿੱਚੋਂ ਵਲੀ ਕੰਧਾਰੀ ਵੀ ਇਕ ਸੀ, ਜਿਸ ਨੇ ਆਪਣੇ ਆਪ ਨੂੰ ਵਲੀ ਮਸ਼ਹੂਰ ਕਰ ਰਖਿਆ ਸੀ ਪਰ ਅੰਦਰ ਵਲੀਪੁਣਾ ਨਹੀਂ ਸੀ। ਐਵੇਂ ਫੋਕੀਆਂ ਫੜ੍ਹਾਂ ਹੀ ਸਨ, ਕੇਵਲ ਲੋਕ-ਦਿਖਾਵਾ ਸੀ ਤੇ ਐਵੇਂ ਬਾਹਰੀ ਪੋਚਾ ਪਾਚੀ ਨਾਲ ਹੀ ਆਪਣਾ ਵਕਾਰ ਬਣਾ ਰਖਿਆ ਸੀ। ਜਿਸ ਕਰਕੇ ਸੱਚੇ ਗ਼ਰੀਬ ਨਿਵਾਜ਼ ਨੂੰ ਦਯਾ ਆ ਗਈ ਤੇ ਹਜ਼ੂਰ, ਵਲੀ ਦੀ ਗ਼ਰੀਬੀ ਤੇ ਰੀਝ ਕੇ ਹਸਨ ਅਬਦਾਲ ਆ ਗਏ ਤੇ ਕੌਤਕ ਰਚਾ ਦਿੱਤਾ। ਮਰਦਾਨਾ ਵਲੀ ਕੋਲ ਪਾਣੀ ਲੈਣ ਗਿਆ ਤਾਂ ਵਲੀ ਨੇ ਇਹ ਕਹਿ ਕੇ ਇਨਕਾਰ ਕੀਤਾ ਕਿ ਤੂੰ ਹਿੰਦੂ ਦਾ ਮੁਰੀਦ ਬਣ ਗਿਆ ਹੈਂ, ਤੇਰੇ ਵਾਸਤੇ ਪਾਣੀ ਨਹੀਂ ਹੈ। ਮਰਦਾਨਾ ਸ੍ਰੀ ਹਜ਼ੂਰ ਦੇ ਹੁਕਮ ਅਨੁਸਾਰ ਦੂਜੀ ਵਾਰ ਵਲੀ ਕੰਧਾਰੀ ਪਾਸ ਗਿਆ ਤੇ ਪਾਣੀ ਵਾਸਤੇ ਤਰਲਾ ਕੀਤਾ ਪਰ ਵਲੀ, ਜੋ ਕਿ ਪਰਮਾਰਥ ਦੀ ਪੂੰਜੀ ਤੋਂ ਸੱਖਣਾ ਸੀ, ਉਸ ਦੇ ਕਠੋਰ ਧਰਮ ਨੇ ਪਾਣੀ ਦੇਣ ਦੀ ਆਗਿਆ ਨਾ ਦਿੱਤੀ। ਮਰਦਾਨੇ ਨੂੰ ਪਿਆਸ ਨੇ ਘਬਰਾ ਦਿੱਤਾ, ਬਿਹਬਲ ਕਰ ਕੇ ਬੇਸੁਧੀ ਦੀ ਹਾਲਤ ਕਰ ਦਿੱਤੀ ਪਰ ਵਲੀ ਨਾ ਪਸੀਜਿਆ ਕਿਉਂਕਿ ਦਿਲਾਂ ਦਾ ਦਰਦ ਬੁੱਝਣਾ ਨਹੀਂ ਜਾਣਦਾ ਸੀ। ਮਿਹਰ ਮੁਹੱਬਤ ਦਿਲ ਦੇ ਖ਼ਾਨੇ ਵਿੱਚੋਂ ਨਿਕਲ ਚੁੱਕੀ ਏ। ਮਜ਼ਹਬ ਦੀ ਤੇਜ਼ ਅੱਗ ਨੇ ਜਲਾ ਛੱਡਿਆ ਏ। ਜਿਸ ਲਈ ਈਰਖਾ ਸਤਾ ਰਹੀ ਹੈ। ਆਰਫ਼ਾਂ ਨੇ ਐਵੇਂ ਤਾਂ ਨਹੀਂ ਫ਼ੁਰਮਾਇਆ ਕਿ :

**ਸਬਕ ਮੇਹਰੋ ਵਫ਼ਾ ਜਿਸ ਬਸ਼ਰ ਕੋ ਯਾਦ ਹੋਤਾ ਹੈ,**
**ਰਸੂਮੇਂ ਦੈਹਰ ਕੇ ਬੰਧਨ ਸੇ ਵੋਹ ਆਜ਼ਾਦ ਹੋਤਾ ਹੈ।**
**ਕਿਸੀ ਕਾ ਜ਼ਿਕਰ ਕ੍ਯਿਆ ਮੈਂ ਖ਼ੁਦ ਕਲੇਜਾ ਥਾਮ ਲੇਤਾ ਹੂੰ,**
**ਦਿਲੇ ਹਸਰਤ ਜ਼ਦਾ ਜਬ ਮਾਇਲੇ ਫ਼ਰੀਆਦ ਹੋਤਾ ਹੈ।**
**ਉਮੀਦੇ ਬੀਮ ਸੇ ਹੈ ਅਜੀਬ ਉਲਝਨ ਮੇਂ ਦਿਲ ਮੇਰਾ,**
**ਕਭੀ ਆਬਾਦ ਹੋਤਾ ਹੈ ਕਭੀ ਬਰਬਾਦ ਹੋਤਾ ਹੈ।**
**ਮੁਝੇ ਅਪਨੇ ਪਰਾਇ ਐ ਖ਼ੁਦਾ ਸਭ ਭੂਲ ਜਾਤੇ ਹੈਂ,**
**ਮੁਸੀਬਤ ਮੇਂ ਫ਼ਕਤ ਇਕ ਨਾਮ ਤੇਰਾ ਯਾਦ ਹੋਤਾ ਹੈ।**

ਪਰ ਜਿਸ ਨੂੰ ਵਲੀ ਕੰਧਾਰੀ ਵਾਂਗ ਨਾਮ ਭੁੱਲ ਈ ਜਾਏ ਉਹ ਕਿਸੇ ਦੂਜੇ ਤੇ ਕਿਸ ਤਰ੍ਹਾਂ ਤਰਸ ਖਾ ਸਕਦਾ ਹੈ? ਤਰਸਵਾਨਾਂ ਦੀ ਬਸਤੀ ਰੰਗੀਨ ਤੇ ਸੁਹਾਵਣੀ ਹੁੰਦੀ ਹੈ, ਉਥੇ ਕਿਸੇ ਨੂੰ ਸਤਾਇਆ ਅਤੇ ਤੜਪਾਇਆ ਨਹੀਂ ਜਾਂਦਾ, ਉਥੇ ਨਵੇਂ ਜ਼ਖ਼ਮ ਲਾਉਣ ਦੀ ਥਾਵੇਂ ਪੁਰਾਣੇ ਜ਼ਖ਼ਮਾਂ ਉਤੇ ਮਲ੍ਹਮ ਲਾਈ ਜਾਂਦੀ ਹੈ। ਕਿਸੇ ਦੇ ਦਿਲ ਦੇ ਸ਼ੀਸ਼ੇ ਨੂੰ ਤੋੜਨ ਦੀ ਬਜਾਏ, ਟੁੱਟੇ ਹੋਏ ਦਿਲ ਜੋੜੇ ਜਾਂਦੇ ਹਨ। ਇਸ ਪਰੇਸ਼ਾਨ ਦੁਨੀਆਂ ਕੋਲੋਂ ਤੰਗ ਆ ਕੇ ਦੁਖੀਏ ਦੇ ਦਿਲ ਵਿੱਚੋਂ ਬਦੋ ਬਦੀ ਨਿਕਲ ਜਾਂਦਾ ਹੈ ਕਿ :

**ਐ ਇਸ਼ਕ! ਕਹੀਂ ਲੇ ਚਲ ਇਸ ਪਾਪ ਕੀ ਬਸਤੀ ਸੇ।**
**ਇਨ ਨਫ਼ਸ ਪ੍ਰਸਤੋਂ ਸੇ ਇਸ ਨਫ਼ਸ ਪ੍ਰਸਤੀ ਸੇ।**

**ਇਸ ਨਫ਼ਰਤ ਗੇਹ ਦੁਨੀਆ ਸੇ ਇਸ ਲ੍ਹਾਨਤ ਗੇਹ ਹਸਤੀ ਸੇ।**
**ਐ ਇਸ਼ਕ! ਕਹੀਂ ਲੇ ਚਲ ਇਸ ਪਾਪ ਕੀ ਬਸਤੀ ਸੇ।**

ਇਸ ਦੁਨੀਆਂ ਦੇ ਵਾਸੀ ਖ਼ੁਸ਼ਕ ਤੇ ਰੁੱਖੇ ਜਿਹੇ ਸੱਖਣੇ ਡੋਲ ਵਾਂਗ ਖੜਕਦੇ ਹਨ। ਇਨ੍ਹਾਂ ਵਿਚ ਪਿਆਰ ਦੀ ਚਿਕਨਾਈ ਨਹੀਂ ਹੁੰਦੀ। ਪ੍ਰੀਤ ਦੀ ਗੀਤ ਤੋਂ ਖ਼ਾਲੀ ਹੁੰਦੇ ਹਨ। ਜਿਸ ਲਈ ਇਨ੍ਹਾਂ ਕੋਲੋਂ ਸੇਕ ਆਉਂਦਾ ਹੈ ਤੇ ਤਲਖ਼ੀ ਵਧਦੀ ਹੈ। ਇਹ ਲੋਕ ਸੱਪ ਵਾਂਗ ਆਪਣੀ ਜ਼ਹਿਰ ਵਿਚ ਆਪ ਸੜਦੇ ਤੇ ਦੂਜਿਆਂ ਨੂੰ ਸਾੜਦੇ ਹਨ। ਵੈਰ ਵਿਰੋਧ ਦੀ ਭੱਠੀ ਤਪਾ ਕੇ ਰੱਬ ਦੇ ਬੰਦਿਆਂ ਨੂੰ ਦਾਣਿਆਂ ਵਾਂਗ ਭੁੰਨਦੇ ਹਨ। ਐਸੀ ਦੁਨੀਆਂ ਦੇ ਵਾਸੀ ਵਲੀ ਕੰਧਾਰੀ ਨੇ ਮਰਦਾਨੇ ਨੂੰ ਜੀਊਣੋਂ ਅਵਾਜ਼ਾਰ ਕਰ ਦਿੱਤਾ, ਜਿਸ ਕਰਕੇ ਬਿਚਾਰਾ ਪਾਣੀਓਂ ਪਿਆਸਾ ਨਿਰਾਸ ਹੋ ਬੈਠ ਗਿਆ ਤੇ ਸੋਚੀਂ ਪੈ ਗਿਆ ਕਿ ਕੀ ਮੇਰੇ ਨਾਲ ਕਾਦਰ ਦੀ ਕੁਦਰਤ ਵੀ ਰੁਸ ਗਈ ਹੈ? ਸੱਚ ਮੁੱਚ ਮੇਰੀ ਜ਼ਿੰਦਗੀ ਮੇਰੇ ਲਈ ਇਕ ਭਾਰ ਬਣ ਗਈ ਏ। ਗੁਰੂ ਜੀ ਬਾਰ ਬਾਰ ਵਲੀ ਪਾਸ ਭੇਜਦੇ ਨੇ ਤੇ ਵਲੀ ਦਾ ਦਿਲ ਪਸੀਜਦਾ ਨਹੀਂ। ਪਹਾੜ ਉਤੇ ਚੜ੍ਹਨ ਦੀ ਹੁਣ ਤਾਕਤ ਨਹੀਂ ਰਹੀ। ਇਸ ਨਾਲੋਂ ਤਾਂ ਪ੍ਰਾਣ ਨਿਕਲ ਈ ਜਾਣ ਤਾਂ ਚੰਗਾ ਏ। ਇਸ ਹਾਲਤ ਨੂੰ ਕਿਸੇ ਸਿਆਣੇ ਨੇ ਇਉਂ ਵਰਣਨ ਕਰ ਕੇ ਦੱਸਿਆ ਕਿ:

**ਜ਼ਮਾਨਾ ਜਿਸ ਸੇ ਰੂਠੇ ਫਿਰ, ਕਜ਼ਾ ਭੀ ਜਿਸ ਸੇ ਟਕਰਾਇ।**
**ਜਿਸੇ ਕੋਈ ਨਾ ਅਪਨਾਇ, ਵੋਹ ਜਾਇ ਤੁ ਕਹਾਂ ਜਾਇ।**
**ਸਹਾਰਾ ਜਿਸ ਕਾ ਟੂਟੇ, ਕਿਸ ਤਰਹਿ ਵੋਹ ਠੋਕਰੇਂ ਖਾਇ।**
**ਜਿਸੇ ਆਇ ਨਾ ਮੌਤ, ਉਸੇ ਕਹਾਂ ਜ਼ਿੰਦਗੀ ਭਾਇ।**
**ਹਜ਼ਾਰੋਂ ਖ਼ਾਹਸ਼ੇਂ ਦਿਲ ਮੇਂ, ਕੋਈ ਆਇ ਕੋਈ ਜਾਇ।**
**ਕਹਾਂ ਤਕ ਇਨ ਖਿਲੌਨੋਂ ਸੇ, ਕੋਈ ਅਬ ਦਿਲ ਕੋ ਬਹਿਲਾਇ।**
**ਛੁਪਾਏ ਲਾਖ ਸਾਬਰ ਜਜ਼ਬਾ-ਏ-ਦਿਲ ਛੁਪ ਨਹੀਂ ਸਕਤਾ।**
**ਕਿਸੀ ਕੇ ਦੇਖ ਕਰ ਆਂਸੂ, ਮੇਰੀ ਆਂਖੋਂ ਮੇਂ ਭਰ ਆਇ।**

ਮਰਦਾਨੇ ਦੀ ਬੇਬਸੀ ਦੇਖ ਕੇ ਸੱਚੇ ਗ਼ਰੀਬ ਨਿਵਾਜ਼ ਨੂੰ ਤਰਸ ਆਇਆ। ਮਿਹਰ ਦੇ ਬੱਦਲ ਉਮਡੇ ਤੇ ਪਿਆਰ ਦੀਆਂ ਘਟਾਂ ਬਣ ਕੇ ਵੱਸ ਪਏ। ਪਿਆਰੇ ਪ੍ਰੀਤਮ ਨੂੰ ਦੋਹਵਾਂ ਉਤੇ ਦਯਾ ਆ ਗਈ ਤੇ ਸੋਚਿਆ ਕਿ ਹਾਲਤ ਦੋਹਵਾਂ ਦੀ ਤਰਸਯੋਗ ਹੈ। ਜੇ ਇਕ ਪਾਣੀ ਤੋਂ ਪਿਆਸਾ ਹੈ ਤਾਂ ਦੂਜਾ ਕ੍ਰੋਧ ਅਗਨੀ ਦਾ ਸੜਿਆ, ਪਿਆਰ ਪਾਣੀਓਂ ਖ਼ਾਲੀ ਏ। ਅਨੋਖੇ ਸ਼ਿਕਾਰੀ ਨੇ ਇਕ ਤੀਰ ਨਾਲ ਦੋ ਸ਼ਿਕਾਰ ਮਾਰਨ ਲਈ ਪਹਾੜੀ ਦਾ ਪਾਣੀ, ਪੱਧਰ ਵਿਚ ਲੈ ਆਂਦਾ ਜੋ ਇੱਕੋ ਨੇ ਜ਼ਾਤੀ ਲਾਭ ਲਈ ਘੇਰ ਰਖਿਆ ਸੀ। ਉਸ ਨੂੰ ਆਮ ਦੇ ਭਲੇ ਵਾਸਤੇ ਹੁਕਮ ਦੇ ਦਿੱਤਾ। ਪਾਣੀ ਤਬੇਲੇ ਵਿੱਚੋਂ ਨਿਕਲੇ ਘੋੜੇ ਵਾਂਗ ਛਾਲਾਂ ਮਾਰਦਾ, ਨਿਵਾਣ ਨੂੰ ਵਹਿ ਤੁਰਿਆ ਤੇ ਵਿਛੋੜੇ ਦੀ ਅੱਗ ਬੁਝਾਉਣ ਲਈ ਆਪਣੇ ਪ੍ਰੀਤਮ ਦੀ ਭਾਲ ਵਿਚ ਅਠਖੇਲੀਆਂ ਕਰਦਾ ਦੌੜਨ ਲੱਗ ਪਿਆ। ਮਰਦਾਨੇ ਨੇ ਡਿੱਠਾ ਕਿ ਪਾਣੀ ਉਸ ਦੇ ਕੋਲ ਈ ਆ ਗਿਆ ਏ ਤਾਂ ਖ਼ੁਸ਼ ਹੋ ਕੇ ਬੁੱਕ ਭਰ ਭਰ ਕੇ ਪੀਣ ਲੱਗ ਪਿਆ ਤੇ ਰੱਜ ਪੀਤਾ, ਪਿਆਸ ਬੁਝਾਈ ਤੇ ਸੁਖ ਅਨੁਭਵ ਕੀਤਾ।

ਜਦੋਂ ਵਲੀ ਨੇ ਦੇਖਿਆ ਕਿ ਪਾਣੀ, ਪਾਣੀ ਵਾਲੇ ਦੇ ਪਾਸ ਪਹੁੰਚ ਗਿਆ ਏ ਤਾਂ

SIKHBOOKCLUB.COM

ਦੁਖੀ ਹੋ ਕੇ ਧੁਖ਼ਦੀ ਅੱਗ ਨੂੰ ਠੰਢਿਆਂ ਕਰਨ ਲਈ, ਇਕ ਪੱਥਰ ਲੈ ਕੇ ਧਰਤੀ ਦੇ ਮਾਲਕ ਵੱਲ ਰੇਹੜ ਦਿੱਤਾ ਤੇ ਪਾਣੀ ਦੇ ਚਲੇ ਜਾਣ ਉਤੇ ਬੜੀ ਚਿੰਤਾ ਕੀਤੀ। ਚਿੰਤਾ ਨੇ ਚਿਖਾ ਬਣ ਕੇ ਸਾੜਨਾ ਸ਼ੁਰੂ ਕਰ ਦਿੱਤਾ। ਸੜ ਕੇ ਸੁਆਹ ਹੋਏ ਵਲੀ ਦੇ ਮਨ ਦੀ ਹਾਲਤ ਨੂੰ, ਕਵੀ ਨਿਹਾਲ ਸਿੰਘ ਜੀ ਨੇ ਇਨ੍ਹਾਂ ਅੱਖਰਾਂ ਨਾਲ ਦਰਸਾਇਆ ਹੈ:

**ਵਲੀ ਪੀਰ, ਪੀਰ, ਪੀਰ ਪੀਰਨ ਸੋ, ਗੀਰ ਕਰ,**
**ਖੈਂਚ ਲੀਆ ਪਾਨੀ ਜਗ ਜਾਨੀ ਸੁ ਕਹਾਨੀ ਹੈ।**
**ਦੇਖਿਓ ਪੀਰ ਗਯੋ ਪਾਨੀ, ਪਾਨੀ ਨਾ ਪਰਤ ਪਾਨੀ,**
**ਪਾਨੀ ਪਰ ਮਾਰ ਪਾਨੀ, ਫੇਰਿਓ ਸਿਰ ਪਾਨੀ ਹੈ।**
**ਤਨੀ ਗਈ ਕਮਾਨੀ ਜਿਉਂ ਪਾਨੀ ਪਰ ਗਜਤ ਪਾਨੀ,**
**ਗਟੀ ਸੁ ਨਿਹਾਲ ਸਿੰਘ ਚੜ੍ਹੀ ਉਤਰਾਨੀ ਹੈ।**
**ਕਮਾਨੀ ਮੈ ਕਾਨੀ ਨਾਹਿੰ ਪਾਨੀ ਮੈ ਕਿਰਪਾਨੀ ਨਾਹਿੰ।**
**ਪਾਸ ਕੋ ਦੁਰਾਨੀਂ ਨਾਹਿੰ, ਨਾਹਿੰ ਡੂਬਨੇ ਕੋ ਪਾਨੀ ਹੈ।**

ਜਿਸ ਵੇਲੇ ਵਲੀਆਂ ਦੇ ਵਲੀ ਤੇ ਪੀਰਾਂ ਦੇ ਪੀਰ ਨੇ, ਪਹਾੜ ਉਤੇ ਬੈਠੇ ਪੀਰ ਦਾ ਪਾਣੀ ਖਿੱਚ ਲਿਆ ਤਾਂ ਪੀਰ ਹੈਰਾਨ ਹੋ ਗਿਆ, ਜਿਸ ਕਹਾਣੀ ਨੂੰ ਕਿ ਜੱਗ ਜਾਣਦਾ ਹੈ। ਜਦੋਂ ਪੀਰ ਨੇ ਦੇਖਿਆ ਕਿ ਪਾਣੀ ਚਲੇ ਗਿਆ ਹੈ, ਹੁਣ ਪਰਤਣਾ ਨਹੀਂ ਪਾਵੇਗਾ, ਤਾਂ ਹੱਥਾਂ ਉਤੇ ਹੱਥ ਮਾਰ ਕੇ ਸਿਰ ਤੇ ਵੀ ਹੱਥ ਫੇਰਨ ਲੱਗ ਪਿਆ ਤੇ ਅੱਖਾਂ ਦੇ ਭਰਵੱਟੇ ਕਮਾਨ ਵਾਂਗ ਕੱਸੇ ਗਏ ਤੇ ਡੇਲੇ ਅੱਖਾਂ ਵਿਚ ਇਉਂ ਫਿਰਨ ਲੱਗੇ, ਜਿਵੇਂ ਪਾਣੀ ਦੀਆਂ ਲਹਿਰਾਂ ਪਾਣੀ ਨਾਲ ਟਕਰਾਉਂਦੀਆਂ ਨੇ ਅਤੇ ਮਨ ਵਿਚ ਕਈ ਗਿਣਤੀਆਂ ਉਤਰਨ ਤੇ ਚੜ੍ਹਨ ਲਗ ਪਈਆਂ। ਵਲੀ ਦੀ ਕਮਾਨ ਵਿਚ ਕੋਈ ਤੀਰ ਨਾ ਰਿਹਾ, ਹੱਥਾਂ ਵਿਚ ਤਲਵਾਰ ਨਹੀਂ ਸੀ ਤੇ ਲੁਕਣ ਵਾਸਤੇ ਕੋਈ ਥਾਂ ਨਹੀਂ ਸੀ ਅਤੇ ਨਾ ਹੀ ਡੁੱਬ ਕੇ ਮਰਨ ਵਾਸਤੇ ਪਾਣੀ ਲੱਭਦਾ ਸੀ। ਸੋ ਡਾਢਾ ਤਲਮਲਾਇਆ, ਬਿਲਖਿਆ ਤੇ ਕੁੜ੍ਹਿਆ ਅਤੇ ਸੋਚਾਂ ਸੋਚੀਆਂ ਪਰ ਲਾਭ ਕੁਛ ਨਾ ਨਿਕਲਿਆ। ਜਿਸ ਕਰਕੇ ਵੈਰ ਲੈਣ ਲਈ ਇਕ ਪੱਥਰ ਲੈ ਕੇ ਸ੍ਰੀ ਗੁਰੂ ਮਹਾਰਾਜ ਦੇ ਵੱਲ ਰੇੜ੍ਹਿਆ। ਜਿਸ ਬਾਰੇ ਸੰਤ ਨਿਹਾਲ ਸਿੰਘ ਜੀ ਨੇ ਇਉਂ ਲਿਖਿਆ ਹੈ ਕਿ:

**ਅੱਤ ਹੀ ਗੁਸੈਲ ਗੁੰਮਸ਼ੁਦ ਗਿਰ ਗਟੀ ਲੈ,**
**ਦੀਨੀਂ ਸੁ ਗਿਰਾਂਇ ਜਹਾਂ ਰਵਿ ਸਸਿ ਕੰਜਾ ਹੈ।**
**ਆਵਤ ਅਨੰਦ ਕੰਦ ਜੱਗ ਬੰਧੁ ਦੇਖਿਓ,**
**ਦੀਨੋ ਸੁ ਗਡਾਇ ਪਾਪ ਗੰਜਾ ਕਰ ਗੰਜਾ ਹੈ।**
**ਕਈ ਬਾਰ ਤੁਰਕੱਨ ਤਿਰਛਾਇਓ ਸੁ ਨਿਹਾਲ ਸਿੰਘ,**
**ਨਿਕਸਿਓ ਨਵੀਨ ਬੀਚ ਪੰਜੇ ਹੂੰ ਕੇ ਪੰਜਾ ਹੈ।**
**ਬਾਤ ਮਾਹਿ ਬਾਤ ਜੈਸੇ ਕੇਲੇ ਮਾਹਿ ਪਾਤ ਜੈਸੇ,**
**ਦਰੋਪਦੀ ਕੋ ਪਾਟ ਤੈਸੇ ਨਾਨਕ ਕੋ ਪੰਜਾ ਹੈ।**

ਵਲੀ ਨੇ, ਜੋ ਗੁੰਮ ਸੁੰਮ ਹੋ ਕੇ ਬੈਠਾ ਸੀ, ਗੁੱਸੇ ਵਿਚ ਆ ਕੇ ਪਹਾੜ ਦਾ ਇਕ ਪੱਥਰ ਸਤਿਗੁਰਾਂ ਵੱਲ ਵਗਾਹ ਮਾਰਿਆ, ਜਿਸਨੂੰ ਆਉਂਦਿਆਂ ਦੇਖ ਕੇ ਅਨੰਦ ਕੰਦ ਤੇ

ਜਗਤ ਦੇ ਬੰਧੂ ਸ੍ਰੀ ਗੁਰੂ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਰੋਕ ਲਿਆ, ਜਿਥੇ ਸ੍ਰੀ ਹਜ਼ੂਰ ਦੇ ਪਾਵਨ ਹੱਥਾਂ ਨੇ ਛੋਹ ਲਾਈ ਓਥੇ ਪੰਜੇ ਦਾ ਨਿਸ਼ਾਨ ਪੈ ਗਿਆ, ਜਿਸ ਨੂੰ ਤੁਰਕਾਂ ਨੇ ਕਈ ਵਾਰੀ ਤਰਾਸ਼ਿਆ ਪਰ ਪੰਜੇ ਦਾ ਨਿਸ਼ਾਨ ਨਵੇਂ ਤੋਂ ਨਵਾਂ ਹੀ ਨਿਕਲਿਆ। ਜਿਸ ਤਰ੍ਹਾਂ ਗੱਲਾਂ ਵਿੱਚੋਂ ਗੱਲਾਂ ਤੇ ਕੇਲੇ ਵਿੱਚੋਂ ਪੱਤੇ ਨਿਕਲਦੇ ਹਨ, ਜਿਸ ਤਰ੍ਹਾਂ ਦਰੋਪਦੀ ਦੀਆਂ ਸਾੜ੍ਹੀਆਂ ਨਵੀਆਂ ਤੋਂ ਨਵੀਆਂ ਨਿਕਲਦੀਆਂ ਸਨ ਇਸੇ ਤਰ੍ਹਾਂ ਸ੍ਰੀ ਸਤਿਗੁਰੂ ਜੀ ਦਾ ਪੰਜਾ ਵੀ ਨਵੇਂ ਤੋਂ ਨਵਾਂ ਤੇ ਅੱਗੇ ਤੋਂ ਅੱਗੇ ਈ ਨਿਕਲਦਾ ਗਿਆ। ਇਸ ਕੌਤਕ ਨੂੰ ਵੇਖ ਕੇ ਵਲੀ ਹੰਕਾਰ ਛੱਡ, ਪਹਾੜੀ ਤੋਂ ਉਤਰ ਚਰਨੀਂ ਆ ਢੱਠਾ ਤੇ ਅਨੀਤੀ ਕੁਰੀਤੀ ਦੀ ਮਾਫ਼ੀ ਮੰਗੀ ਤੇ ਜਨਮ ਸੁਧਾਰਨ ਲਈ ਗ਼ਰੀਬ ਨਿਵਾਜ਼ ਅੱਗੇ ਤਰਲਾ ਕੱਢਿਆ, ਜੋਦੜੀਆਂ ਕੀਤੀਆਂ, ਸ਼ਾਂਤੀ ਪੁੰਜ ਨੇ ਪਰਮਾਰਥੀ ਗ਼ਰੀਬ ਨੂੰ ਨਿਵਾਜਿਆ ਤੇ ਸਦਾ ਲਈ ਅਟੱਲ ਕਰ ਦਿੱਤਾ। ਮਰਦਾਨੇ ਦੀ ਪਿਆਸ ਬੁਝਾ ਕੇ ਵਲੀ ਨੂੰ ਕ੍ਰਿਤਾਰਥ ਕਰ ਕੇ ਸੱਚੇ ਗ਼ਰੀਬ ਨਿਵਾਜ਼ ਹੋਣ ਦਾ ਅਮਲੀ ਸਬੂਤ ਪੇਸ਼ ਕਰ ਕੇ ਗ਼ਰੀਬ ਨਿਵਾਜ਼ ਸ਼ਬਦ ਦੀ ਮਹੱਤਤਾ ਦਰਸਾਈ ਹੈ।

ਨੌਂ ਖੰਡ ਪ੍ਰਿਥਵੀ ਦਾ ਚੱਕਰ ਕੱਟਦੇ ਹੋਏ ਆਪ ਸੁਮੇਰ ਪਰਬਤ ਪੁੱਜਦੇ ਹਨ, ਬੜਾ ਰਮਣੀਕ ਪਹਾੜ ਹੈ। ਲੰਮੀਆਂ ਲੰਮੀਆਂ ਚੀਲਾਂ ਦੀਆਂ ਸ਼ਾਖ਼ਾਂ, ਹਵਾ ਨਾਲ ਝੂਮ ਕੇ ਹੁਲਾਰੇ ਖਾ ਰਹੀਆਂ ਹਨ। ਉਤੇ ਬੈਠੇ ਪੰਖੇਰੂ ਪੀਂਘਾਂ ਝੂਟਦੇ ਹਨ, ਹਰਿਆ ਹਰਿਆ ਘਾਹ ਗਲੀਚੇ ਵਾਂਗ ਵਿਛਿਆ ਪਿਆ ਹੈ, ਜਿਸ ਦੀਆਂ ਕੂੰਬਲੀਆਂ ਦੀਆਂ ਨੋਕਾਂ ਉਤੇ ਤੇਲ ਦੇ ਤੁਬਕੇ ਮੋਤੀਆਂ ਵਾਂਗ ਚਮਕਦੇ ਨਜ਼ਰ ਆ ਰਹੇ ਹਨ। ਜਿਉਂ ਜਿਉਂ ਸੂਰਜ ਆਪਣੀਆਂ ਨੂਰੀ ਕਿਰਨਾਂ ਸੁਟਦਾ ਏ ਤਿਉਂ ਤਿਉਂ ਤੁਬਕੇ ਬਲੌਰ ਦੀਆਂ ਟੁਕੜੀਆਂ ਵਾਂਗ ਲਿਸ਼ਕਦੇ ਨੇ। ਰੰਗ ਬਰੰਗੇ ਫੁੱਲਾਂ ਤੇ ਮਸਤ ਹੋ ਕੇ ਭੌਰੇ ਘੂੰ ਘੂੰ ਕਰ ਰਹੇ ਹਨ। ਕਮਨੀ, ਕੇਤਕੀ, ਕੁੰਦਰੂ, ਕਿਉੜਾ, ਕਰਨਾਂ, ਕੁਦਰਤ ਨੂੰ ਦਰਸਾ ਰਹੇ ਹਨ। ਗੁਲਾਬ, ਗੇਂਦਾ, ਗੁਲਾਬਾਸੀ, ਗੁਟਕਦੇ ਪਾਇਨੇ, ਮੋਤੀਆ, ਮਹੂਆ, ਸੂਰਜਮੁਖੀ, ਲਾਜਵੰਤੀ ਲਚਕਦੀ ਹੋਈ ਲੋਚਾ ਖਾ ਰਹੀ ਹੈ। ਉੱਚੀਆਂ ਚੋਟੀਆਂ ਤੋਂ ਝਰਨੇ ਝਰਦੇ ਹੋਏ ਪੱਥਰਾਂ ਨਾਲ ਕਲੋਲ ਕਰਦੇ ਖੱਡਾਂ ਵਿਚ ਦੀ ਹੋ ਕੇ ਕੂਲਾਂ ਬਣ ਕੇ ਦਰਿਆਵਾਂ ਅੰਦਰ ਘੁਲ ਮਿਲ ਕੇ ਆਪਣੇ ਪ੍ਰੀਤਮ ਸਮੁੰਦਰ ਦੇ ਮਿਲਾਪ ਲਈ ਦੌੜੇ ਜਾ ਰਹੇ ਹਨ। ਪਰਬਤ ਦੀਆਂ ਚੋਟੀਆਂ ਬਰਫ਼ ਨਾਲ ਢੱਕੀਆਂ ਹੋਈਆਂ ਅਸਮਾਨ ਨੂੰ ਚੁੰਮਦੀਆਂ ਨਜ਼ਰ ਆਉਂਦੀਆਂ ਹਨ। ਚਾਰ ਚੁਫ਼ੇਰੇ ਸੁੰਦਰਤਾ ਡੁਲ੍ਹ ਡੁਲ੍ਹ ਪੈਂਦੀ ਏ। ਚੁਪ ਦਾ ਰਾਜ ਹੈ। ਹਰ ਪਾਸੇ ਸੰਨਾਟਾ ਹੈ। ਇਕਾਂਤ ਹੀ ਇਕਾਂਤ ਹੈ। ਐਸੇ ਸ਼ੁਭ ਅਸਥਾਨ ਪਰ ਸਿੱਧ ਸਮਾਧੀ ਲਾਈ ਬੈਠੇ ਹਨ। ਜਿਥੇ ਜਾ ਕੇ ਸ੍ਰੀ ਸਤਿਗੁਰੂ ਬਾਬਾ ਨਾਨਕ ਦੇਵ ਜੀ ਨੇ ਸਤਿ ਕਰਤਾਰ ਦੀ ਰਟ ਲਾ ਦਿੱਤੀ ਤੇ ਸ਼ਾਂਤੀ ਰਾਜ ਵਿਚ ਸੰਗੀਤ ਦਾ ਰੰਗ ਬੰਨ੍ਹ ਦਿੱਤਾ। ਅਰਸ਼ੀ ਬਾਣੀ ਦੇ ਨਿਰਬਾਣ ਕੀਰਤਨ ਨੇ[੧] ਜੰਗਲੀ ਜਨੌਰਾਂ ਦੀਆਂ ਵੀ ਸਮਾਧੀਆਂ ਜੋੜ

---

੧. ਦੁੱਖ ਤੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਬੀਤ ਰਹੇ ਸਮੇਂ ਵਿਚ ਕਈ ਇਕ ਸੁਆਰਥੀ ਲੋਕਾਂ ਨੇ ਕੀਰਤਨ ਦੀ ਪੁਰਾਣੀ ਮਰਯਾਦਾ, ਜੋ ਗੁਰੂ ਸਾਹਿਬਾਂ ਨੇ ਪ੍ਰਚੱਲਤ ਕੀਤੀ ਸੀ ਉਹ ਬਦਲ ਦਿੱਤੀ ਹੈ। ਸਿਨੇਮਾ ਦੀਆਂ ਚੰਚਲ ਤਰਜ਼ਾਂ ਨਾਲ ਸਰੋਤਿਆਂ ਦੇ ਮਨਾਂ ਨੂੰ ਦੂਜੇ ਪਾਸੇ ਲਾ ਦਿੱਤਾ ਏ। ਜੇ ਇਸ ਵਧ ਰਹੀ ਬੇਅਸੂਲੀ ਨੂੰ ਰੋਕਿਆ ਨਾ ਗਿਆ ਤਾਂ ਕੀਰਤਨ ਦੇ ਅਸਲ ਰੰਗ ਰੂਪ ਤੇ ਗੁਰੂ ਘਰ ਦੀ ਪਵਿੱਤ੍ਰ ਮਰਯਾਦਾ ਦੇ ਅਲੋਪ ਹੋਣ ਦਾ ਸਖ਼ਤ ਡਰ ਹੈ। ਇਸ ਬੇਅਸੂਲੀ ਦਾ ਸਦਕਾ ਸਿਆਣੇ ਕੀਰਤਨੀਆਂ ਦੀ ਕਦਰ ਘਟ ਗਈ ਹੈ ਤੇ ਤਰਜ਼ਾਂ ਗਾਉਣ ਵਾਲਿਆਂ ਦੀ ਚਾਂਦੀ ਹੈ। ਜ਼ਿੰਮੇਦਾਰ ਸਭਾ ਸੁਸਾਇਟੀਆਂ ਨੂੰ ਇਸ ਪਾਸੇ ਸ਼ੀਘਰ ਧਿਆਨ ਦੇਣ ਦੀ ਲੋੜ ਹੈ।

ਦਿੱਤੀਆਂ। ਜਿਸ ਪਾਸੇ ਨਜ਼ਰ ਮਾਰੀਏ ਮਸਤੀ ਹੀ ਮਸਤੀ ਹੈ। ਇਉਂ ਪ੍ਰਤੀਤ ਹੁੰਦਾ ਏ ਕਿ ਕੀਰਤਨ ਦਾ ਸਦਕਾ ਈ ਪਾਣੀ ਬਲੌਰ ਬਣ ਕੇ ਚਮਕ ਉਠਿਆ ਏ। ਇਸ ਧੁਨੀ ਵਿਚ ਸਥਾਈ ਭਾਵ ਬੜਾ ਸੁੰਦਰ ਭਾਸ ਰਿਹਾ ਏ, ਕਰਤੇ ਦੇ ਕੀਰਤਨ ਨਾਲ ਧਰਤੀ ਤੇ ਅਕਾਸ਼ ਖੀਵੇ ਹੋ ਰਹੇ ਨੇ। ਨਦੀਆਂ ਦਾ ਪਾਣੀ ਵੀ ਕਿਨਾਰਿਆਂ ਨਾਲ ਟਕਰਾ ਟਕਰਾ ਕੀਰਤਨ ਰੂਪ ਈ ਬਣ ਗਿਆ ਹੈ। ਪੰਛੀਆਂ ਵਿੱਚੋਂ ਅਗਿਆਨ ਗੁਆਚ ਗਿਆ ਹੈ, ਜਿਸ ਕਰਕੇ ਤੋਤਾ ਤੂੰ ਤੂੰ ਤੇ ਮੈਨਾਂ ਮੈ ਨਾ ਮੈ ਨਾ ਦੀ ਬੋਲੀ ਬੋਲਦੀ ਏ, ਤਿੱਤਰ ਸੁਬਹਾਨ ਤੇਰੀ ਕੁਦਰਤ ਦੇ ਸੋਹਲੇ ਗਾ ਰਿਹਾ ਏ, ਨਰਗਸ ਦੇ ਦਾਗ਼ਦਾਰ ਫੁੱਲ ਤੇ ਬੈਠੀ ਹੋਈ ਬੁਲਬੁਲ ਵੀ ਪੁਕਾਰ ਰਹੀ ਹੈ ਕਿ :

**ਸਨਮ ਕੇ ਸਾਫ਼ ਚੇਹਰਾ ਪਰ ਨਜ਼ਰ ਹਮ ਨੇ ਲਗਾਈ ਹੈ।**
**ਸਫ਼ਾ ਹੋ ਕੇ ਜਿਧਰ ਦੇਖਾ ਤੋ ਹਰ ਜਾ ਮੇਂ ਸਫ਼ਾਈ ਹੈ।**
**ਨਾ ਖ਼ਾਹਿਸ਼ ਹੈ ਬਹਿਸ਼ਤੋਂ ਕੀ ਨਾ ਪ੍ਰਵਾਹ ਖ਼ਿਜ਼ਰ ਵਾਨੀ।**
**ਗਦਾਈ ਤੇਰੇ ਕੂਚਾ ਕੀ ਹਮੇਂ ਤੋ ਸ਼ਹਿਨ ਸ਼ਾਹੀ ਹੈ।**
**ਚਮਨ ਕੀ ਸੈਰ ਕਰਨੇ ਕੋ ਹਜ਼ਾਰੋਂ ਗੁਲਸ਼ਗੁਫ਼ਤਾ ਹੈਂ।**
**ਨਾ ਫੂਲੋ ਬੇ ਖ਼ਬਰ ਫੂਲੋ ਯਿਹ ਬੁਲਬੁਲ ਕੀ ਦੁਹਾਈ ਹੈ।**

ਇਸ ਮਿਲਵੇਂ ਜਾਏ ਸੰਗੀਤ ਨੇ, ਸੰਗੀ ਸਾਥੀ ਮਸਤੀ ਦੀ ਦੁਨੀਆਂ ਵਿਚ ਪੁਚਾ ਦਿੱਤੇ। ਇਸ ਪ੍ਰਕਾਰ ਸੁਮੇਰ ਪਰਬਤ ਉਤੇ ਬਾਬੇ ਦੇ ਆਗਮਨ ਦੀਆਂ ਖ਼ੁਸ਼ੀਆਂ ਮਨਾਈਆਂ ਗਈਆਂ।

ਸੁਮੇਰ ਪਰਬਤ ਤੇ ਬੈਠੇ ਚੌਰਾਸੀ ਸਿੱਧਾਂ ਨੇ[1] ਪੁੱਛਿਆ ਕਿ ਤੁਹਾਨੂੰ ਇਥੇ ਕਿਹੜੀ ਸ਼ਕਤੀ ਲੈ ਆਈ ਹੈ ? ਇਹ ਸੁਮੇਰ ਪਰਬਤ ਹੈ, ਏਥੇ ਸਾਡੇ ਬਗ਼ੈਰ ਕੋਈ ਨਹੀਂ ਆ ਸਕਦਾ ਕਿਉਂਕਿ

---

੧. ਚੌਰਾਸੀ ਸਿੱਧ ਇਹ ਸਨ :
(੧) ਭੰਗਰ, (੨) ਸੰਗਰ, (੩) ਲੰਘਰ, (੪) ਝੰਗਰ, (੫) ਊਰਮ, (੬) ਧੂਰਮ, (੭) ਕਨੀਫਾ, (੮) ਹਨੀਫਾ, (੯) ਲਹੁਰੀਪਾ, (੧੦) ਸਾਗਰ, (੧੧) ਮੰਗਰ, (੧੨) ਰਾਜੀਰਤਨ, (੧੩) ਪੂਰਨ ਨਾਸਕਾ, (੧੪) ਬਿਬਾਲਕਾ, (੧੫) ਜਾਲਕਾ, (੧੬) ਖਿੰਥੜਾ, (੧੭) ਸੁਰਤ ਸਿਧ, (੧੮) ਨਿਰਤ ਸਿਧ, (੧੯) ਕੇਲਵ ਕਰਣ, (੨੦) ਸਿਮਪਤਾ, (੨੧) ਗੌਨਗਲ, (੨੨) ਅਮਰ ਨਿਧ, (੨੩) ਚਤਰ ਬੈਨ, (੨੪) ਰਾਇਐਨ, (੨੫) ਕੇਲ ਕਰਨ, (੨੬) ਔਘੜ, (੨੭) ਪਰਬਤ, (੨੮) ਈਸਰ, (੨੯) ਭਰਥਰੀ, (੩੦) ਭੁਤਵੇ, (੩੧) ਕਰਨਮੇ, (੩੨) ਸ਼ੰਭੂ, (੩੩) ਅਛਰ ਦੇਨ, (੩੪) ਪਲਕ ਨਿਧ, (੩੫) ਪਿੰਮਲਕਾ, (੩੬) ਸੇਰਮਾਂ, (੩੭) ਗਿਰਬੋਧ, (੩੮) ਸਾਲਕਾ, (੩੯) ਕੈਸਰ ਕਰਨ, (੪੦) ਗੋਲਸਾ, (੪੧) ਅਗਨਧਾਰ, (੪੨) ਮੁਕਤੀਸਰ, (੪੩) ਚਲਨਿ ਨਾਚਤੋ, (੪੪) ਸੂਰ ਐਨ, (੪੫) ਸਿਧ ਸੈਨ, (੪੬) ਗਿਰਵਰ, (੪੭) ਜੋਤ ਲਗਨੀ, (੪੮) ਜੋਤ ਮਗਨੀ, (੪੯) ਬਿਮਲ ਜੋਤ, (੫੦) ਸੀਤਲ ਜਲ, (੫੧) ਬਰ ਘਚੂ, (੫੨) ਤੁਲਸ ਜੋਗ, (੫੩) ਪੱਤਪਾਨ, (੫੪) ਅਕਾਲ ਨਿਰ, (੫੫) ਭੋਲਸਰ, (੫੬) ਰਾਮ ਕੁਵਰ, (੫੭) ਕਿਸ਼ਨ ਕੁਵਰ, (੫੮) ਬਿਸਨ ਪਤਿ, (੫੯) ਸ਼ੰਕਰ ਜੋਗ, (੬੦) ਬ੍ਰਹਮ ਯੋਗੀ, (੬੧) ਮੀਰ ਹੁਸੈਨ, (੬੨) ਮੀਰ ਜੰਥੀਲ, (੬੩) ਕਵਲ ਨੈਨ, (੬੪) ਨਵਲ ਨੈਨ, (੬੫) ਸੁਰਸਤੀ, (੬੬) ਗੁਵਰਧਨ ਸੈਨ, (੬੭) ਗੁਫਾ ਬਾਸੀ, (੬੮) ਅਕਲਨਾਸੀ, (੬੯) ਕਲਕ ਸੰਗੀ, (੭੦) ਏਕ ਰੰਗੀ, (੭੧) ਕੇਵਲ ਕਰਮੀ, (੭੨) ਕਰਮ ਨਾਸੀ, (੭੩) ਕੁਲ ਬਿਬਾਸੀ, (੭੪) ਮੂਲ ਮੰਤ੍ਰੀ, (੭੫) ਜੋਗ ਦੰਤੀ, (੭੬) ਜੋਗਰਹੰਗੀ, (੭੭) ਈਸ ਪਰੰਗੀ, (੭੮) ਆਪ ਰੂਪੀ, (੭੯) ਕਸੇਸ ਧੂਪੀ, (੮੦) ਹਰੀਮ ਜੋਗੀ, (੮੧) ਖਲਾਸ ਮੁਗਲਾ, (੮੨) ਕੰਦ ਜੋਗੀ, (੮੩) ਸੰਤਾਲਕਾ, (੮੪) ਜੋਗੀ ਬਚਿਤ੍ਰ।

ਸਾਥੋਂ ਬਿਨਾਂ ਹੋਰ ਕਿਸੇ ਵਿਚ ਇਥੇ ਆਉਣ ਦੀ ਸ਼ਕਤੀ ਨਹੀਂ ਹੈ, ਤਾਂ ਹਜ਼ੂਰ ਨੇ ਫ਼ੁਰਮਾਇਆ ਕਿ ਮੈਂ ਸ੍ਰੀ ਪਰਮੇਸ਼ਰ ਜੀ ਨੂੰ ਪ੍ਰੇਮ ਨਾਲ ਜਪਿਆ ਹੈ। ਉਸ ਦੇ ਨਾਮ ਦੀਆਂ ਸਮਾਧੀਆਂ ਲਾਈਆਂ ਨੇ, ਬੜੀ ਭਾਰੀ ਤਪੱਸਿਆ ਕੀਤੀ ਹੈ ਜਿਸ ਦੇ ਬਲ ਕਰਕੇ ਏਥੇ ਆ ਗਿਆ ਹਾਂ। ਨਾਮ ਜਪਣ ਨਾਲ ਐਸੀ ਗਤਿ ਹੋ ਜਾਂਦੀ ਹੈ ਕਿ ਜਿਥੇ ਜੀ ਚਾਹੇ ਉਥੇ ਜਾ ਸਕਦੀ ਹੈ। ਬਾਬੇ ਦੀਆਂ ਪ੍ਰੇਮ-ਭਿੰਨੀਆਂ ਤੇ ਰਸ-ਗੁੱਧੀਆਂ ਗੱਲਾਂ ਸੁਣ ਕੇ ਸਿੱਧਾਂ ਦਾ ਮੱਥਾ ਠਣਕਿਆ। ਸੋਚਿਆ ਕਿ ਇਹ ਤਾਂ ਬੜੇ ਪ੍ਰੇਮ ਤੇ ਪਤੇ ਦੀਆਂ ਗੱਲਾਂ ਕਰਦਾ ਹੈ, ਇਸ ਪਾਸੋਂ ਮਾਤ ਲੋਕ ਦਾ ਹਾਲ ਪੁੱਛਣਾ ਚਾਹੀਦਾ ਹੈ। ਜਿਸ ਦਾ ਜ਼ਿਕਰ ਪਿਛਲੇ ਪੰਨਿਆਂ ਤੇ ਕਰ ਆਏ ਹਾਂ। ਇਥੇ ਇਤਨਾ ਹੀ ਦੱਸਣ ਦੀ ਲੋੜ ਹੈ ਕਿ ਐਸੇ ਸੁੰਦਰ ਥਾਂ ਤੇ ਵਸਦੇ ਹੋਏ ਵੀ ਤੇ ਪ੍ਰਮਾਰਥ ਦੇ ਰਸਤੇ ਦੇ ਰਾਹੀ ਹੁੰਦਿਆਂ ਹੋਇਆਂ ਵੀ ਪ੍ਰਮਾਰਥੀ ਗੁਣਾਂ ਤੋਂ ਖ਼ਾਲੀ ਹੋਣ ਦਾ ਸਦਕਾ ਗ਼ਰੀਬ ਸਨ। ਜਿਨ੍ਹਾਂ ਨੂੰ ਕਿ ਪ੍ਰਮਾਰਥੀ ਗ਼ਰੀਬ ਕਹਿਣਾ ਢੁਕਦਾ ਹੈ। ਪਰ ਗ਼ਰੀਬ ਨਿਵਾਜ਼ ਨੇ ਸਿੱਧਾ ਰਾਹ ਦੱਸ ਕੇ ਇਹਨਾਂ ਨੂੰ ਨਿਵਾਜਿਆ।

ਕਾਸ਼ੀ ਸ਼ਿਵਾਂ ਦੀ ਪੁਰੀ ਦਸਦੇ ਹਨ, ਜਿਥੇ ਬੜੇ ਚਤੁਰ ਵਿਦਵਾਨ ਤੇ ਵੇਦ ਵਕਤਾ ਵੱਸਦੇ ਹਨ। ਸੰਸਕ੍ਰਿਤ ਵਿੱਦਿਆ ਦਾ ਗੜ੍ਹ ਹੈ। ਇਥੋਂ ਦੀਆਂ ਲੜਕੀਆਂ ਵੀ ਸੰਸਕ੍ਰਿਤ ਹੀ ਬੋਲਦੀਆਂ ਹਨ। ਆਏ ਦਿਨ ਵਿਦਵਾਨਾਂ ਦੇ ਘੋਲ ਹੁੰਦੇ ਹਨ। ਜਿੱਤ ਹਾਰ ਦਾ ਬਾਜ਼ਾਰ ਗਰਮ ਹੈ। ਥੋੜ੍ਹਾ ਪੜ੍ਹਿਆ ਇਸ ਪਾਸੇ ਅੱਖ ਉਠਾ ਕੇ ਨਹੀਂ ਵੇਖ ਸਕਦਾ। ਸਾਂਖ ਨਾਲ ਮਿਮਾਂਸਾ ਤੇ ਮਿਮਾਂਸਾ ਨਾਲ ਵਿਦਾਂਤ ਦੀ ਟੱਕਰ ਹੈ। ਆਏ ਦਿਨ ਹਲਿਆ ਹਲਿਆ ਹੁੰਦੀ ਹੀ ਰਹਿੰਦੀ ਹੈ। ਏਸੇ ਕਾਸ਼ੀ ਵਿੱਚੋਂ ਇਕ ਨੌਜਵਾਨ ਲੜਕੇ ਨੇ ਸ਼ਾਸਤ੍ਰ ਵਿਦਿਆ ਵਿਚ ਕਮਾਲ ਹਾਸਲ ਕਰ ਲਿਆ ਹੈ। ਐਸਾ ਕਮਾਲ ਕਿ ਪੁਰਾਣੇ ਪੁਰਾਣੇ ਸਿਆਣੇ ਪੰਡਿਤਾਂ ਨੂੰ ਨਿਰੁਤਰ ਕਰ ਦਿੱਤਾ। ਇਸ ਦੀ ਤੀਖਣ ਬੁੱਧੀ ਦੇ ਚਮਤਕਾਰਾਂ ਨੇ ਕਾਸ਼ੀ ਵਿਚ ਥੱਲਕਾ ਮਚਾ ਦਿੱਤਾ। ਇਸ ਨਾਲ ਜੋ ਵੀ ਸ਼ਾਸਤ੍ਰ ਅਰਥ ਕਰਨ ਆਉਂਦਾ ਹੈ ਉਹ ਹਾਰ ਜਾਂਦਾ ਹੈ। ਇਸ ਕਰਕੇ ਇਸ ਨੌਜਵਾਨ ਨੂੰ ਯਕੀਨ ਹੋ ਗਿਆ ਕਿ ਕਾਸ਼ੀ ਵਿਚ ਮੇਰੇ ਵਰਗਾ ਵਿਦਵਾਨ ਕੋਈ ਨਹੀਂ। ਇਸ ਲਈ ਇਸ ਨੇ ਆਪਣਾ ਨਾਮ ਜਗਜੀਤ ਰੱਖ ਲਿਆ ਤੇ ਜਗਤ ਵਿਚ ਡੌਂਡੀ ਪਿਟਵਾ ਦਿੱਤੀ ਕਿ ਜਿਸ ਦਾ ਜੀ ਕਰੇ ਮੇਰੇ ਨਾਲ ਸ਼ਾਸਤ੍ਰ ਅਰਥ ਕਰ ਲਵੇ। ਪਰ ਸ਼ਰਤ ਇਹ ਹੈ ਕਿ ਜਿਹੜਾ ਮੇਰੇ ਕੋਲੋਂ ਹਾਰ ਜਾਏਗਾ ਉਸ ਦੀਆਂ ਪੋਥੀਆਂ ਖੋਹ ਕੇ, ਕਪੜੇ ਉਤਾਰ ਕੇ, ਕੇਵਲ ਇਕ ਲੰਗੋਟੀ ਬੰਨ੍ਹ ਕੇ, ਧੱਕੇ ਮਾਰ ਕੇ, ਕਾਸ਼ੀ ਵਿੱਚੋਂ ਕੱਢ ਦਿੱਤਾ ਜਾਏਗਾ। ਜਿਸ ਨੂੰ ਇਹ ਸ਼ਰਤ ਪ੍ਰਵਾਨ ਹੋਵੇ ਉਹ ਸ਼ਾਸਤ੍ਰ ਅਰਥ ਕਰ ਸਕਦਾ ਹੈ। ਜੇ ਮੈਂ ਹਾਰ ਜਾਵਾਂ ਤਾਂ ਮੇਰੇ ਨਾਲ ਵੀ ਇਹੋ ਸਲੂਕ ਕੀਤਾ ਜਾ ਸਕਦਾ ਹੈ।

ਇਸ ਢੰਡੋਰੇ ਨੂੰ ਦੂਰ ਨੇੜੇ ਤੇ ਦੇਸ਼ ਦੇਸ਼ਾਂਤਰਾਂ ਦੇ ਵਿਦਵਾਨ ਪੰਡਿਤਾਂ ਨੇ ਸੁਣਿਆ ਤੇ ਊਠਾਂ ਤੇ ਕਿਤਾਬਾਂ ਲੱਦ ਕੇ, ਆ ਕਾਸ਼ੀ ਵਿਚ ਜਮ੍ਹਾਂ ਹੋਏ ਤੇ ਸ਼ਾਸਤ੍ਰ ਅਰਥ ਦਾ ਬਾਜ਼ਾਰ ਗਰਮ ਹੋ ਗਿਆ। ਬੇਦਾਂ ਦੀਆਂ ਸ਼ਰੁਤੀਆਂ ਤੇ ਸਿਮ੍ਰਤੀਆਂ ਦੇ ਸਲੋਕ ਅਤੇ ਰਿਚਾਂ, ਸਾਂਗੋ ਪਾਂਗ ਉਚਾਰਨੀਆਂ ਅਰੰਭ ਦਿੱਤੀਆਂ। ਹਰ ਇਕ ਵਿਦਵਾਨ ਆਪਣੀ ਵਿੱਦਿਆ ਦਾ ਸਿੱਕਾ ਜਮਾ ਕੇ ਸੰਸਾਰ ਵਿਚ ਧਾਂਕ ਬਿਠਾਉਣੀ ਚਾਹੁੰਦਾ ਸੀ। ਇਕ ਦੂਜੇ ਨਾਲੋਂ ਅੱਗੇ ਵਧ ਵਧ ਕੇ ਵਿਆਕਰਨ ਦੇ ਘੋਟਿਆਂ ਨੂੰ ਘੋਟਦਾ ਸੀ। ਕਾਵ ਦੀ ਚਟਕ, ਪਿੰਗਲ ਦੀ ਲਟਕ ਨੂੰ ਦੱਸਣ ਦਾ ਸਿਰਤੋੜ ਜਤਨ ਕੀਤਾ ਜਾ ਰਿਹਾ ਸੀ, ਘੱਟ ਅਖਵਾਉਣ ਨੂੰ ਕੋਈ ਵੀ ਤਿਆਰ ਨਹੀਂ ਸੀ।

ਇਸ ਵਿਦਵਾਨਾਂ ਦੀ ਛਿੰਝ ਵਿਚ ਜਗਜੀਤ ਦਾ ਪੱਲਾ ਭਾਰਾ ਸੀ। ਇਸ ਦੇ ਸਾਹਮਣੇ ਜੋ ਵੀ ਆਉਂਦਾ ਮੂੰਹ ਦੀ ਖਾ ਕੇ ਹਾਰ ਜਾਂਦਾ। ਸਹਿਜੇ ਸਹਿਜੇ ਹਾਰੇ ਹੋਇਆਂ ਦੀ ਗਿਣਤੀ ਪੰਜ ਸੌ ਤਕ ਪੁੱਜ ਗਈ। ਜਿਨ੍ਹਾਂ ਦੀਆਂ ਪੋਥੀਆਂ ਖੋਹ ਕੇ, ਕਪੜੇ ਉਤਾਰ ਕੇ, ਲੰਗੋਟੀਆਂ ਬੰਨ੍ਹ ਕੇ, ਨੰਗ ਧੜੰਗੇ ਕਰ ਕੇ, ਧੱਕੇ ਮਾਰ ਕੇ ਕਾਸ਼ੀਓਂ ਬਾਹਰ ਕੱਢ ਦਿੱਤਾ ਗਿਆ। ਇਨ੍ਹਾਂ ਨੂੰ ਕਾਸ਼ੀ ਦਾ ਕੋਈ ਆਦਮੀ ਰੋਟੀ ਤਕ ਨਹੀਂ ਦਿੰਦਾ, ਪਈ ਇਹ ਸਾਡੇ ਪੰਡਿਤ ਕੋਲੋਂ ਹਾਰੇ ਹੋਏ ਹਨ ਤੇ ਇਹ ਬਿਚਾਰੇ ਲੱਜਿਆ ਦੇ ਮਾਰੇ, ਘਰਾਂ ਨੂੰ ਨਹੀਂ ਜਾਂਦੇ। ਪਈ ਕੀ ਮੂੰਹ ਲੈ ਕੇ ਜਾਈਏ, ਲੋਕ ਸਾਨੂੰ ਕੀ ਆਖਣਗੇ ਕਿ ਚੰਗੇ ਗਏ, ਹਾਰ ਖਾ ਕੇ ਆ ਵੜੇ ਹਨ। ਬਿਚਾਰੇ ਕਾਸ਼ੀਓਂ ਬਾਹਰ ਭੁੱਖੇ ਤਿਹਾਏ ਦੁੱਖ ਸੁੱਖ ਜਰ ਰਹੇ ਹਨ। ਭੁੱਖ ਦੇ ਦੁੱਖ ਨੇ ਹੱਡੀਆਂ ਨੰਗੀਆਂ ਕਰ ਦਿੱਤੀਆਂ ਹਨ। ਤਨ ਦਾ ਚੰਮ ਸੁੱਕ ਗਿਆ ਏ। ਚਿਹਰੇ ਦੀਆਂ ਰੌਣਕਾਂ ਫਿਕੀਆਂ ਪੈ ਗਈਆਂ ਨੇ, ਹਰ ਦਮ ਹਉਕੇ ਤੇ ਹਾਵੇ ਈ ਦਾਮਨਗੀਰ ਹਨ, ਦਿਨੇ ਰਾਤ ਚਿੰਤਾ ਤੇ ਝੋਰਾ ਹੋਣ ਕਰਕੇ ਤਨ ਤੀਲ੍ਹੇ ਵਰਗਾ ਹੋ ਗਿਆ ਏ, ਨਿਮਾਣੇ ਦੁੱਖਾਂ ਦੇ ਦੁਖਾਏ ਹੋਏ ਦੁਖੀ ਹੋ ਕੇ ਹਾਹਾਕਾਰ ਕਰ ਰਹੇ ਨੇ, ਇਨ੍ਹਾਂ ਦੀਆਂ ਚੀਕਾਂ ਹਵਾ ਵਿਚ ਮਿਲੀਆਂ ਤੇ ਹਵਾ ਰਾਣੀ ਇਹਨਾਂ ਦਾ ਦੁੱਖ-ਭਰਿਆ ਸੁਨੇਹਾ ਲੈ ਕੇ ਗ਼ਰੀਬ ਨਿਵਾਜ਼ ਦੇ ਦਰਬਾਰ ਵਿਚ ਹਾਜ਼ਰ ਹੋਈ, ਹਵਾ ਰਾਣੀ ਦੀ ਜ਼ਬਾਨੀ ਦੁਖੀਆਂ ਦਾ ਦੁੱਖ ਸੁਣ ਕੇ ਦੁਖੀਆਂ ਦਾ ਦਰਦੀ ਦ੍ਰਵ ਗਿਆ, ਤੇ ਬੋਲ ਉਠਿਆ "ਐ ਮਰਦਾਨਿਆਂ! ਕਾਸ਼ੀ ਵਿਚ ਰੱਬ ਦੇ ਬੰਦਿਆਂ ਤੇ ਅਸਹਿ ਅਤਿਆਚਾਰ ਹੋ ਰਿਹਾ ਏ, ਜਿਸ ਕਾਰਨ ਰੱਬ ਦੇ ਬੰਦੇ ਹਾਏ ਹਾਏ ਪੁਕਾਰ ਉਠੇ ਨੇ, ਉਨ੍ਹਾਂ ਦੀ ਹਾਏ ਹਾਏ ਤੇ ਹਾਵਿਆਂ ਨੇ ਮੇਰਾ ਮਨ ਡੁਲਾ ਦਿੱਤਾ ਏ, ਦੁਖੀਆਂ ਦੇ ਦੁੱਖਾਂ ਨੇ ਆਪਣੀ ਵੱਲ ਖਿਚ ਲਿਆ ਏ, ਹੁਣ ਹੋਰ ਦੁੱਖ ਸੁਣੇ ਨਹੀਂ ਜਾਂਦੇ, ਸੋ ਰਬਾਬ ਗਿਲਾਫ਼ ਕਰ ਕੇ ਤਿਆਰ ਹੋ ਜਾ, ਉਨ੍ਹਾਂ ਦੁਖੀਆਂ ਦੇ ਸੰਕਟ ਸਹਾਰੇ ਨਹੀਂ ਜਾਂਦੇ।" ਮਰਦਾਨਾ ਦੋਵੇਂ ਹੱਥ ਜੋੜ ਜਗਦੀਸ਼ ਦੇ ਸਨਮੁਖ ਖਲੋ ਗਿਆ ਤੇ ਅਰਜ਼ ਕੀਤੀ ਕਿ ਐ ਦੁਖੀਆਂ ਦੇ ਸੱਚੇ ਵੈਦ! ਜੇ ਆਪ ਦੇ ਹੁੰਦਿਆਂ ਸੁੰਦਿਆਂ ਧਰਤੀ ਤੇ ਕੋਈ ਦੁਖੀਆ ਦੁੱਖ ਪਾਵੇ ਤਾਂ ਆਪ ਦੇ ਵੈਦ ਬਣਨ ਦਾ ਕੀ ਲਾਭ ? ਐ ਵੈਦ ਰੋਗੀਆਂ ਦੇ! ਰੋਗੀਆਂ ਤੇ ਦਯਾ ਕਰ, ਤੂੰ ਸੱਚਾ ਗ਼ਰੀਬ ਨਿਵਾਜ਼ ਹੈਂ, ਸੋ ਗ਼ਰੀਬਾਂ ਤੇ ਤਰਸ ਕਰ।

ਹਾਰ ਖਾ ਚੁੱਕੇ ਹੋਏ ਪੰਡਿਤ, ਕਾਸ਼ੀਓਂ ਬਾਹਰ ਇਕ ਵੱਡੇ ਸਾਰੇ ਦਰੱਖ਼ਤ ਥੱਲੇ ਬੈਠੇ ਹੋਏ, ਦੁੱਖਾਂ ਦੇ ਦਿਨ ਗੁਜ਼ਾਰ ਰਹੇ ਸਨ, ਉਸ ਦਰੱਖ਼ਤ ਤੋਂ ਥੋੜ੍ਹੀ ਦੂਰ ਇਕ ਹੋਰ ਝਾਟਲੇ ਜੇਹੇ ਦਰੱਖ਼ਤ ਹੇਠਾਂ ਕਿਸੇ ਮੋਏ ਹੋਏ ਜਾਨਵਰ ਦੀਆਂ ਹੱਡੀਆਂ ਲਾਗੇ ਸਤਿਗੁਰਾਂ ਨੇ ਆਸਣ ਲਾ ਦਿੱਤਾ ਤੇ ਆਪਣੇ ਕਰਤਾਰ ਦੇ ਕੀਰਤਨ ਵਿਚ ਜੁਟ ਪਏ ਜੋ ਕਿ ਸਤਿਗੁਰੂ ਦਾ ਸੱਚਾ ਸ਼ਸਤਰ ਸੀ, ਕੀਰਤਨ ਦਾ ਐਸਾ ਇਲਾਹੀ ਰੰਗ ਬੱਝਾ ਕਿ ਸਾਰੇ ਜੰਗਲ ਵਿਚ ਤੇ ਆਸੇ ਪਾਸੇ ਮਾਨੋ ਕੀਰਤਨ ਹੀ ਕੀਰਤਨ ਸੀ, ਰੱਬੀ ਬਾਣੀ ਦੇ ਨਾਦ ਨੇ ਅੰਮ੍ਰਿਤ ਵਰਸਾ ਦਿੱਤਾ, ਮੁਰਦਿਆਂ ਨੂੰ ਜੀਵਨ ਦੇ ਦਿੱਤਾ ਤੇ ਪਾਪੀਆਂ ਦੇ ਪਾਪ ਧੋ ਸੁੱਟੇ, ਰੱਬੀ ਹੁਲਾਰਿਆਂ ਨੇ ਜੰਗਲ ਹਲੂਣ ਮਾਰਿਆ, ਜੰਗਲ ਵਿਚ ਮਾਨੋ ਨਾਮ ਦੀ ਵਰਖਾ ਵੱਸ ਪਈ, ਜਿਸਨੇ ਚਾਰ ਚੁਫ਼ੇਰੇ ਖੇੜਾ ਖਿੜਾ ਦਿੱਤਾ, ਅਗੰਮ ਦੇਸ ਦੇ ਨਿਰਬਾਣ ਕੀਰਤਨ ਦੀਆਂ ਧੁਨਾਂ ਜਦ ਹਾਰੇ ਹੋਏ ਪੰਡਿਤਾਂ ਦੇ ਕੰਨਾਂ ਰਾਹੀਂ ਮਨ ਤਕ ਪੁੱਜੀਆਂ, ਤਾਂ ਸਾਰੇ ਪੰਡਿਤ ਮਿਕਨਾਤੀਸ ਦੇ ਖਿੱਚੇ ਹੋਏ ਸਤਿਗੁਰੂ ਸੱਚੇ ਪਾਤਸ਼ਾਹ ਦੇ ਚਾਰ ਚੁਫ਼ੇਰੇ ਇਉਂ ਆ ਬੈਠੇ ਜਿਉਂ ਚੰਦ ਗਿਰਦੇ ਤਾਰਿਆਂ ਦਾ ਪਰਵਾਰ ਹੁੰਦਾ ਏ, ਸਭ ਦੀਆਂ ਸਮਾਧੀਆਂ ਜੁੜ ਗਈਆਂ ਤੇ ਭੁੱਖ ਦਾ ਦੁੱਖ ਜਾਂਦਾ ਰਿਹਾ, ਜਨਮ

ਜਨਮ ਦੇ ਪਿਆਸਿਆਂ ਨੇ ਕੀਰਤਨ ਦਾ ਅੰਮ੍ਰਿਤ ਰੱਜ ਕੇ ਪੀਤਾ, ਇਉਂ ਭਾਸਿਆ ਜਿਵੇਂ ਕਿਸੇ ਦੂਸਰੀ ਦੁਨੀਆਂ ਵਿਚ ਆ ਗਏ ਹਾਂ, ਮਨ ਦੀ ਸੜਨ ਠੰਢੀ ਹੋਈ, ਆਪੇ ਨੂੰ ਆਪੇ ਦੇ ਝਲਕਾਰੇ ਪਏ, ਜਿਸ ਕਰਕੇ ਅੰਦਰਲਾ ਤ੍ਰਿਪਤਿਆ। ਏਧਰ ਰੰਗ ਰਤੜੇ ਮਾਹੀ ਨੇ ਕੀਰਤਨ ਸਮਾਪਤ ਕਰ ਕੇ, ਆਪਣੇ ਅੰਮ੍ਰਿਤ ਨੈਣ ਖੋਲ੍ਹ ਕੇ ਦੇਖਿਆ ਤਾਂ ਚਾਰੇ ਪਾਸੇ ਨੰਗੇ ਧੜੰਗੇ ਤੇ ਸੁੱਕੀਆਂ ਹੋਈਆਂ ਹੱਡੀਆਂ ਵਾਲੇ ਕਈ ਆਦਮੀ ਨਜ਼ਰ ਆਏ ਜੋ ਹੱਥ ਜੋੜ ਜੋਦੜੀਆਂ ਕਰ ਰਹੇ ਸਨ ਕਿ ਹੇ ਸਾਈਂ ਸਵਾਰੇ ਅਗੰਮੀ ਪੁਰਖਾ! ਤੇਰੀ ਸੂਰਤ ਸੋਹਣੀ ਦੇ ਸਦਕੇ ਜਾਈਏ ਤੇ ਤੇਰੇ ਰਸ-ਭਿੰਨੇ ਸੰਗੀਤ ਤੋਂ ਸੌ ਸੌ ਵਾਰ ਵਾਰਨੇ ਜਾ ਕੇ ਬੇਨਤੀ ਕਰਦੇ ਹਾਂ ਕਿ ਤੁਹਾਡੀ ਆਵਾਜ਼ ਤੋਂ ਪਤਾ ਲੱਗਦਾ ਹੈ ਕਿ ਤੁਸੀਂ ਪਿਆਰ-ਪੁੰਜ ਹੋ, ਸਾਈਂ ਦਾ ਪਿਆਰ ਤੁਹਾਡੇ ਬਚਨਾਂ ਵਿੱਚੋਂ ਡੁੱਲ੍ਹ ਡੁੱਲ੍ਹ ਪੈਂਦਾ ਏ। ਕਿਸੇ ਦਾ ਕਥਨ ਵੀ ਹੈ ਕਿ:

**ਪ੍ਰੇਮ ਛੁਪਾਇਆ ਨਾ ਛਪੈ, ਜੇ ਕੋ ਰੱਖੇ ਛੁਪਾਇ।**
**ਜੌ ਪੈ ਮੁਖ ਬੋਲੇ ਨਹੀ, ਤੂ ਨੈਣ ਦੇਤ ਹੈਂ ਰੋਇ।**

ਐ ਪ੍ਰੇਮ ਪੁੰਜ ਪ੍ਰੀਤਮ ਜੀਓ! ਅਸੀਂ ਜਗਜੀਤ ਪਾਸੋਂ ਹਾਰੇ ਹੋਏ ਬ੍ਰਾਹਮਣ ਬੇਨਤੀ ਕਰਦੇ ਹਾਂ ਕਿ ਤੁਸੀਂ ਉਸ ਨਾਲ ਸ਼ਾਸਤ੍ਰ ਅਰਥ ਕਰੋ। ਪੂਰਨ ਆਸ ਹੈ ਕਿ ਤੁਸੀਂ ਜਿੱਤ ਜਾਓਗੇ ਤੇ ਸਾਡੇ ਕੱਪੜੇ ਪੋਥੀਆਂ ਵੀ ਸਾਨੂੰ ਲੈ ਦਿਉਗੇ, ਕਿਉਂਕਿ ਤੁਹਾਡੇ ਬਚਨਾਂ 'ਚ ਇਕ ਖ਼ਾਸ ਖਿੱਚ ਤੇ ਵਜ਼ਨ ਹੈ। ਸ੍ਰੀ ਗੁਰੂ ਜੀ ਅਜੇ ਕੁਛ ਕਹਿਣਾ ਈ ਚਾਹੁੰਦੇ ਸਨ ਕਿ ਪੰਜ ਸੱਤ ਚੇਲਿਆਂ ਸਮੇਤ ਵਿੱਦਿਆ-ਮਦ ਵਿਚ ਮਸਤ ਜਗਜੀਤ ਆ ਨਿਕਲਿਆ ਤੇ ਆਉਂਦੇ ਸਾਰ ਨਾ ਰਾਮ ਨਾ ਰਹੀਮ, ਨਾ ਜੈ ਸੱਚ ਦਾ ਨਾਦ, ਬਗ਼ੈਰ ਕਿਸੇ ਰਸਮ ਰਿਵਾਜ ਦੇ ਬੋਲ ਉਠਿਆ ਕਿ ਐ ਸੰਤ ਜੀ! ਸ਼ਾਸਤ੍ਰ ਅਰਥ ਕਰਨਾ ਜਾਣਦੇ ਹੋ, ਜੇ ਜਾਣਦੇ ਹੋ ਤਾਂ ਮੇਰੇ ਸਾਹਮਣੇ ਆ ਕੇ ਸ਼ੰਕਾ ਕਰੋ, ਤੁਹਾਡਾ ਕੀ ਪੱਖ ਹੈ ਤੇ ਉਸਦੀ ਪੁਸ਼ਟੀ ਵਾਸਤੇ ਤੁਹਾਡੇ ਕੋਲ ਕੀ ਪ੍ਰਮਾਣ ਹਨ।

ਸਹਿਨਸ਼ੀਲਤਾ ਦੇ ਪੁੰਜ, ਜਗਤ ਗੁਰੂ ਬਾਬਾ ਜੀ ਨੇ ਧੀਰਜ ਨਾਲ ਨੇਤਰ ਖੋਲ੍ਹ ਕੇ ਜਗਜੀਤ ਵੱਲ ਦੇਖਿਆ ਤੇ ਪ੍ਰੇਮ-ਰਸ-ਭਿੰਨੇ ਬਚਨਾਂ ਨਾਲ ਬੋਲੇ ਕਿ ਪੰਡਿਤ ਜੀ! ਮੈਨੂੰ ਸ਼ਾਸਤ੍ਰ ਅਰਥ ਨਹੀਂ ਆਉਂਦਾ। ਮੈਂ ਤਾਂ ਕਿਸੇ ਦੇ ਰਸ ਦਾ ਰਸੀਆ ਰਸੀਲੇ ਨੂੰ ਢੂੰਡਦਾ ਹਾਂ ਤੇ ਢੂੰਡਣ ਵਾਲਿਆਂ ਨੂੰ ਸਤਿਕਾਰਦਾ ਹਾਂ:

**ਨਾ ਹਉ ਜਤੀ ਸਤੀ ਨਹੀ ਪੜਿਆ**
**ਮੂਰਖ ਮੁਗਧਾ ਜਨਮੁ ਭਇਆ॥**
**ਪ੍ਰਣਵਤਿ ਨਾਨਕ ਤਿਨ ਕੀ ਸਰਣਾ**
**ਜਿਨ ਤੂੰ ਨਾਹੀ ਵੀਸਰਿਆ॥** (ਪੰਨਾ ੧੨)

ਸ੍ਰੀ ਸਤਿਗੁਰੂ ਜੀ ਦੇ ਨਿਮ੍ਰਤਾ ਭਰੇ ਅੰਮ੍ਰਿਤ ਬਚਨਾਂ ਅੱਗੇ ਝੁਕਣ ਦੀ ਥਾਂ ਜਗਜੀਤ ਆਕੜ ਗਿਆ ਤੇ ਹੰਕਾਰ ਵਿਚ ਆ ਕੇ ਬੋਲਿਆ ਕਿ ਜੇ ਸ਼ਾਸਤ੍ਰ ਅਰਥ ਨਹੀਂ ਜਾਣਦੇ ਤਾਂ ਪੋਥੀਆਂ ਤੇ ਕਪੜੇ ਮੇਰੇ ਹਵਾਲੇ ਕਰ ਕੇ, ਲੰਗੋਟੀਆਂ ਬੰਨ੍ਹ ਕੇ, ਇਸ ਹਾਰੇ ਹੋਏ ਟੋਲੇ ਵਿਚ ਤੁਸੀਂ ਵੀ ਦਾਖ਼ਲ ਹੋ ਜਾਓ।

ਪੰਡਿਤ ਜੀ! ਅਸੀਂ ਮੁਲਤਾਨ, ਬਗ਼ਦਾਦ, ਮੱਕਾ, ਮਦੀਨਾ, ਜਗਨ ਨਾਥ ਪੁਰੀ

ਆਦਿਕ, ਜਿਥੇ ਵੀ ਗਏ ਹਾਂ ਵੱਖਰੇ ਹੀ ਰਹੇ ਹਾਂ ਤੇ ਸਾਡਾ ਪੰਥ ਵੀ ਨਿਰਾਲਾ ਹੈ। ਕਿਸੇ ਵਿਚ ਅਸੀਂ ਰਲਦੇ ਨਹੀਂ, ਕਪੜੇ ਤਨ ਦਾ ਕੱਜਣ ਤੇ ਪੋਥੀ ਪਰਮੇਸ਼ਰ ਜੀ ਦਾ ਥਾਨ ਹੋਣ ਕਰਕੇ ਅਸੀਂ ਦੇ ਨਹੀਂ ਸਕਦੇ ਤੇ ਸ਼ਾਸਤ੍ਰ ਅਰਥ ਜਾਣਦੇ ਨਹੀਂ ਹਾਂ। ਬਾਬੇ ਦੇ ਪ੍ਰੇਮ ਮਾਰਗ ਦੇ ਉਚੇ ਬਚਨ ਪੰਡਿਤ ਦੀ ਸਮਝੋਂ ਪਰ੍ਹੇ ਸਨ। ਕਿਸੇ ਦਾ ਕਥਨ ਵੀ ਹੈ ਕਿ :

**ਲਾਗੀ ਲਗਨ ਨਾ ਛੂਟਈ, ਜੀਭ ਚੋਂਚ ਜਲ ਜਾਇ।**
**ਮੀਠਾ ਕਹਾਂ ਅੰਗਾਰ ਮੇਂ ਜਾਹਿ ਚਕੋਰ ਚਬਾਇ।**
**ਪ੍ਰੇਮ ਨਾ ਬਾੜੀ ਊਪਜੈ ਪ੍ਰੇਮ ਨਾ ਹਾਟ ਬਿਕਾਇ।**
**ਰਾਜਾ ਪ੍ਰਜਾ ਜਿਹ ਰੁਚੈ ਸੀਸ ਦਏ ਲੈ ਜਾਇ।**
**ਪ੍ਰੇਮ ਪ੍ਰੇਮ ਸਭ ਕੋ ਕਹੈ, ਪ੍ਰੇਮ ਨਾ ਜਾਨੈ ਕੋਇ।**
**ਅਢਾਈ ਅਕਸ਼ਰ ਪ੍ਰੇਮ ਕੇ, ਪੜੇ ਸੋ ਪੰਡਿਤ ਹੋਇ।**

ਪ੍ਰੇਮ ਵਿੱਦਿਆ ਤੋਂ ਹੀਣਾ ਪੰਡਿਤ ਨਹੀਂ ਜਾਣਦਾ ਕਿ ਇਹ ਜੋ ਰੂਪ ਹਰਿ ਆਪ ਹੈ। ਸਗੋਂ ਮਨੁੱਖੀ ਦ੍ਰਿਸ਼ਟੀਕੋਣ ਨਾਲ ਦੇਖਦਾ ਹੋਇਆ ਬਾਬੇ ਨੂੰ ਇਕ ਸਧਾਰਨ ਜਿਹਾ ਸਾਧ ਜਾਣ ਕੇ ਰੁੱਖੀਆਂ ਤੇ ਖਰ੍ਹਵੀਆਂ ਗੱਲਾਂ ਕਰ ਕੇ ਆਪਣੀ ਹੋਛੀ ਮੱਤ ਨੂੰ ਪ੍ਰਤੱਖ ਕਰ ਰਿਹਾ ਹੈ। ਪ੍ਰੇਮ ਦੀਆਂ ਕਸਕਾਂ ਕੋਈ ਪ੍ਰੇਮੀ ਹੀ ਜਾਣਦਾ ਹੈ। ਪ੍ਰੇਮ ਦੇ ਅਣਿਆਲੇ ਤੀਰ ਕੋਈ ਦਰਦੀਲਾ ਦਿਲ ਹੀ ਖਾ ਸਕਦਾ ਹੈ। ਪ੍ਰੇਮ-ਪੀਂਘ ਦੇ ਝੂਟਿਆਂ ਦੀ ਮੌਜ ਕੋਈ ਮੌਲਾ ਵਾਲਾ ਈ ਮਾਣ ਸਕਦਾ ਹੈ, ਹੰਕਾਰੀ ਪੰਡਿਤ ਕੀ ਜਾਣੇ ?

ਇਕ ਵਾਰੀ ਇਕ ਮੁਗ਼ਲਾਂ ਦੀ ਲੜਕੀ ਬਜ਼ਾਰ ਵਿੱਚੋਂ ਤੁਰੀ ਆਉਂਦੀ ਨੇ ਇਕ ਮੰਦਰ ਅੰਦਰ ਕ੍ਰਿਸ਼ਨ ਦੀ ਮੂਰਤੀ ਦੇਖੀ, ਜੋ ਬੜੀ ਸੁੰਦਰ ਤੇ ਮਨਮੋਹਣੀ ਸੀ। ਕਿਸੇ ਪੱਥਰ-ਘਾੜੇ ਨੇ ਸੁਚੱਜੇ ਹੱਥਾਂ ਨਾਲ ਉਸ ਮੂਰਤੀ ਨੂੰ ਬੜਾ ਅਲੌਕਕ ਜਿਹਾ ਘੜਿਆ ਸੀ। ਟੇਢੀ ਜਿਹੀ ਧੌਣ, ਸਾਂਵਲਾ ਜਿਹਾ ਰੰਗ, ਲਾਲ ਜਿਹੇ ਬੁੱਲ੍ਹ, ਬੁੱਲ੍ਹਾਂ ਉਤੇ ਬੰਸਰੀ। ਇਕ ਲੱਤ, ਦੂਜੀ ਲੱਤ ਦੇ ਉਤੇ ਚਾੜ੍ਹ ਕੇ ਟੇਢਾ ਜਿਹਾ ਕਰ ਕੇ ਮੂਰਤੀ ਨੂੰ ਖਲਾਰ੍ਹਿਆ ਗਿਆ ਹੋਇਆ ਸੀ। ਮੁਗ਼ਲਾਂ ਦੀ ਲੜਕੀ ਮੂਰਤੀ ਦੇਖ਼ ਕੇ ਮੋਹੀ ਗਈ ਤੇ ਮੰਦਰ ਦੇ ਅੰਦਰ ਮੱਥਾ ਟੇਕਿਆ, ਸ਼ਰਧਾ ਨਾਲ ਗੱਲਾਂ ਕਰਨ ਲੱਗ ਪਈ ਕਿ ਐ ਕ੍ਰਿਸ਼ਨਾਂ ! ਤੇਰੀ ਮੂਰਤ ਭਾਵੇਂ ਪੱਥਰ ਦੀ ਹੈ ਤੇ ਹੈ ਵੀ ਬੇ-ਜਾਨ ਪਰ ਕਿਸੇ ਘੜਨ ਵਾਲੇ ਨੇ ਘਾੜਤ ਘੜਨ ਵਿਚ ਕਮਾਲ ਕਰ ਦਿੱਤੀ ਹੈ ਤੇ ਮੈਂ ਸੁਣਿਆ ਵੀ ਹੈ ਕਿ ਤੂੰ ਧੰਨੇ ਨੂੰ ਧੰਨਤਾ ਦਾ ਧਨ ਦੇ ਕੇ ਧਨਵਾਨ ਬਣਾਉਣ ਲਈ ਪੱਥਰਾਂ ਵਿੱਚੋਂ ਵੀ ਪ੍ਰਗਟ ਹੋ ਜਾਂਦਾ ਏਂ, ਸੋ ਮੇਰੇ ਮਨ ਦੀ ਮੱਛੀ ਦੀ ਪਿਆਸ ਬੁਝਾਣ ਲਈ ਅੱਜ ਵੀ ਪ੍ਰਗਟ ਹੋ ਜਾ। ਬੁਲ੍ਹਾਂ ਤੇ ਰੱਖੀ ਹੋਈ ਬੰਸਰੀ ਵਿਚ ਦੋ ਫੂਕਾਂ ਮਾਰ ਕੇ ਕੋਈ ਮਿਠੀ ਜਿਹੀ ਤਾਨ ਸੁਣਾ ਕੇ ਮੇਰੀ ਆਸ ਪੁਜਾ ਦੇ। ਮੈਂ ਭਿਖਾਰਨ ਦੇ ਅੱਖਾਂ ਦੇ ਠੂਠੇ ਦਰਸ਼ਨ ਦੀ ਭੀਖ ਪਾ ਕੇ ਭਰ ਦੇ। ਏਨੇ ਨੂੰ ਬਾਹਰੋਂ ਪੁਜਾਰੀ ਆ ਗਿਆ ਜੋ ਮੁਗ਼ਲਾਂ ਦੀ ਕੁੜੀ ਨੂੰ ਵੇਖ ਕੇ ਹੱਕਾ ਬੱਕਾ ਤੇ ਦੰਗ ਹੋ ਕੇ ਬੋਲ ਉਠਿਆ, "ਓ ਲੜਕੀ ! ਮੁਗ਼ਲਾਂ ਦੀ ਧੀ ਹੋ ਕੇ ਪੱਥਰਾਂ ਅੱਗੇ ਮਿੰਨਤਾਂ ਕਰਨੀ ਏਂ ? ਕੀ ਤੈਨੂੰ ਆਪਣੇ ਮਾਂ ਬਾਪ ਤੇ ਮਸੀਤ ਦੇ ਕਾਜ਼ੀ ਅਤੇ ਮਜ਼ਹਬ ਦੇ ਕਾਨੂੰਨ ਦਾ ਡਰ ਨਹੀਂ ? ਤੇਰੇ ਮਜ਼ਹਬ ਦੇ ਲੋਕ ਬੁੱਤ-ਪੂਜਾ ਨੂੰ ਹਰਾਮ ਤੇ ਕੁਫ਼ਰ ਆਖਦੇ ਹਨ। ਬੁੱਤਾਂ ਦੇ ਪੁਜਾਰੀ ਨੂੰ ਕਾਫ਼ਰ ਕਹਿ ਕੇ ਮਾਰ ਦੇਣਾ ਪੁੰਨ ਸਮਝਦੇ ਹਨ ਪਰ ਤੂੰ ਮੂਰਤ ਅੱਗੇ ਤਰਲੇ ਕੱਢਦੀ ਨਹੀਂ ਥੱਕਦੀ, ਇਸਦਾ ਕੀ ਕਾਰਨ ਹੈ ?"

ਪ੍ਰੇਮ ਵਿਚ ਮਸਤ ਹੋਈ ਲੜਕੀ ਨੇ ਪੁਜਾਰੀ ਦੀਆਂ ਗੱਲਾਂ ਨੂੰ ਕ੍ਰਿਸ਼ਨ ਦੀਆਂ ਗੱਲਾਂ ਸਮਝਿਆ। ਲੜਕੀ ਨੇ ਸੋਚਿਆ ਸ਼ਾਇਦ ਮੇਰੇ ਤੇ ਸਵਾਲ ਕਰ ਕੇ ਕ੍ਰਿਸ਼ਨ ਜੀ ਮੇਰੇ ਪ੍ਰੇਮ ਦੀ ਪ੍ਰੀਖਿਆ ਕਰ ਰਹੇ ਹਨ। ਸੋ ਪੁਜਾਰੀ ਦੀਆਂ ਗੱਲਾਂ ਨੂੰ ਸ੍ਰੀ ਕਿਸ਼ਨ ਦੀਆਂ ਗੱਲਾਂ ਜਾਣ ਕੇ ਲੜਕੀ ਬੋਲ ਉਠੀ :

**ਸੁਨੋ ਦਿਲ ਜਾਨੀ, ਮੇਰੇ ਦਿਲ ਕੀ ਕਹਾਨੀ,**
**ਤੁਮ ਦਸਤ ਹੀ ਬਿਕਾਨੀ ਬਦਨਾਮੀ ਭੀ ਸਹੂੰਗੀ ਮੈਂ।**
**ਦੇਵ ਪੂਜਾ ਠਾਨੀ, ਅਓ ਨਿਮਾਜ਼ ਹੂੰ ਭੁਲਾਨੀ,**
**ਤਜੇ ਕਲਮਾਂ ਕੁਰਾਨ, ਥਾਰੇ ਗੁਨਨ ਗਹੂੰਗੀ ਮੈਂ।**
**ਸਾਂਵਲਾ ਸਲੋਨਾਂ ਸਿਰ ਕੁਲੇਦਾਰ ਸੋਹੈ,**
**ਥਾਰੇ ਨੇਹੁ ਦਾਗ ਮੇ, ਨਿਦਾਗ ਹੋ ਦਹੂੰਗੀ ਮੈਂ।**
**ਨੰਦ ਕੇ ਕੁਮਾਰ, ਕੁਰਬਾਨ ਥਾਰੀ ਸੂਰਤ ਪੈ,**
**ਹੌਂ ਤੋ ਮੁਗਲਾਣੀ, ਪਰ ਹਿੰਦਵਾਣੀ ਹੋ ਕੇ ਰਹੂੰਗੀ ਮੈਂ।**

ਮੁਗਲਾਣੀ ਨੂੰ ਪ੍ਰੇਮ ਪਿਆਲੇ ਨੇ ਮਤਵਾਲੀ ਕਰ ਦਿੱਤਾ ਪਰ ਜਗਜੀਤ ਪ੍ਰੇਮੋਂ ਪਰ੍ਹੇ ਹੋਣ ਕਰਕੇ ਸ੍ਰੀ ਸਤਿਗੁਰ ਸੱਚੇ ਪਾਤਸ਼ਾਹ ਨੂੰ ਵੰਗਾਰਦਾ ਏ ਕਿ ਸ਼ਾਸਤਰ ਅਰਥ ਕਰੋ, ਜੇ ਨਹੀਂ ਕਰਦੇ ਤਾਂ ਕਪੜੇ ਲਾਹ ਦਿਓ ਤੇ ਪੋਥੀਆਂ ਮੇਰੇ ਹਵਾਲੇ ਕਰ ਕੇ, ਲੰਗੋਟੀਆਂ ਬੰਨ੍ਹ ਕੇ ਹਾਰੇ ਹੋਏ ਪੰਡਿਤਾਂ ਵਿਚ ਤੁਸੀਂ ਵੀ ਰਲ ਜਾਓ।

SIKHBOOKCLUB.COM

ਜਗਜੀਤ ਦੀਆਂ ਹੰਕਾਰ-ਭਰੀਆਂ ਗੱਲਾਂ ਸੁਣ ਕੇ ਬੇਦੀ-ਕੁਲ-ਦੀਪਕ ਨੇ ਬਚਨ ਉਚਾਰਨ ਕੀਤਾ ਕਿ ਪੰਡਿਤ ਜੀ! ਜੇ ਤੁਸੀਂ ਸ਼ਾਸਤਰ ਅਰਥ ਕਰਨਾ ਈ ਚਾਹੁੰਦੇ ਹੋ ਤਾਂ ਇਸ ਮੋਏ ਹੋਏ ਕੁੱਤੇ ਦੀਆਂ ਹੱਡੀਆਂ ਨਾਲ ਕਰ ਲਓ, ਇਹ ਸਭ ਸ਼ਾਸਤਰਾਂ ਦਾ ਗਿਆਤਾ ਹੈ, ਇਸ ਨੂੰ ਸ਼ਾਸਤਰਾਂ ਦਾ ਆਦਿ ਅੰਤ ਬੋਧ ਹੈ। ਬਾਬੇ ਦੇ ਬਚਨ ਸੁਣ ਕੇ ਪੰਡਿਤ ਨੇ ਆਪਣਾ ਅਪਮਾਨ ਸਮਝਿਆ ਤੇ ਗ਼ੁੱਸੇ ਵਿਚ ਭਰਪੂਰ ਅਤੇ ਲਾਲੋ ਲਾਲ ਹੋ ਕੇ ਕਹਿਣ ਲੱਗਾ ਕਿ ਮੁਰਦਾ ਕੁੱਤੇ ਦੀਆਂ ਹੱਡੀਆਂ ਨਾਲ ਬਹਿਸ ਕਰਨਾ ਆਖ ਕੇ ਤੁਸਾਂ ਮੇਰਾ ਨਿਰਾਦਰ ਕੀਤਾ ਹੈ ਜੋ ਠੀਕ ਨਹੀਂ। ਭਲਿਆਂ ਪੁਰਸ਼ਾਂ ਨੂੰ ਵਿਦਵਾਨਾਂ ਨਾਲ ਇਸ ਤਰ੍ਹਾਂ ਠੱਠਾ ਮਸਕਰੀ ਤੇ ਹਾਸੀ ਚੰਗੀ ਨਹੀਂ ਲੱਗਦੀ।

ਸ੍ਰੀ ਹਜ਼ੂਰ ਨੇ ਹੁਕਮ ਕੀਤਾ ਕਿ ਪੰਡਿਤ ਜੀ ਗ਼ੁੱਸਾ ਨਾ ਕਰੋ, ਇਹ ਹੱਡੀਆਂ ਵੀ ਤੁਹਾਡੇ ਵਰਗੇ ਇਕ ਵਿਦਵਾਨ ਪੰਡਿਤ ਦੀਆਂ ਹਨ ਜੋ ਚਤੁਰ ਵੇਦ ਵਕਤਾ ਸੀ ਪਰ ਕਰਮ ਗਤੀ ਦੇ ਅਧੀਨ ਕੁੱਤੇ ਦੀ ਜੂਨ ਪਾ ਕੇ ਜਨਮ ਭੋਗ ਕੇ ਹੱਡੀਆਂ ਰੁਲ ਰਹੀਆਂ ਹਨ। ਇਹ ਬਚਨ ਸੁਣ ਕੇ ਪੰਡਿਤ ਜ਼ਰਾ ਨਰਮ ਹੋ ਕੇ ਸੋਚਾਂ ਦੇ ਸਾਗਰ ਵਿਚ ਕੁਛ ਦੇਰ ਲਈ ਵਹਿ ਤੁਰਿਆ, ਕਈ ਖ਼ਿਆਲ ਆਏ ਕਈ ਗਏ, ਗਿਣਤੀਆਂ ਗਿਣਨੀਆਂ ਸ਼ੁਰੂ ਕੀਤੀਆਂ, ਸੂਝ ਬੂਝ ਕੰਮ ਨਹੀਂ ਕਰਦੀ। ਸੋਚ ਸੋਚ ਬੋਲਿਆ ਕਿ ਮਹਾਰਾਜ! ਜੇ ਇਹ ਹੱਡੀਆਂ ਕਿਸੇ ਵਿਦਵਾਨ ਦੀਆਂ ਹੀ ਹਨ ਤਾਂ ਇਹਨਾਂ ਦੀ ਇਹ ਦੁਰਦਸ਼ਾ ਕਿਉਂ ਹੋਈ? ਕਿਰਪਾ ਕਰਕੇ ਸਮਝਾਉਣ ਦੀ ਖੇਚਲ ਕਰੋ। ਬਾਬੇ ਆਖਿਆ ਕਿ ਇਸ ਦਾ ਉੱਤਰ ਇਹ ਹੱਡੀਆਂ ਹੀ ਦੇ ਸਕਦੀਆਂ ਹਨ ਸੋ ਇਹਨਾਂ ਪਾਸੋਂ ਹੀ ਪੁੱਛ ਲਓ। ਇਹ ਆਖ ਕੇ ਸਤਿਗੁਰੂ ਦੀਨ ਦਿਆਲ ਨੇ ਆਪਣੇ ਪਵਿਤ੍ਰ ਚਰਨਾਂ ਦੀ ਇਕ ਖੜਾਂਅ ਲੈ ਕੇ, ਕੁੱਤੇ ਦੀਆਂ ਹੱਡੀਆਂ

ਨੂੰ ਲਾ ਕੇ ਮੁੱਖੋਂ ਹੁਕਮ ਕੀਤਾ ਕਿ ਬੋਲ ਸਤ ਕਰਤਾਰ। ਬੱਸ ਫੇਰ ਕੀ ਸੀ, ਬਾਬੇ ਦੇ ਸਤ ਕਰਤਾਰ ਆਖਦਿਆਂ ਹੀ ਮੁਰਦਾ ਹੱਡੀਆਂ ਵਿਚ ਜਾਨ ਆ ਗਈ। ਕੁੱਤਾ ਉਠ ਕੇ ਸਤਿਗੁਰਾਂ ਨੂੰ ਚਰਨ ਬੰਦਨਾ ਕਰ ਕੇ, ਅਸ਼ੀਰਵਾਦ ਲੈ ਕੇ ਪੰਡਿਤ ਨੂੰ ਸੰਬੋਧਨ ਕਰ ਕੇ ਬੋਲਿਆ ਕਿ ਪੰਡਿਤ ਜੀ! ਯਦੀ ਆਪ ਪ੍ਰਤੀ ਬੇਦੋਂ ਪੁਰਾਣੋਂ ਸ਼ਰੁਤੀਓਂ ਸਿਮ੍ਰਤੀਓਂ ਗੀਤਾ ਆਦਿ ਕਿਸੀ ਪੁਸਤਕ ਮੇਂ ਕੋਈ ਸੰਸ਼ੇਯ ਹੋ ਤੋਂ ਮੁਝ ਸੇ ਪੂਛ ਲੀਜੀਏ ਕਿਉਂਕਿ ਮੈਂ ਭੀ ਆਪ ਕਾ ਭਾਈ ਏਕ ਚਤੁਰ ਬੇਦ ਵਕਤਾ ਪੰਡਿਤ ਹੂੰ। ਉਪਰੋਕਤ ਬਚਨ ਸੁਣਦੇ ਹੀ ਜਗਜੀਤ ਭੈ-ਭੀਤ ਹੋ ਗਿਆ ਤੇ ਪੁੱਛਣ ਲੱਗਾ ਕਿ ਮਹਾਰਾਜ! ਇਤਨੇ ਭਾਰੀ ਪੰਡਿਤ ਹੁੰਦੇ ਹੋਇਆਂ ਤੁਹਾਡੀ ਐਸੀ ਦੁਰਗਤੀ ਕਿਉਂ ਹੋਈ?

ਕੁੱਤੇ ਦੀ ਜੂਨ ਭੋਗਣ ਵਾਲੇ ਨੇ ਉਤਰ ਦਿੱਤਾ ਕਿ ਪੰਡਿਤ ਜੀ! ਵਿੱਦਿਆ ਨੇ ਤੁਹਾਡੇ ਅੰਦਰ ਹਉਮੈ ਰੋਗ ਪੈਦਾ ਕਰ ਕੇ ਤੁਹਾਨੂੰ ਕੁਰਾਹੇ ਪਾ ਦਿੱਤਾ ਹੈ, ਏਸੇ ਤਰ੍ਹਾਂ ਮੈਂ ਵੀ ਕੁਰਾਹੇ ਪੈ ਗਿਆ ਸਾਂ ਤੇ ਆਏ ਗਏ ਮਹਾਤਮਾ ਨਾਲ ਸ਼ਾਸਤਰ ਅਰਥ ਕਰ ਕੇ ਕਈਆਂ ਦਾ ਨਿਰਾਦਰ ਤੇ ਅਪਮਾਨ ਕਰਦਾ ਰਿਹਾ। ਇਕ ਵਾਰੀ ਇਕ ਪੂਰਨ ਤੇ ਤੱਤਵੇਤਾ ਮਹਾਤਮਾ ਆ ਗਏ ਪਰ ਮੈਂ ਉਨ੍ਹਾਂ ਨਾਲ ਵੀ ਘੱਟ ਨਾ ਕੀਤੀ। ਉਹਨਾਂ ਦਾ ਪੱਖ ਸੱਚਾ ਸੀ ਪਰ ਮੈਂ ਝੂਠਾ ਵੀ ਸਗੋਂ ਬਹੁਤ ਝਗੜੀ ਜਾਂਦਾ ਸੀ, ਅੰਤ ਨੂੰ ਉਹ ਪੂਰਨ ਮਹਾਤਮਾ ਸਹਿਜ ਸੁਭਾਅ ਬੋਲੇ ਕਿ ਬੈਠ ਕੁੱਤੇ ਵਾਂਗ ਬਕ ਬਕ ਨਾ ਕਰ। ਬੱਸ ਉਹਨਾਂ ਦੇ ਬੋਲਣ ਦੀ ਢਿੱਲ ਸੀ ਕਿ ਮੈਂ ਕੁੱਤੇ ਦੀ ਜੂਨ ਪੈ ਗਿਆ ਤੇ ਚਿੰਤਾ ਨੇ ਘੇਰ ਲਿਆ ਅਤੇ ਸ਼ਰਮਿੰਦਾ ਜਿਹਾ ਹੋ ਕੇ ਪੁੱਛਿਆ ਕਿ ਐ ਸੰਤੋ! ਆਪ ਦਾ ਬਚਨ ਤਾਂ ਪੂਰਾ ਹੋ ਗਿਆ ਪਰ ਮੇਰਾ ਪਾਰ ਉਤਾਰਾ ਕਿਸ ਤਰ੍ਹਾਂ ਹੋਵੇਗਾ? ਜਿਸ ਦੇ ਉੱਤਰ ਵਿਚ ਮਹਾਂਪੁਰਸ਼ਾਂ ਨੇ ਫ਼ੁਰਮਾਇਆ ਕਿ ਕਲਜੁਗ ਵਿਚ ਬੇਦੀਆਂ ਦੇ ਬੰਸ ਵਿਚ ਕਾਲੂ ਦੇ ਘਰ ਇਕ ਨਾਨਕ ਅਵਤਾਰ ਹੋਵੇਗਾ, ਜਦੋਂ ਉਸਦੇ ਚਰਨ ਛੋਹਣਗੇ ਤੇਰਾ ਪਾਰ ਉਤਾਰਾ ਉਦੋਂ ਹੋਵੇਗਾ। ਸੋ ਮੇਰੇ ਭਾਗ ਸਵੱਲੇ ਹੋਏ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿਤ੍ਰ ਚਰਨ ਕਮਲਾਂ ਦੀ ਖੜਾਂਅ ਨੇ ਮੇਰੀ ਕਲਿਆਣ ਕਰ ਦਿੱਤੀ ਏ, ਮੈਂ ਹੁਣ ਮੁਕਤ ਹੋ ਰਿਹਾ ਹਾਂ ਤੇ ਤੁਹਾਨੂੰ ਅਰਜ਼ ਕਰਦਾ ਹਾਂ ਕਿ ਜੇ ਪ੍ਰਮਾਰਥ ਦਾ ਸੁਖ ਲੋਚਦੇ ਹੋ ਤਾਂ ਹੰਕਾਰ ਤਿਆਗ ਕੇ ਸ੍ਰੀ ਬਾਬੇ ਜੀ ਦੀ ਚਰਨੀਂ ਢਹਿ ਪਓ ਤੇ ਕੀਤੀ ਭੁੱਲ ਦੀ ਖਿਮਾਂ ਮੰਗ ਕੇ ਆਪਣਾ ਜਨਮ ਮਰਨ ਸਵਾਰ ਲਉ। ਜਗਜੀਤ ਚਕ੍ਰਿਤ ਰਹਿ ਗਿਆ ਤੇ ਮਨ ਹੀ ਮਨ ਅਤਿ ਸ਼ਰਮਿੰਦਾ ਹੋ ਕੇ ਬਾਬੇ ਦੀ ਚਰਨੀਂ ਆ ਢੱਠਾ ਤੇ ਤਰਲਾ ਕੀਤਾ ਕਿ ਗ਼ਰੀਬ ਨਿਵਾਜ਼! ਮੈਂ ਮਨ-ਹਠੀਆ ਹੋਣ ਕਾਰਨ ਭੁੱਲ ਕੀਤੀ ਹੈ ਜੋ ਜਗਤ ਗੁਰੂ ਨਾਲ ਆਢਾ ਲਾਇਆ, ਇਹ ਮੇਰੀ ਢੀਠਤਾਈ ਹੈ, ਸੋ ਹੇ ਪ੍ਰਲੋਕ ਦੇ ਮਾਲਕ! ਮੈਨੂੰ ਬਖ਼ਸ਼ ਦੇ। ਸ੍ਰੀ ਗੁਰੂ ਜੀ ਦਯਾ ਵਿਚ ਆ ਕੇ ਬੋਲੇ ਕਿ ਜਗਜੀਤ! ਇਨ੍ਹਾਂ ਹਾਰੇ ਹੋਏ ਪੰਡਿਤਾਂ ਦੀਆਂ ਪੋਥੀਆਂ ਬਸਤਰ ਇਨ੍ਹਾਂ ਨੂੰ ਵਾਪਸ ਕਰ ਕੇ ਇਨ੍ਹਾਂ ਦੇ ਦਿਲ ਦੁਖਾਉਣ ਦੀ ਜੋ ਅਵੱਗਿਆ ਕੀਤੀ ਹੈ, ਉਸ ਦੀ ਇਹਨਾਂ ਕੋਲੋਂ ਖਿਮਾ ਮੰਗ ਲੈ, ਸਾਹਿਬ ਤੇਰੇ ਤੇ ਤਰੁੱਠੇਗਾ ਤੇ ਤੈਨੂੰ ਨਿਹਾਲ ਕਰ ਦਏਗਾ, ਗ਼ਰੀਬਾਂ ਦਾ ਦੁਖਾਉਣਾ ਬਜਰ ਪਾਪ ਹੈ। ਜਗਜੀਤ ਨੇ ਸਭ ਚੀਜ਼ਾਂ ਵਾਪਸ ਕਰਾ ਕੇ ਖ਼ੁਸ਼ੀਆਂ ਲਈਆਂ, ਪੰਡਿਤ ਲੋਕ ਆਪੋ ਆਪਣੇ ਘਰੀਂ ਚਲੇ ਗਏ ਤੇ ਗ਼ਰੀਬ ਨਿਵਾਜ਼ ਬਾਬੇ ਦੇ ਗੁਣ ਗਾਉਂਦੇ ਜੈ ਜੈ ਕਾਰ ਕਰਦੇ ਗਏ। ਐਸੇ ਗ਼ਰੀਬ ਨਿਵਾਜ਼ ਹਨ ਸਤਿਗੁਰੂ ਸੱਚੇ ਪਾਤਸ਼ਾਹ ਜਿਨ੍ਹਾਂ ਨੂੰ ਕਿ ਸੱਚੇ ਗ਼ਰੀਬ ਨਿਵਾਜ਼ ਕਹਿਣ ਵਿਚ ਮਨ ਨੂੰ ਸ਼ਾਂਤੀ ਤੇ ਸੁਖ ਪ੍ਰਤੀਤ ਹੁੰਦਾ ਹੈ ਅਤੇ ਅੰਦਰਲਾ ਅੰਦਰ ਹੀ ਅੰਦਰ ਅਨੰਦ ਅਨੁਭਵ ਕਰਦਾ ਤੇ

ਖਿੜਦਾ ਹੈ।

ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ ਕਿ ਮੁਨਾਫ਼ਿਕ ਦੇਸ਼ ਵਿਚ ਸਾਰੇ ਲੋਕ ਰੱਬ ਤੋਂ ਬੇਮੁਖ ਤੇ ਮੁਨਕਰ ਸਨ। ਕੋਈ ਵੀ ਆਦਮੀ ਭੁੱਲ ਕੇ ਵੀ ਰੱਬ ਨੂੰ ਚੇਤੇ ਨਹੀਂ ਕਰਦਾ ਸੀ। ਰੱਬ ਤੇ ਰੱਬ ਦੀ ਕੁਦਰਤ ਦਾ ਉਨ੍ਹਾਂ ਨੂੰ ਉੱਕਾ ਈ ਕੋਈ ਪਤਾ ਨਹੀਂ ਸੀ। ਜਿਸ ਕਰਤੇ ਨੇ ਧਰਤੀ, ਅਕਾਸ਼, ਜਲ, ਥਲ, ਨਦੀਆਂ, ਨਾਲੇ, ਦਰਿਆ, ਪਹਾੜ ਤੇ ਹੋਰ ਕਈ ਕੁਛ ਸਾਜਿਆ ਹੈ ਉਸ ਨੂੰ ਇਹ ਲੋਕ ਜਾਣਦੇ ਭੀ ਨਹੀਂ ਸਨ। ਜਦੋਂ ਕਦੇ ਕਿਸੇ ਚੀਜ਼ ਦੀ ਲੋੜ ਹੁੰਦੀ ਓਦੋਂ ਆਪਣੇ ਬਾਦਸ਼ਾਹ ਨੂੰ ਆਖਦੇ ਸਨ ਤੇ ਉਹ ਮੰਤ੍ਰ ਪੜ੍ਹ ਕੇ ਆਖ ਦਿੰਦਾ ਕਿ ਜਾਓ ਤੁਹਾਡਾ ਮਨੋਰਥ ਪੂਰਾ ਹੋ ਜਾਏਗਾ। ਬਸ, ਇਹ ਉਨ੍ਹਾਂ ਦੀ ਭਗਤੀ ਤੇ ਪੂਜਾ ਸੀ ਤੇ ਬਾਦਸ਼ਾਹ ਹੀ ਉਨ੍ਹਾਂ ਦਾ ਭਗਵਾਨ ਸੀ। ਪਰਜਾ ਗ਼ਰੀਬ ਤੇ ਦੁਖਿਆਰੀ ਹੋਣ ਕਰਕੇ ਆਤੁਰ ਸੀ। ਘਰਾਂ ਵਿਚ ਗ਼ਰੀਬੀ ਹੋਣ ਕਰਕੇ ਭੱਖ ਲਾਉਂਦੇ ਸਨ। ਭੁੱਖ ਦੇ ਦੁੱਖ ਦੇ ਦੁਖਾਏ ਹੋਏ ਲੋਕ ਵਿਲ੍ਹੂੰ ਵਿਲ੍ਹੂੰ ਕਰਦੇ ਸਨ, ਚਿਹਰਿਆਂ ਤੇ ਮੁਰਦੇਹਾਣੀ ਦਾ ਰਾਜ ਸੀ। ਬਾਚੀਆਂ ਵਿਚ ਵੜੀਆਂ ਹੋਈਆਂ ਤੇ ਤੁਰਨ ਲੱਗਿਆਂ ਦੇ ਗੋਡੇ ਭਿੜਦੇ ਸਨ। ਖ਼ੁਸ਼ੀ ਕਿਤੇ ਪਰ ਲਾ ਕੇ ਉਡ ਚੁਕੀ ਸੀ। ਖੇਤੀਬਾੜੀ ਦਾ ਕੰਮ ਹੋਣ ਕਰਕੇ ਜਦੋਂ ਕਿਤੇ ਮੀਂਹ ਦੀ ਲੋੜ ਪੈਂਦੀ ਸੀ ਤਾਂ ਬਾਦਸ਼ਾਹ ਅੱਗੇ ਜਾ ਮੱਥੇ ਰਗੜਦੇ ਸਨ। ਉਹ ਮੰਤ੍ਰ ਪੜ੍ਹ ਕੇ ਅਸਮਾਨ ਵੱਲ ਫੂਕਾਂ ਮਾਰਦਾ ਤੇ ਕਦੇ ਨਾ ਕਦੇ ਮੀਂਹ ਵਰ੍ਹ ਜਾਂਦਾ, ਜਿਸ ਕਰਕੇ ਬਾਦਸ਼ਾਹ ਦੇ ਰੱਬ-ਪੁਣੇ ਦਾ ਭਰਮ ਬਣਿਆ ਰਹਿੰਦਾ।

ਸੱਚੇ ਗ਼ਰੀਬ ਨਿਵਾਜ਼ ਪਿਤਾ ਨੂੰ ਮੁਨਾਫ਼ਿਕ ਦੇਸ਼ ਦੇ ਗ਼ਰੀਬਾਂ ਉਤੇ ਦਇਆ ਆ ਗਈ, ਜਿਸ ਕਰਕੇ ਓਸ ਦੇਸ਼ ਦੇ ਸੁੱਤੇ ਹੋਏ ਭਾਗ ਜਗਾਉਣ ਲਈ ਉਥੇ ਜਾ ਬਿਰਾਜੇ ਤੇ ਇਕ ਜ਼ਿਮੀਂਦਾਰ ਦੇ ਖੇਤ ਦੇ ਬੰਨੇ ਤੇ ਜਾ ਡੇਰਾ ਲਾਇਆ ਤੇ ਲੱਕੜੀਆਂ ਇਕੱਠੀਆਂ ਕਰ ਕੇ ਧੂੰਆਂ ਲਾ ਦਿੱਤਾ। ਜੋ ਸਤਿ ਸੰਗਤ ਦੀ ਰੀਤੀ ਨੂੰ ਨਹੀਂ ਜਾਣਦੇ ਸਨ, ਪ੍ਰਮਾਰਥੋਂ ਭੁੱਲ ਕੇ ਜਨਮ ਮਰਨ ਦੀਆਂ ਭੁਵਾਟਣੀਆਂ ਵਿਚ ਪਏ ਹੋਏ ਸਨ, ਉਨ੍ਹਾਂ ਦੇ ਭਲੇ ਹਿਤ ਸ੍ਰੀ ਗੁਰੂ ਜੀ ਨੇ ਜਾ ਕੌਤਕ ਰਚਾਇਆ, ਜਿਸ ਦਾ ਜ਼ਿਕਰ ਨਾਨਕ ਪ੍ਰਕਾਸ਼ ਪੋਥੀ ਵਿਚ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਨੇ ਇਉਂ ਕਥਨ ਕੀਤਾ ਹੈ:

**ਜਿਹ ਨਾਮ ਮੁਨਾਫਿਕ ਦੇਸ਼ ਅਹੈ।**<br>
**ਹਰਿ ਨਾਮ ਬਿਹੀਨ ਅਧੀਨ ਰਹੈ।**<br>
**ਸਤਿਸੰਗਤ ਰੀਤਿ ਨ ਕਾਨ ਸੁਨੀ।**<br>
**ਸਭ ਮੂਰਖ ਮਾਨਵ, ਕੋ ਨ ਗੁਨੀ।੩੦।**<br>
**ਕਰਤਾਰ ਨ ਜਾਨਹਿਂ ਕੌਨ ਕਹਾਂ।**<br>
**ਘਰ ਕਾਜ ਰਚੇ ਤਮ ਮੋਹ ਮਹਾਂ।**<br>
**ਭਗਤੀ ਬਿਨ ਭੂਲ ਭੁਵਾਰਿ ਪਰੇ।**<br>
**ਨਰ ਮੂਰਖ ਚੀਨ ਨ ਨਾਮ ਹਰੇ।੩੧।**<br>
**ਕਰੁਨਾਕਰ ਹੇਰਿ ਭਈ ਕਰੁਨਾ।**<br>
**ਇਸ ਦੇਸ਼ ਨ ਕੀਰਤਿ ਆਚਰਨਾ।**<br>
**ਪਰਲੋਕਹਿ ਕੀ ਸੁਧ ਏਕ ਨਹੀਂ।**

ਸਭ ਨਾਰਕ ਜਾਵਹਿੰ ਦੂਖ ਸਹੀ ।੩੨।
ਪਿਖਿ ਏਕ ਕਿਦਾਰ ਉਦਾਰ ਤਹਾਂ ।
ਗੁਰ ਬੈਠਿ ਗਏ ਤਟ ਤਾਂਹਿ ਜਹਾਂ ।
ਇਕਠਾ ਕਰਿ ਈਂਧਨ ਧੂਮ ਕਿਯੋਂ ।
ਦਰਵੇਸ਼ ਸੁ ਬੇਸ਼ ਸਰੀਰ ਲਿਯੋ ।੩੩।

ਜਿਸ ਦਿਨ ਤੋਂ ਸਤਿਗੁਰੂ ਜੀ ਨੇ ਏਥੇ ਡੇਰੇ ਲਾ ਲਏ ਸਨ, ਓਸ ਦਿਨ ਤੋਂ ਮੀਂਹ ਪੈਣਾ ਬੰਦ ਹੋ ਗਿਆ। ਜ਼ਿਮੀਂਦਾਰਾਂ ਦੀਆਂ ਖੇਤੀਆਂ ਸੁੱਕਣ ਲੱਗ ਪਈਆਂ। ਜ਼ਿੰਦਗੀ ਦਾ ਨਿਰਬਾਹ ਖੇਤੀ ਬਾੜੀ ਹੀ ਸੀ। ਹੋਰ ਕੋਈ ਕਾਰ ਰੁਜ਼ਗਾਰ ਨਾ ਹੋਣ ਕਰਕੇ ਲੋਕ ਬੜੇ ਘਬਰਾਏ ਤੇ ਅਸਮਾਨ ਵੱਲ ਅੱਖਾਂ ਲਾ ਦਿੱਤੀਆਂ, ਪਈ ਕਦੋਂ ਮੀਂਹ ਵਰ੍ਹਦਾ ਏ ਪਰ ਅਸਮਾਨੋਂ ਕਿਤੇ ਬੂੰਦ ਨਹੀਂ ਡਿਗਦੀ। ਦਿਨੋ ਦਿਨ ਖੇਤੀਆਂ ਸੁੱਕਦੀਆਂ ਨੇ ਜਿਨ੍ਹਾਂ ਦੇ ਨਾਲ ਲੋਕਾਂ ਦੇ ਸਾਹ ਵੀ ਸੁੱਕਦੇ ਜਾ ਰਹੇ ਹਨ। ਚਾਰੇ ਪਾਸੇ ਨਿਰਾਸਤਾ ਛਾ ਗਈ ਤੇ ਜੀਵਨ ਆਸਾਂ ਮੁੱਕਦੀਆਂ ਨਜ਼ਰ ਆਈਆਂ। ਚਾਰੇ ਪਾਸਿਓਂ ਨਿਰਾਸ ਹੋ ਕੇ ਲੋਕ ਬਾਦਸ਼ਾਹ ਪਾਸ ਜਾ ਪੁਕਾਰੇ ਤੇ ਸਾਰੀ ਵਿਥਿਆ ਸੁਣਾ ਕੇ ਬੇਨਤੀ ਕੀਤੀ, "ਐ ਸਾਡੇ ਪ੍ਰਭੂ ! ਕ੍ਰਿਪਾ ਕਰ ਕੇ ਮੀਂਹ ਦਾ ਦਾਨ ਦੇਹ। ਸਾਡੀਆਂ ਖੇਤੀਆਂ ਨਹੀਂ ਸਗੋਂ ਸਾਡੇ ਜੀਵਨ ਸੰਗਰਾਮ ਦਾ ਅੰਤ ਹੋ ਚੱਲਿਆ ਹੈ। ਪਾਣੀ ਨਾ ਮਿਲਣ ਦੇ ਕਾਰਨ ਖੇਤੀਆਂ ਸੁੱਕ ਕੇ ਘਾਸ ਫੂਸ ਬਣਦੀਆਂ ਜਾਂਦੀਆਂ ਹਨ। ਨਾ ਖੂਹ ਹੈ ਨਾ ਤਲਾਅ ਹੈ, ਪਾਣੀ ਦਾ ਕੋਈ ਉਪਾਅ ਨਹੀਂ, ਕੇਵਲ ਇੰਦਰ ਜਲ ਦੇ ਆਸਰੇ ਖੇਤੀ ਪੱਕਦੀ ਹੈ ਤੇ ਇੰਦਰ ਜਲ ਤੁਹਾਡੇ ਅਧੀਨ ਹੈ। ਸਾਡੇ ਤੇ ਤਰਸ ਖਾਉ, ਸਾਡੇ ਬੱਚਿਆਂ ਤੇ ਤਰਸ ਖਾਉ, ਸੁੱਕਦੀ ਜੀਵਨ ਵੇਲ ਨੂੰ ਹਰਿਆਂ ਕਰਨ ਲਈ ਇੰਦਰ ਨੂੰ ਆਗਿਆ ਦਿਉ ਕਿ ਜਲ ਥਲ ਕਰ ਦਏ।" ਪਰਜਾ ਪੁਕਾਰ ਸੁਣ ਕੇ ਪਰਜਾ ਦੇ ਮਾਲਕ ਨੇ ਮੰਤ੍ਰ ਪੜ੍ਹਿਆ, ਅਸਮਾਨ ਵੱਲ ਇਸ਼ਾਰਾ ਵੀ ਕੀਤਾ ਪਰ ਫਲ ਕੁਛ ਨਾ ਨਿਕਲਿਆ। ਦੂਜੀ ਵਾਰ ਪੜ੍ਹ ਕੇ ਵੀ ਬੜੀਆਂ ਫੂਕਾਂ ਮਾਰੀਆਂ ਪਰ ਬੇਅਰਥ। ਇਸੇ ਤਰ੍ਹਾਂ ਪਰਜਾ ਤਿੰਨ ਚਾਰ ਵਾਰੀ ਜਾ ਕੇ ਪੁਕਾਰੀ। ਰਾਜੇ ਨੇ ਬਥੇਰੇ ਮੰਤ੍ਰ ਪੜ੍ਹੇ ਤੇ ਤਸੱਲੀਆਂ ਦਿੱਤੀਆਂ ਪਰ ਕਾਰਜ ਸਿਧ ਨਾ ਹੋਇਆ ਜਿਸ ਕਰਕੇ ਲੋਕਾਂ ਦੀ ਰਹਿੰਦੀ ਖੂੰਹਦੀ ਆਸ ਵੀ ਨਿਰਾਸਤਾ ਵਿਚ ਬਦਲ ਗਈ। ਸ੍ਰੀ ਨਾਨਕ ਪ੍ਰਕਾਸ਼ ਵਿਚ ਕਥਨ ਹੈ ਕਿ :

ਜਿਸ ਬਾਸੁਰ ਤੇ ਗੁਰ ਬੈਠਿ ਗਏ ।
ਤਬ ਤੇ ਜਲ ਮੇਘ ਨ ਫੇਰ ਪਏ ।
ਕ੍ਰਿਸ਼ਿ ਸੂਕ ਚਲੀ ਬਿਨ ਨੀਰ ਜਬੈ ।
ਸਭਿ ਲੋਕ ਗਏ ਨ੍ਰਿਪ ਪਾਸ ਤਬੈ ।੩੬।
'ਬਰਖਾ ਬਿਨ ਸੂਕਤਿ ਖੇਤ ਹਰੇ ।
ਕਹੁ ਵਾਕ ਧਰਾ ਪਰ ਮੇਂਹੁ ਪਰੇ' ।
ਸੁਨਿ ਭੂਪ ਉਚਾਰਣ ਮੰਤ੍ਰ ਕਿਯੋ ।
ਕਹਿ ਬੈਨ ਰਹਯੋ ਨਹਿੰ ਮੇਂਹੁ ਪਯੋ ।੩੭।
ਨਰ ਤੀਸਰ ਬਾਸੁਰ ਫੇਰ ਗਏ ।
'ਸਭਿ ਲੋਕ ਚਹੈਂ ਨਹਿੰ ਮੇਂਹੁ ਪਏ ।
ਉਪਚਾਰ ਨ ਕੂਪ ਨਦੀ ਜਲ ਕੋ ।

ਨਿਤ ਆਸ ਅਕਾਸ਼ ਮਹੀਤਲ ਕੋ' ।੩੮।
ਸੁਨਿ ਭੂਪ ਕਹੇ ਨਹਿਂ ਚਿੰਤ ਕਰੋ।
ਬਰਖਾ ਬਰਖੈ ਉਰ ਧੀਰ ਧਰੋ।
ਤਬ ਮਾਨਵ ਜੋ ਨਿਜ ਐਨ ਗਏ।
ਪੁਨ ਦਯੋਸ ਛਿ ਸਾਤ ਬਿਤੀਤ ਭਏ ।੩੯।
ਬਹੁ ਬਾਰ ਅਰਾਧ ਰਹਯੋ ਮਘਵਾ।
ਨ੍ਰਿਪ ਤੇ ਨਹਿ ਬੂੰਦ ਪਰੈ ਲਘੁਵਾ।
ਉਰ ਧੀਰ ਟਰਾ ਨਰ ਚਿੰਤ ਗਹੇ।
ਕ੍ਰਿਸ਼ਿ ਸੂਕ ਚਲੇ ਨ ਉਪਾਵ ਅਹੇ ।੪੦।

ਰਾਜੇ ਦੇ ਕਈ ਜਤਨ ਕਰਨ ਤੇ ਵੀ ਮੀਂਹ ਦੀ ਅਣਹੋਂਦ ਨੇ ਖੇਤੀਆਂ ਸੁਕਾ ਦਿੱਤੀਆਂ। ਛੇ ਸੱਤ ਦਿਨ ਬੀਤ ਗਏ ਪਰ ਅਸਮਾਨ ਤੇ ਬੱਦਲ ਈ ਨਹੀਂ ਬਣਦੇ। ਸਿਆਣੇ ਲੋਕ ਕਦੇ ਬੱਦਲਾਂ ਦੀ ਚਾਲ ਨੂੰ ਦੇਖ ਕੇ ਆਖਦੇ ਨੇ ਪਈ ਅਜੇ ਬੱਦਲ ਚਾਲ ਨਹੀਂ ਬਣੀ, ਕਦੇ ਧਰਤੀ ਤੇ ਅਸਮਾਨ ਵੱਲ ਵੇਖ ਕੇ ਆਖਦੇ ਨੇ ਅਜੇ ਦੋਹਵਾਂ ਦਾ ਰੰਗ ਨਹੀਂ ਮਿਲਿਆ। ਆਪੋ ਆਪਣੀ ਬੁੱਧੀ ਨਾਲ ਸਾਰੇ ਅੰਦਾਜ਼ੇ ਲਾਉਂਦੇ ਨੇ ਪਰ ਸਾਰੇ ਅਸਫ਼ਲ ਹੀ ਨਿਕਲਦੇ ਹਨ। ਕਿਸੇ ਪਾਸਿਓਂ ਵੀ ਕੋਈ ਆਸ ਦੀ ਝਲਕ ਦਿਖਾਈ ਨਹੀਂ ਦਿੰਦੀ। ਨਿੱਕੇ ਬੱਚੇ ਵੀ ਪਾਣੀ ਤੋਂ ਬਿਨਾਂ ਫੁੱਲਾਂ ਵਾਂਗ ਕੁਮਲਾਏ ਜਾ ਰਹੇ ਹਨ। ਮਾਸੂਮ ਜਿਹੀਆਂ ਜਿੰਦਾਂ ਸਹਿਮ ਦੇ ਪੱਥਰ ਥੱਲੇ ਦੱਬੀਆਂ ਜਾ ਰਹੀਆਂ ਨੇ। ਉਦਾਸੇ ਬੱਚਿਆਂ ਨੂੰ ਆਸ ਦੀਆਂ ਤਾਰਾਂ ਨਾਲ ਜੋੜਨ ਲਈ ਮਾਂ ਬਾਪ ਯਤਨਾਂ ਵਿਚ ਜੁੜੇ ਹੋਏ ਨੇ। ਜਿਸ ਜ਼ਿਮੀਂਦਾਰ ਦੇ ਬੰਨੇ ਸੱਚਾ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਬਿਰਾਜ ਗਿਆ ਹੈ ਉਸਦੀ ਹਾਲਤ ਦਰਦੀਲੀ ਹੈ, ਜਿਸਨੂੰ ਅੱਖਰਾਂ ਤੇ ਸ਼ਬਦਾਂ ਨਾਲ ਮੂਰਤੀਮਾਨ ਕਰਨਾ ਕਠਨ ਹੈ। ਚਿੰਤਾਜਨਕ ਵਿਚਾਰਾਂ ਦੇ ਬੋਝ ਹੇਠਾਂ ਦਬੇ ਹੋਏ ਗ਼ਰੀਬ ਨੂੰ ਦੇਖ ਕੇ ਗ਼ਰੀਬ ਨਿਵਾਜ਼ ਨੇ ਇਓਂ ਬਚਨ ਅਲਾਪੇ:

ਜਿਹ ਖੇਤ ਸਮੀਪ ਗੁਰੂ ਬਰ ਦਾ।
ਤਿਹ ਮਾਲਿਕ ਆਇ ਬਿਸੂਰਿ ਸਦਾ।
ਘਟ ਕੀ ਲਖਿਕੈ ਗੁਰ ਬੈਨ ਭਨੰ।
'ਚਿਤ ਮੈਂ ਬਹੁ ਚਿੰਤ ਭਯੋ ਬਿਮਨੰ ।੪੧।
ਕਹੁ ਕਾਰਨ ਕੌਨ ਤੁਮੈ ਦੁਖ ਕੋ।
ਦਿਲਗੀਰ ਦਿਖੋ, ਨ ਖੁਸ਼ੀ ਮੁਖ ਕੋ'।
'ਸੁਨਿ ਸੰਤ ! ਕਹੋਂ ਬਿਰਥਾ ਮਨ ਕੀ।
ਸਭਿ ਆਸ ਤਜੀ ਜਗ ਜੀਵਨ ਕੀ' ।੪੨।

ਸਤਿਗੁਰਾਂ ਦੇ ਪੁੱਛਣ ਤੇ ਜ਼ਿਮੀਂਦਾਰ ਨੇ ਨਿਰਾਸ਼ਾ ਭਰੇ ਦਿਲ ਨਾਲ ਉੱਤਰ ਦਿੱਤਾ ਕਿ ਸੰਤ ਜੀ! ਸਾਡੇ ਜੀਵਨ ਦੀ ਆਸ ਖ਼ਤਮ ਹੋ ਚੁਕੀ ਹੈ। ਚਾਰੇ ਪਾਸੇ ਨਿਰਾਸ਼ਾ ਚੱਕਰ ਲਾ ਰਹੀ ਹੈ। ਖੇਤੀ ਹੀ ਸਾਡਾ ਜੀਵਨ ਸਹਾਰਾ ਹੈ, ਜੋ ਕਿ ਜੜ੍ਹ ਮੂਲ ਤੋਂ ਸੁੱਕਦੀ ਜਾ ਰਹੀ ਹੈ। ਜਿਸ ਦੇ ਨਾਲ ਈ ਸਾਡੇ ਜੀਵਨ ਸੁੱਕਦੇ ਤੇ ਸੜਦੇ ਜਾ ਰਹੇ ਨੇ। ਆਪਣੇ ਭਗਵਾਨ ਦੀ ਅਰਾਧਨਾ ਕਰ ਕੇ ਥੱਕ ਗਏ ਹਾਂ, ਫਲ ਪ੍ਰਾਪਤ ਨਹੀਂ ਹੋਇਆ। ਕੀ ਕੀਤਾ ਜਾਏ,

ਰਾਜਾ ਸਮੇਤ ਜੋ ਸਾਡਾ ਭਗਵਾਨ ਹੈ ਉਦਾਸ ਹੈ ? ਕੋਈ ਉਪਾਅ ਨਹੀਂ ਜਿਸ ਨਾਲ ਮਨ ਨੂੰ ਧੀਰਜ ਆਵੇ। ਜ਼ਿਮੀਂਦਾਰ ਦੀਆਂ ਦੁੱਖ ਭਰੀਆਂ ਗੱਲਾਂ ਸੁਣ ਕੇ ਕਰਤਾਰ ਦੇ ਲੜ ਲਾਉਣ ਵਾਲੇ ਬਾਬੇ ਨੇ ਹੁਕਮ ਕੀਤਾ ਕਿ :

**ਗੁਰ ਵਾਕ ਕਹੇ 'ਕਰਤਾਰ ਭਜੋ।**
**ਛਿਤਿਪਾਲਕ ਕੀ ਸ਼ਰਧਾ ਸੁ ਤਜੋ।**
**ਬਹੁ ਬਾਰਿ ਪਰੇ ਧਰ ਮੇਂਹੁ ਮਹਾਂ।**
**ਅਤਿ ਹੋਵਹਿ ਅੰਨ ਜਿਤੋ ਜਿ ਚਹਾ' ।੪੬।**

ਸਤਿਗੁਰਾਂ ਫ਼ੁਰਮਾਇਆ ਕਿ ਰਾਜੇ ਦੀ ਆਸ ਛੱਡ ਕੇ ਕਰਤਾਰ ਦਾ ਸਿਮਰਨ ਕਰੋ ਜੋ ਸਾਰੇ ਜਗਤ ਦਾ ਪਾਲਕ ਤੇ ਮਾਲਕ ਹੈ। ਸਾਰੇ ਸੰਸਾਰ ਦੇ ਜੀਵਾਂ ਤੇ ਪਾਣੀ ਅੰਦਰ ਵੱਸਣ ਵਾਲੇ ਮੱਛ ਕੱਛ ਆਦਿਕਾਂ ਦਾ ਪਾਲਣਹਾਰਾ ਹੈ, ਉਹ ਕਰਤਾਰ ਕਰੁਣਾਮੈ, ਕਰੁਣਾ ਕਰ ਕੇ ਕਾਰਜ ਸਿਧ ਕਰ ਦਿੰਦਾ ਏ। ਤੁਸੀਂ ਉਸਨੂੰ ਭੁੱਲ ਕੇ ਭਟਕਦੇ ਫਿਰਦੇ ਹੋ। ਜਿਸ ਕਾਰਨ ਕਸ਼ਟਾਂ ਕਲੇਸ਼ਾਂ ਦੀ ਕੁੜਿੱਕੀ ਵਿਚ ਕੱਸੇ ਪਏ ਹੋ। ਜੇ ਕਰਤਾਰ ਦੀ ਅਰਾਧਨਾ ਕਰੋ ਤਾਂ ਸਾਰੇ ਕਸ਼ਟ ਕੱਟੇ ਜਾ ਸਕਦੇ ਹਨ। ਬਾਬੇ ਦੇ ਬਚਨ ਸੁਣ ਕੇ ਜ਼ਿਮੀਂਦਾਰ, ਅਗਿਆਨ-ਅੰਧੇਰੇ ਵਿਚ ਰਸਤਿਉਂ ਭੁੱਲਾ ਹੋਇਆ ਤੇ ਪੈਂਤੜਿਓਂ ਥਿੜਕਿਆ ਹੋਇਆ ਬੋਲਿਆ ਕਿ :

**'ਕਰਤਾਰ ਸੁ ਕੋ ? ਤਿਹ ਧਾਮ ਕਹਾਂ ?**
**ਨਹਿੰ ਕਾਨ ਸੁਨਯੋ, ਨਹਿੰ ਨੈਨ ਲਹਾ।**
**ਇਸ ਦੇਸ਼ ਕਬੈ ਨਹਿੰ ਆਇ ਰਹਾ।**
**ਨਹਿੰ ਦਾਨ ਕਿਸੂ ਤਿਹ ਦੀਨ ਅਹਾ' ।੪੭।**

ਜਿਸਨੂੰ ਤੁਸੀਂ ਕਰਤਾਰ ਆਖਦੇ ਹੋ, ਉਹ ਕੌਣ ਹੈ ? ਅਸਾਂ ਤਾਂ ਉਸਨੂੰ ਕਦੇ ਕੰਨਾਂ ਨਾਲ ਸੁਣਿਆ ਵੀ ਨਹੀਂ ਤੇ ਨਾ ਹੀ ਕਦੇ ਉਸ ਦੇ ਦਰਸ਼ਨ ਕੀਤੇ ਹਨ। ਉਹ ਸਾਡੇ ਦੇਸ਼ ਕਦੇ ਆਇਆ ਨਹੀਂ ਤੇ ਨਾ ਉਸਨੇ ਕਦੇ ਕਿਸੇ ਨੂੰ ਕੁਛ ਦਾਨ ਹੀ ਦਿੱਤਾ ਹੈ। ਸਾਡਾ ਭਗਵਾਨ ਤਾਂ ਸਾਡਾ ਰਾਜਾ ਹੈ। ਜੋ ਸਭ ਨੂੰ ਦਰਸ਼ਨ ਦੇ ਕੇ ਨਿਵਾਜਦਾ ਤੇ ਲੋੜ ਪੈਣ ਵੇਲੇ ਦਾਨ ਦੇ ਕੇ ਸਾਡੀ ਲੋੜ ਪੂਰੀ ਕਰਦਾ ਏ। ਉਸ ਤੋਂ ਬਿਨਾਂ ਅਸੀਂ ਕਿਸੇ ਦੂਜੇ ਨੂੰ ਜਾਣਦੇ ਵੀ ਨਹੀਂ। ਭਰਮ ਭੁਲੇਖੇ ਦੇ ਭਰਮਾਏ ਹੋਏ ਭੁੱਲੜ ਪੁਰਸ਼ ਦੇ ਅਟਪਟੇ ਵਾਕ ਸੁਣ ਕੇ, ਜਗਤ ਦੇ ਹਨੇਰੇ ਨੂੰ ਦੂਰ ਕਰਨ ਵਾਲੇ ਸੱਚੇ ਪਿਤਾ ਗ਼ਰੀਬ ਨਿਵਾਜ਼ ਗੁਰਦੇਵ ਜੀ ਨੇ ਮੁਸਕਰਾ ਕੇ ਇਉਂ ਉਚਾਰਨ ਕੀਤਾ ਕਿ :

**ਬਿਕਸੇ ਮੁਖ ਸ੍ਰੀ ਪ੍ਰਭੁ ਬੈਨ ਕਹਾ।**
**'ਸਭਿ ਹੀ ਘਟ ਪੂਰਨ ਬਯਾਪ ਰਹਾ।**
**ਸਿਮਰੇ ਉਰ ਹਾਜ਼ਰ ਹੋਤ ਸਦਾ।**
**ਭਗਵੰਤ ਅਨੰਤ ਨ ਆਇ ਕਦਾ ।੪੮।**

**ਪਾਧੜੀ ਛੰਦ ॥**
**ਜੁ ਜੜ ਜੰਗਮ ਕੋ ਦੇਤਿ ਦਾਨ।**
**ਜਿਹ ਦੇਵ ਦੈਤ ਜਾਚਹਿੰ ਮਹਾਨ।**

ਬ੍ਰਹਮੰਡ ਖੰਡ ਜਿਨ ਸਿਰਜਿ ਦੀਨ।
ਤਹਿੰ ਸਿਮਰ ਹੋਇੰ ਸਭਿ ਕਸ਼ਟ ਛੀਨ।੪੯।
ਭਜਿ ਨਾਮ ਤਾਂਹਿ ਬਰਖਾ ਸੁ ਦੇਯ।
ਅਨਤੋਟ ਅੰਨ ਸੁਖਸਾਰ ਲੇਯ।
ਸੁਨ ਕ੍ਰਿੱਸ਼ਿਕਾਰ ਤਬ ਕਹਿਤਿ ਬੈਨ।
'ਤਿਸ ਕੀ ਪਛਾਨ ਇਸ ਦੇਸ਼ ਹੈ ਨ।੫੦।
ਅਬ ਹੀ ਸੁਨਾ ਤੁਮ ਮੁਖ ਦੁਆਰ।
ਨਹਿੰ ਆਗੈ ਹਜਾਂ ਕਿਨਹੂੰ ਉਚਾਰ।
ਤਿਹ ਮੁਖ ਦਿਖਾਉ ਨਿਜ ਨੈਨ ਦੇਖਿ।
ਸਿਮਰੰਨ ਕਰੋਂ ਨਿਸ ਦਿਨ ਵਿਸ਼ੇਖ'।੫੧।

ਉਹ ਪਰੀਪੂਰਨ ਕਰਤਾ ਸਭ ਘਟ ਬਿਆਪ ਰਿਹਾ ਹੈ। ਜੋ ਉਸਨੂੰ ਸਿਮਰਦਾ ਹੈ, ਉਸ ਨੂੰ ਹਾਜ਼ਰਾ ਹਜ਼ੂਰ ਹੋ ਕੇ ਦਰਸ਼ਨ ਦਿੰਦਾ ਹੈ। ਉਸ ਬੇਅੰਤ ਦਾ ਕਿਸੇ ਨੂੰ ਅੰਤ ਨਹੀਂ ਆਇਆ, ਉਹ ਪਰ੍ਹੇ ਤੋਂ ਪਰ੍ਹੇ ਹੈ ਤੇ ਨੇੜੇ ਤੋਂ ਨੇੜੇ ਹੈ। ਜੋ ਇਕ ਥਾਂ ਖਲੋਤੇ ਰਹਿਣ ਵਾਲੇ ਰੁੱਖ ਬਿਰਖ ਆਦਿਕਾਂ ਤੇ ਊਚ ਨੀਚ ਨੂੰ ਦਾਨ ਦਿੰਦਾ ਹੈ। ਜਿਸ ਨੂੰ ਦੇਵ ਤੇ ਦੈਂਤ ਵੀ ਲੋਚਦੇ ਹਨ। ਜਿਸ ਨੇ ਸਾਰਾ ਬ੍ਰਹਿਮੰਡ ਤੇ ਨੌਂ ਖੰਡ ਪ੍ਰਿਥਵੀ ਸਾਜ ਕੇ ਆਪਣੀ ਸ਼ਕਤੀ ਪ੍ਰਗਟ ਕੀਤੀ ਹੈ। ਉਸ ਕਰਤਾ ਪੁਰਖ ਨੂੰ ਸਿਮਰਨ ਕਰ, ਤੇਰੇ ਸਾਰੇ ਕਸ਼ਟ ਕੱਟੇ ਜਾਣਗੇ। ਜੇ ਉਸ ਪ੍ਰਭੂ ਦਾ ਭਜਨ ਕਰੇਂਗਾ ਤਾਂ ਉਹ ਮੀਂਹ ਪਾਵੇਗਾ, ਜਿਸ ਕਾਰਨ ਅੰਨ ਅਤਿਅੰਤ ਪੈਦਾ ਹੋਵੇਗਾ ਤੇ ਸੁਖ ਵੀ ਮਹਾਨ ਮਿਲੇਗਾ।

SIKHBOOKCLUB.COM

ਸ੍ਰੀ ਸਤਿਗੁਰੂ ਜੀ ਦੇ ਪਾਵਨ, ਪਿਆਰੇ ਅਤੇ ਮਨ-ਮੋਹਣੇ ਬਚਨ ਸੁਣ ਕੇ ਜ਼ਿਮੀਂਦਾਰ ਨੇ ਉੱਤਰ ਦਿਤਾ, "ਐ ਸੰਤ ਜੀ ਮਹਾਰਾਜ! ਜਿਸ ਕਰਤਾ ਪੁਰਖ ਦੀ ਕੀਰਤੀ ਕਰਦੇ ਹੋ, ਉਸ ਦੀ ਇਸ ਦੇਸ਼ ਵਿਚ ਪਛਾਣ ਹੀ ਨਹੀਂ। ਤੁਹਾਡੇ ਤੋਂ ਪਹਿਲੇ ਕਦੇ ਕਿਸੇ ਪੁਰਸ਼ ਨੇ ਉਸ ਦਾ ਨਾਮ ਸਾਨੂੰ ਦੱਸਿਆ ਤੇ ਸੁਣਾਇਆ ਈ ਨਹੀਂ। ਅੱਜ ਪਹਿਲਾ ਦਿਨ ਹੈ ਕਿ ਆਪ ਜੀ ਦੇ ਮੁੱਖ ਤੋਂ ਉਸ ਦਾ ਨਾਮ ਸੁਣਿਆ ਹੈ। ਸੋ ਤੁਸੀਂ ਕ੍ਰਿਪਾ ਕਰ ਕੇ ਪਹਿਲਾਂ ਉਸਦਾ ਦਰਸ਼ਨ ਕਰਾਉ ਤਾਂ ਕਿ ਮੈਂ ਆਪਣੀਆਂ ਅੱਖਾਂ ਨਾਲ ਦੇਖ ਲਵਾਂ ਤੇ ਨਿਸਚਾ ਹੋ ਜਾਏ ਕਿ ਸੱਚ ਮੁਚ ਕਰਤਾ ਪੁਰਖ ਜ਼ਰੂਰ ਹੈ ਤੇ ਉਸਦਾ ਸਿਮਰਨ ਕਰਨ ਨਾਲ ਦਰਸ਼ਨ ਹੋ ਸਕਦਾ ਹੈ। ਜੇ ਦਰਸ਼ਨ ਕਰਵਾ ਦਿਉ ਤਾਂ ਮੈਂ ਇਕਰਾਰ ਕਰਦਾ ਹਾਂ ਕਿ ਮੈਂ ਦਿਨ ਰਾਤ ਉਸ ਦਾ ਸਿਮਰਨ ਕਰਾਂਗਾ।" ਜ਼ਿਮੀਂਦਾਰ ਦੇ ਬੇਸਮਝੀ ਭਰੇ ਅਸਿਧਾਂਤਕ ਬਚਨ ਸੁਣ ਕੇ ਸਤਿਗੁਰੂ ਮੁਸਕਰਾਏ ਵੀ ਤੇ ਉਸਦੀ ਬੁੱਧੀ ਦਾ ਅਫ਼ਸੋਸ ਵੀ ਕੀਤਾ, ਸੋਚਾਂ ਸੋਚੀਆਂ ਕਿ ਜਗਤ ਅਗਿਆਨ-ਵੱਸ ਹੋ ਕੇ, ਕੁਰਾਹੇ ਪੈ ਕੇ ਭੁੱਲਾ ਭਟਕਾ, ਜੀਵਨ-ਜਾਚ ਖੋ ਬੈਠਾ ਹੈ। ਉੱਚੀਆਂ ਉਡਾਰੀਆਂ ਲਾਉਣ ਵਾਲੇ ਅਕਲ ਦੇ ਪਰ ਕਟਵਾ ਚੁੱਕਾ ਏ। ਜਗਤ-ਕਰਤਾ ਦੇ ਬਾਰੇ ਇਸ ਦੇ ਵਿਚਾਰ ਗੂੰਗੇ ਤੇ ਲੰਗੜੇ ਹੋ ਗਏ ਹਨ। ਮਾਇਆ ਦੇ ਧੁੰਦਲੇ ਪੜਦੇ ਨੇ ਅੰਦਰਲੀ ਕੋਠੜੀ ਦਾ ਚਾਨਣਾ ਢੱਕ ਲਿਆ ਹੈ। ਸੋ ਜਗਤ ਭਲਾਈ ਹਿਤ ਗੁਰਦੇਵ ਨੇ ਇਉਂ ਕਥਨ ਕੀਤਾ ਜਿਸਨੂੰ ਕਿ ਸ੍ਰੀ ਮਾਨ ਸੰਤੋਖ ਸਿੰਘ ਜੀ ਨੇ ਨਾਨਕ ਪ੍ਰਕਾਸ਼ ਵਿਚ ਇਸ ਪ੍ਰਕਾਰ ਕਥਨ ਕੀਤਾ ਹੈ ਕਿ :

ਗੁਰ ਕਹੈਂ 'ਨ ਦੇਖਯੋ ਜਾਇ ਸੋਇ।
ਸਿਮਰੰਨ ਕਰੋ ਇਛ ਪੂਰ ਹੋਇ।
ਕੁਦਰਤੀ ਸੰਗ ਜਾਨਯੋ ਸੁ ਜਾਇ।
ਨਹਿੰ ਅਪਨ ਆਪ ਕਿਸਹੂੰ ਲਖਾਇ'।੫੨।

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਸ੍ਰੀ ਮੁਖ ਤੋਂ ਫ਼ੁਰਮਾਇਆ ਕਿ ਇਨ੍ਹਾਂ ਜ਼ਾਹਰੀ ਅੱਖਾਂ ਨਾਲ ਉਹ ਦੇਖਿਆ ਨਹੀਂ ਜਾ ਸਕਦਾ। ਜੇ ਸਿਮਰਨ ਕਰੀਏ ਤਾਂ ਸਾਰੀਆਂ ਇਛਾਵਾਂ ਪੂਰਨ ਕਰ ਦਿੰਦਾ ਹੈ। ਉਸਦੀ ਕੁਦਰਤ ਰਾਹੀਂ ਉਸਨੂੰ ਦੇਖਿਆ ਜਾ ਸਕਦਾ ਹੈ। ਨਹੀਂ ਤੇ ਉਹ ਆਪਣਾ ਆਪ ਕਿਸੇ ਨੂੰ ਦੱਸਦਾ ਨਹੀਂ। ਕਿੰਨਾ ਸੁੰਦਰ ਤੇ ਸਮਝਾਊ ਇਸ਼ਾਰਾ ਹੈ ਕਿ ਅੰਦਰ ਦੀਆਂ ਅੱਖਾਂ ਨਾਲ ਉਸਦੀ ਕੁਦਰਤ ਵਿੱਚੋਂ ਉਸ ਨੂੰ ਦੇਖੋ। ਅੰਦਰ ਦੀਆਂ ਅੱਖਾਂ ਲਈ ਦਿਲ ਦਾ ਸ਼ੀਸ਼ਾ ਸਾਫ਼ ਕਰੋ। ਜਦ ਤਕ ਸ਼ੀਸ਼ਾ ਧੁੰਦਲਾ ਹੈ, ਸੂਰਤ ਸਾਫ਼ ਨਜ਼ਰ ਆ ਹੀ ਨਹੀਂ ਸਕਦੀ। ਭਾਈ ਗੁਰਦਾਸ ਜੀ ਦਾ ਕਥਨ ਹੈ:

ਜਿਉਂ ਕਰ ਨਿਰਮਲ ਆਰਸੀ, ਸਭਾ ਸੁਧ ਸਭ ਕੋਈ ਦੇਖੈ।
ਗੋਰਾ, ਗੋਰੇ ਦਿਸਦਾ ਕਾਲਾ, ਕਾਲੇ ਵੰਨ ਵਿਸੇਖੈ।
ਹਸਿ ਹਸਿ ਦੇਖੈ ਹਸਤ ਮੁਖ, ਰੋਂਦਾ ਰੋਵਣਹਾਰੁ ਸੁਲੇਖੈ।
ਲੇਪੁ ਨ ਲਾਗੈ ਆਰਸੀ, ਛਿਅ ਦਰਸਨੁ ਦਿਸਨਿ ਬਹੁ ਭੇਖੈ।
ਦੁਰਮਤਿ ਦੂਜਾ ਭਾਉ ਹੈ, ਵੈਰੁ ਵਿਰੋਧੁ ਕਰੋਧ ਕੁਲੇਖੈ।
ਗੁਰਮਤਿ ਨਿਰਮਲੁ ਨਿਰਮਲਾ, ਸਮਦਰਸੀ ਸਮਦਰਸ ਸਰੇਖੈ।
ਭਲਾ ਬੁਰਾ ਹੋਇ ਰੂਪ ਨ ਰੇਖੈ।੬। *(ਵਾਰ ੩੧, ਪਉੜੀ ੬)*

ਜਿਸ ਤਰ੍ਹਾਂ ਨਿਰਮਲ ਸ਼ੀਸ਼ੇ ਨੂੰ ਸਾਰਾ ਜੱਗ ਦੇਖਦਾ ਹੈ। ਉਚ, ਨੀਚ, ਪੁੰਨੀ, ਪਾਪੀ, ਸ਼ਾਹ, ਕੰਗਾਲ ਕੋਈ ਵੀ ਹੈ, ਸ਼ੀਸ਼ੇ ਨੂੰ ਸਭ ਦੇਖਦੇ ਹਨ। ਦੇਖਣ ਵਾਲੇ ਦੀ ਸ਼ਕਲ ਜਿਸ ਤਰ੍ਹਾਂ ਦੀ ਹੈ, ਉਸੇ ਤਰ੍ਹਾਂ ਦੀ ਸ਼ੀਸ਼ੇ ਵਿਚ ਨਜ਼ਰ ਆ ਜਾਂਦੀ ਹੈ, ਜੇ ਵੇਖਣ ਵਾਲਾ ਹੱਸਦਾ ਹੋਵੇ ਤਾਂ ਉਸ ਨੂੰ ਹੱਸਦੀ ਸ਼ਕਲ ਨਜ਼ਰ ਆਵੇਗੀ, ਪਰ ਜੇ ਰੋਂਦਾ ਹੈ ਤਾਂ ਰੋਂਦੀ ਈ ਦਿਸੇਗੀ, ਇਸ ਵਿਚ ਸ਼ੀਸ਼ੇ ਦਾ ਕੋਈ ਦੋਸ਼ ਨਹੀਂ। ਜੇ ਗੋਰੇ ਰੰਗ ਵਾਲਾ ਵੇਖੇ ਤਾਂ ਉਸਨੂੰ ਅੱਗੋਂ ਵੀ ਗੋਰੀ ਸੂਰਤ ਦਿਸ ਆਵੇਗੀ। ਜੇ ਕਾਲਾ ਵੇਖੇ ਤਾਂ ਕਾਲੀ ਮੂਰਤ ਦ੍ਰਿਸ਼ਟੀ ਪਵੇਗੀ। ਅੱਖਾਂ ਤੇ ਕਾਲੇ ਰੰਗ ਦੀ ਐਨਕ ਹੋਵੇ ਤਾਂ ਸਾਰੀ ਦੁਨੀਆਂ ਈ ਕਾਲੀ ਦਿਸਦੀ ਹੈ। ਹਰੇ ਰੰਗ ਦੀ ਐਨਕ ਵਿੱਚੋਂ ਸਾਰਾ ਸੰਸਾਰ ਹਰਿਆ ਭਰਿਆ ਦਿਸਦਾ ਏ। ਜਿਸ ਦੇ ਦਿਲ ਦਾ ਸ਼ੀਸ਼ਾ ਕਾਲਾ ਤੇ ਗੰਦਾ ਹੈ, ਉਸ ਨੂੰ ਕਰਤੇ ਦੇ ਦਰਸ਼ਨ ਕਿਵੇਂ ਹੋ ਸਕਦੇ ਹਨ? ਦਿਲ ਦੇ ਸ਼ੀਸ਼ੇ ਨੂੰ ਦਿਲ ਦੇ ਵਿਚਾਰ ਹੀ ਗੰਦਾ ਕਰਦੇ ਹਨ ਤੇ ਖ਼ਿਆਲ ਹੀ ਸਾਫ਼ ਕਰ ਦਿੰਦੇ ਹਨ।

ਜਿਹੜਾ ਮਨੁੱਖ ਦਿਲ ਦੀ ਦੁਵਰਕੀਆ ਕਿਤਾਬ ਨੂੰ ਪੜ੍ਹਨਾ ਨਹੀਂ ਜਾਣਦਾ, ਉਹ ਦੂਜੇ ਦਿਲ ਦੇ ਦੁੱਖ ਦਰਦ ਨੂੰ ਨਹੀਂ ਜਾਣ ਸਕਦਾ। ਇਹ ਕੰਮ ਦਿਲ ਦੀ ਦੁਨੀਆਂ ਦੇ ਜਾਣੂੰ ਲੋਕਾਂ ਦਾ ਹੈ। ਕਿਸੇ ਦਰਵੇਸ਼ ਨੇ ਕਿੰਨਾ ਸੁੰਦਰ ਆਖਿਆ ਹੈ ਕਿ:

ਨਕਦ ਉਲਫ਼ਤ ਕੇ ਸਿਵਾ, ਦਾਮੋਦਿਰਮ ਰਖਤੇ ਨਹੀਂ।
ਦੌਲਤੇ ਦਿਲ ਹੈ ਮਗਰ, ਕਬਜ਼ਾ ਮੇਂ ਹਮ ਰਖਤੇ ਨਹੀਂ।
ਕੂਚਾਇ ਮੁਰਸ਼ਦ ਸੇ, ਬੇਹਤਰ ਹੈ ਠਿਕਾਨਾ ਕੌਨ ਸਾ।

**ਬਾਗ਼ੇ ਜੱਨਤ ਬੀ ਮਿਲੇ, ਤੋ ਹਮ ਕਦਮ ਰਖਤੇ ਨਹੀਂ।**
**ਜਿਨ ਕੇ ਦਿਲ ਮੇਂ ਦਰਦ ਹੈ, ਜੋ ਦਰਦ ਸੇ ਆਗਾਹ ਹੈਂ।**
**ਭੂਲ ਕਰ ਭੀ ਵੋਹ ਰਵਾ, ਜ਼ੁਲਮੋਂ ਸਿਤਮ ਰਖਤੇ ਨਹੀਂ।**

ਦਿਲ ਦੀ ਦੁਨੀਆਂ ਦੇ ਜਾਣੂੰ ਪੁਕਾਰ ਪੁਕਾਰ ਕੇ ਆਖਦੇ ਹਨ ਕਿ ਦਿਲ ਤੋਂ ਖ਼ਾਲੀ ਰਹਿਣ ਵਾਲੇ ਆਦਮੀਓਂ :

**ਖ਼ੁਦਾ ਕੋ ਮਾਨੋ ਹੰਸੀ ਨ ਜਾਨੋ, ਨਾ ਮੇਰੇ ਦਿਲ ਪਰ ਜਫ਼ਾ ਕਰੋ ਤੁਮ।**
**ਹਿਲੇਗਾ ਅਰਸ਼ੇ ਬਰੀਂ ਕਾ ਪਾਇਆ, ਜ਼ਰਾ ਤੁ ਖ਼ੌਫ਼ੇ ਖ਼ੁਦਾ ਕਰੋ ਤੁਮ।**

ਪੀਰ ਬੁਲ੍ਹੇ ਸ਼ਾਹ ਨੇ ਜਦੋਂ ਦਿਲ ਦੀ ਦੁਨੀਆਂ ਦੇ ਰੰਗ ਵੇਖੇ, ਦਿਲ ਦੀ ਨਗਰੀ ਨੂੰ ਜੋਗੀ ਬਣ ਕੇ ਦੇਖਿਆ, ਦਿਲ ਦੇ ਅਥਾਹ ਸਾਗਰ ਵਿਚ ਤਾਰੀਆਂ ਲਾਈਆਂ, ਦਿਲ ਦੀ ਪੀਂਘ ਹੁਲਾਰੇ ਚਾੜ੍ਹ ਕੇ ਅਰਸ਼ੀ ਝੂਟਿਆਂ ਨੂੰ ਝੂਟਿਆ, ਦਿਲ ਦੇ ਬਗ਼ੀਚੇ ਦੇ ਸੁੰਦਰ ਫੁੱਲਾਂ ਦੀ ਸੁਗੰਧੀ ਨੂੰ ਸੁੰਘ ਕੇ ਦੇਖਿਆ ਤੇ ਬੋਲ ਉਠਿਆ ਕਿ :

(੧) **ਸਿਜਦੇ ਕਰਦਿਆਂ, ਘਸ ਗਏ ਮੱਥੇ।**
**ਨਾ ਰੱਬ ਤੀਰਥ, ਨਾ ਰੱਬ ਮੱਕੇ।**
**ਘਰ ਵਿਚ ਪਾਯਾ ਮਹਰਮ ਯਾਰ।**
**ਜਿਤ ਵੱਲ ਵੇਖਾਂ, ਯਾਰੋ ਯਾਰ।**

(੨) **ਭੱਠ ਨਮਾਜ਼ਾਂ ਤੇ ਚਿੱਕੜ ਰੋਜ਼ੇ, ਕਲਮੇ ਤੇ ਫਿਰ ਗਈ ਸਿਆਹੀ।**
**ਬੁਲ੍ਹੇ ਸ਼ਾਹ ਸ਼ਹੁ ਅੰਦਰੋਂ ਮਿਲਿਆ ਭੁਲੀ ਫਿਰੇ ਲੋਕਾਈ।**

SIKHBOOKCLUB.COM

ਦਿਲ ਦੀ ਦੁਨੀਆਂ ਵਸਾ ਚੁੱਕੇ ਕਿਸੇ ਦਰਵੇਸ਼ ਦਾ ਕਥਨ ਹੈ ਕਿ :

**ਤੂੰ ਢੂੰਡਤਾ ਕਿਧਰ ਹੈ ਫਿਰਤਾ, ਤੇਰਾ ਦਿਲਬਰ ਬਗਲ ਮੇਂ ਹੈ।**
**ਨਾ ਮੱਕਾ ਮੇਂ ਨਾ ਕਾਸ਼ੀ ਮੇਂ ਨਾ ਲੰਡਨ ਕੇ ਗਿਰਜਾ ਮੇਂ।**
**ਆਕਾਸ਼, ਮਾਟੀ, ਅਗਨ, ਵਾਯੂ ਨਾ ਜਲ ਮੇਂ ਹੈ।**
**ਦੂਈ ਕਾ ਛੋੜ ਦੇ ਦਾਮਨ, ਪਕੜ ਲੇ ਫ਼ਕਤ ਯੱਕਤਾ ਈ।**
**ਉਠਾ ਕਰ ਦੇਖ ਤੂੰ ਸ਼ੀਸ਼ਾ ਵੋਹ ਕਿਆ ਕੈਸੀ ਸ਼ਕਲ ਮੇਂ ਹੈ।**

ਦੂਈ ਦੇ ਪੜਦੇ ਨੂੰ ਪਾੜ ਕੇ ਇਕ ਤਾਈਂ ਹਾਸਲ ਕਰ ਲਵੇ, ਮੇਰਾ ਤੇਰਾ ਦੀ ਭਾਵਨਾ ਮਾਰ ਸੁੱਟੇ, ਵੈਰ ਵਿਰੋਧ ਨੂੰ ਵੰਞਾ ਦਏ, ਕਥਨੀ ਕਰਨੀ ਇਕ ਹੋ ਜਾਏ। ਰਾਗ, ਦਵੈਸ਼ ਤੇ ਈਰਖਾ ਉੱਕੀ ਹੀ ਨਸ਼ਟ ਕਰ ਕੇ ਮਨ ਦੇ ਮੈਦਾਨ ਨੂੰ ਸਾਫ਼ ਕਰੇ। ਇਸ ਦੇ ਟੋਏ ਟਿੱਬੇ ਢਾਹ ਕੇ ਪੱਧਰਾ ਕਰ ਸੁੱਟੇ ਤੇ ਆਰਫ਼ਾਂ ਦੀ ਦੁਨੀਆਂ ਵਿਚ ਡੇਰਾ ਲਾ ਕੇ, ਗਿਆਨ-ਝਰੋਖੇ ਵਿੱਚੋਂ ਬੁੱਧੀ ਦੀਆਂ ਅੱਖਾਂ ਨਾਲ ਵੇਖੇ ਤਾਂ ਕਰਤੇ ਦੇ ਚਮਕਾਰਿਆਂ ਨੂੰ ਚਮਕਦਾ ਦੇਖ ਸਕਦਾ ਏ।

ਭਾਈ ਨੰਦ ਲਾਲ ਜੀ ਦੀ ਵਸਾਈ ਹੋਈ ਦੁਨੀਆਂ, ਜੋ ਅਤਿ ਰੰਗੀਨ ਤੇ ਰਮਣੀਕ ਹੈ, ਜਿਸ ਦੇ ਸ਼ਹਿਰ ਬਜ਼ਾਰ ਸੁਹਾਵਣੇ ਤੇ ਰੌਣਕਵਾਨ ਹਨ, ਜਿਸਦੇ ਪਿੰਡਾਂ ਗਿਰਾਂਵਾਂ ਦੀਆਂ ਗਲੀਆਂ ਸਾਫ਼ ਤੇ ਸੁਥਰੀਆਂ ਹਨ, ਉਥੋਂ ਦੇ ਵਾਸੀਆਂ ਨੇ ਸੜੇਂਵਿਆਂ ਨੂੰ ਸਾੜ ਕੇ ਸੜਨਾਂ ਮੁਕਾ ਛੱਡੀਆਂ ਹਨ। ਉਹ ਹਸ੍ਹੂੰ ਹਸ੍ਹੂੰ ਕਰਦੀ ਦੁਨੀਆਂ ਕਿੰਨੀ ਪਿਆਰੀ ਹੋਵੇਗੀ, ਜਿਸ ਨੂੰ ਆਬਾਦ ਕਰਨ ਵਾਲੇ ਨੇ ਆਖਿਆ ਏ ਕਿ :

ਦਰਮਿਆਨਿ ਬਜ਼ਮਿ ਮਾ ਜੁਜ਼ ਕਿੱਸਾਇ ਜਾਨਾਨਾ ਨੀਸਤ,
ਬੇ-ਹਜਾਬ ਆ ਅੰਦਰੀਂ ਮਜਲਿਸ ਕਿ ਕਸਿ ਬੇਗਾਨਾ ਨੀਸਤ।
ਬਿਗੁਜ਼ਰ ਅਜ਼ ਬੇਗਾਨਗੀਹਾ ਓ ਬਖ਼ੁਦ ਆਸ਼ਨਾ ਸ਼ੌ,
ਹਰ ਕਿ ਬਾ ਖ਼ੁਦ ਆਸ਼ਨਾ ਸ਼ੁਦ ਅਜ਼ ਖ਼ੁਦਾ ਬੇਗਾਨਾ ਨੀਸਤ।
ਸ਼ੌਕਿ ਮੌਲਾ ਹਰ ਕਿ ਰਾ ਬਾਸ਼ਦ ਹਮਾਂ ਸਾਹਿਬ-ਦਿਲ ਅਸਤ,
ਕਾਰਿ ਹਰ ਦਾਨਾ ਨਾ ਬਾਸ਼ਦ ਕਾਰਿ ਹਰ ਦੀਵਾਨਾ ਨੀਸਤ।
ਨਾਸਹਾ ਤਾ ਚੰਦ ਗੋਈ ਕਿੱਸਾਹਾਇ ਵਾਅਜ਼ੋ ਪੰਦ,
ਬਜ਼ਮਿ ਮਸਤਾਨੇ ਅਸਤ ਜਾਇ ਕਿੱਸਾਓ ਅਫ਼ਸਾਨਾ ਨੀਸਤ।
ਈਂ ਮਤਾਇ, ਹੱਕ ਬਪੋਸ਼ਿ ਸਾਹਿਬਾਨਿ-ਦਿਲ ਬਵਦ,
ਚੂੰ ਬਸੈਹਿਰਾ ਮੀਰਵੀ ਦਰ ਗੋਸ਼ਾਇ ਵੀਰਾਨਾ ਨੀਸਤ।

*(ਭਾਈ ਨੰਦ ਲਾਲ ਗ੍ਰੰਥਾਵਲੀ, ਗਜ਼ਲ ੧੦, ਪੰਨਾ ੩੮-੩੯)*

ਆਪ ਆਖਦੇ ਹਨ ਕਿ ਸਾਡੀ ਸੰਗਤ ਵਿਚ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਕਿੱਸਾ ਕਹਾਣੀ ਨਹੀਂ ਕੀਤੀ ਜਾਂਦੀ, ਇਸ ਲਈ ਦੂਈ ਦਾ ਪੜਦਾ ਪਾੜ ਕੇ ਇਸ ਸੰਗਤ ਵਿਚ ਆ ਜਾ, ਇਹ ਤੇਰਾ ਆਪਣਾ ਹੀ ਰੂਪ ਹੈ, ਕਿਸੇ ਦੂਸਰੀ ਚੀਜ਼ ਦੀ ਝਲਕ ਨਹੀਂ, ਜੋ ਮਨੁੱਖ ਮੇਰ ਤੇਰ ਤੇ ਬਿਗਾਨਾਪਣ ਤੋਂ ਲੰਘ ਜਾਏ ਉਸ ਵਾਸਤੇ ਵਾਹਿਗੁਰੂ ਦੂਰ ਨਹੀਂ। ਤੇ ਜਿਹੜਾ ਆਪਣੇ ਆਪ ਤੋਂ ਵਾਕਫ਼ ਹੋ ਜਾਏ ਕਿ ਮੈਂ ਕੀ ਚੀਜ਼ ਹਾਂ ਉਸ ਲਈ ਕੋਈ ਵਸਤੂ ਓਪਰੀ ਨਹੀਂ ਰਹਿ ਜਾਂਦੀ, ਕਿਸੇ ਆਰਫ਼ ਦਾ ਕਹਿਣਾ ਹੈ ਕਿ:

SIKHBOOKCLUB.COM

ਮੁੱਦਤ ਹੁਈ ਇਤਨੀ ਮੁਝੇ ਨਿਕਲੇ ਹੁਏ ਘਰ ਸੇ।
ਅਬ ਯਿਹ ਭੀ ਨਹੀਂ ਮਾਲੂਮ ਕਿ ਆਇਆ ਹੂੰ ਕਿਧਰ ਸੇ।
ਅਪੁਨਾ ਮੁਝੇ ਆਗਾਜ਼ ਭੀ ਮਾਲੂਮ ਨਹੀਂ ਹੈ।
ਦਰਮਾਂਦਾਂ ਔਰ ਗ਼ਮ ਕੁਸ਼ਤਾ ਆਸੁਫਤਾ ਨਜ਼ਰ ਹੂੰ।
ਹੂੰ ਗਰ ਮੇਂ ਸਫ਼ਰ ਫਿਰ ਭੀ ਮਜਬੂਰਿ ਸਫ਼ਰ ਹੂੰ।
ਯਿਹ ਭੀ ਨਹੀਂ ਮਾਲੂਮ ਕਿ ਮੰਜ਼ਲ ਭੀ ਕਹੀਂ ਹੈ।

ਆਪਣੇ ਆਪ ਦੀ ਵਾਕਫ਼ੀ ਹੀ ਉਸ ਦੇ ਮਿਲਾਪ ਦੀ ਨਿਸ਼ਾਨੀ ਹੈ। ਜੇ ਰੱਬ ਦੇ ਮਿਲਾਪ ਦਾ ਸ਼ੌਕ ਹੋਵੇ ਤਾਂ ਸਭ ਤੋਂ ਪਹਿਲੇ ਆਪਣੇ ਆਪ ਨੂੰ ਹਰਮਨ ਪਿਆਰਾ ਬਣਾਉਣ ਦੀ ਲੋੜ ਹੈ। ਪਰ ਕੰਮ, ਨਾ ਵੱਡੇ ਅਕਲ ਵਾਲਿਆਂ ਤੇ ਨਿਰਭਰ ਹੈ ਤੇ ਨਾ ਹੀ ਪਾਗ਼ਲਾਂ ਤੇ। ਸਗੋਂ ਇਹ ਦਾਤੇ ਦੀ ਦਾਤ ਹੈ, ਜੋ ਅਧਿਕਾਰੀ ਨੂੰ ਪ੍ਰਾਪਤ ਹੁੰਦੀ ਹੈ। ਐ ਨਸੀਹਤਾਂ ਕਰਨ ਵਾਲਿਆ! ਕਿੰਨਾ ਚਿਰ ਕਰੀ ਜਾਵੇਂਗਾ, ਇਹ ਤਕਰੀਰਾਂ ਦੇ ਸਿਲਸਿਲੇ ਕਦੋਂ ਤਕ ਜਾਰੀ ਰੱਖੇਂਗਾ? ਹੁਣ ਤਾਂ ਮਸਤਾਂ ਦੀ ਸਭਾ ਵਿਚ ਕਿਸੇ ਅਫ਼ਸਾਨੇ ਦੀ ਲੋੜ ਨਹੀਂ। ਕਿਸੇ ਕਿੱਸੇ ਕਹਾਣੀ ਦੀ ਲੋੜ ਨਹੀਂ, ਕਿਉਂਕਿ ਮਸਤ ਕਿਸੇ ਦੀ ਮਸਤੀ ਵਿਚ ਮਸਤ ਹੋ ਬੈਠੇ ਹਨ। ਇਨ੍ਹਾਂ ਨੂੰ ਉਹ ਮਸਤੀ ਹੀ ਭਾਉਂਦੀ ਏ ਦੂਜੀ ਵਸਤੂ ਨਹੀਂ। ਇਹ ਹੁਣ ਦਿਲ ਦੀਆਂ ਦੌਲਤਾਂ ਪ੍ਰਾਪਤ ਕਰ ਚੁਕੇ ਹਨ। ਇਨ੍ਹਾਂ ਨੂੰ ਫਾਨੀ ਦੌਲਤਾਂ ਨਹੀਂ ਫੱਬਦੀਆਂ। ਸਗੋਂ ਹੁਣ ਤੂੰ ਵੀ ਜੰਗਲਾਂ ਨੂੰ ਜਾਣਾ ਤੇ ਪਹਾੜਾਂ ਵਿਚ ਭਟਕਣਾ ਛੱਡ ਦੇ। ਕਿਉਂਕਿ ਪਿਆਰਾ ਪ੍ਰੀਤਮ ਬਸਤੀਆਂ ਵਿਚ ਵੱਸਦਾ ਏ, ਜੰਗਲਾਂ ਵਿਚ ਨਹੀਂ। ਗੁਰ-ਵਾਕ ਹੈ ਕਿ:

**ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥**

*(ਮਾਰੂ ਮ: ੫, ਪੰਨਾ ੧੦੦੨)*

ਪਰ ਜ਼ਿਮੀਂਦਾਰ ਪ੍ਰਮਾਰਥ ਦੀਆਂ ਉੱਚੀਆਂ ਰਮਜ਼ਾਂ ਤੇ ਗੁੱਝਿਆਂ ਭੇਤਾਂ ਤੋਂ ਅਨਜਾਣ ਹੋਣ ਕਰਕੇ ਇਤਨਾ ਉੱਚਾ ਉੱਡ ਨਹੀਂ ਸਕਦਾ ਸੀ। ਉਹ ਤਾਂ ਕੇਵਲ ਆਪਣੇ ਰਾਜੇ ਨੂੰ ਭਗਵਾਨ ਕਰਕੇ ਪੂਜਣ ਵਾਲਾ ਸੀ। ਇਨ੍ਹਾਂ ਸੂਖਮ ਤੇ ਕੋਮਲ ਭੇਤਾਂ ਤੋਂ ਪਰ੍ਹੇ ਸੀ। ਜਿਸ ਨੇ ਸਾਰੇ ਜੀਵਨ ਵਿਚ ਪਿਆਰੇ ਪਰਮੇਸ਼ਰ ਦਾ ਨਾਮ ਕਦੇ ਸੁਣਿਆ ਈ ਨਾ ਹੋਵੇ ਉਹ ਉਹਦੀ ਹਸਤੀ ਦਾ ਕਾਇਲ ਕਿਵੇਂ ਹੋ ਜਾਏ ? ਉਸ ਲਈ ਤਾਂ ਇਹ ਗੱਲ ਅਨਹੋਣੀ ਤੇ ਨਿਰਮੂਲ ਸੀ। ਜਿਸ ਕਰਕੇ ਮੰਨਣੋਂ ਜੀ ਝਿਜਕਦਾ ਏ। ਸੋ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਅਰਸ਼ੀ ਬਚਨ ਸੁਣ ਕੇ ਵੀ ਬੋਲ ਉਠਿਆ ਕਿ :

**ਨਰ ਕਹੈ 'ਜਿ ਦੇਖਯੋ ਨਿਜ ਨ ਨੈਨ।**
**ਕਿਸ ਪਾਸ ਕਹੋਂ ਜਾਚਨ ਸੁ ਬੈਨ।**
**ਜਾਨੋਂ ਨ ਕੁਦਰਤੀ ਕੌਨ ਹੋਇ।**
**ਕੁਛ ਪਤਾ ਦੇਹੁ ਹੌਂ ਲਖਿਵ ਸੋਇ' ।੫੩।**

ਜਦੋਂ ਤਕ ਮੈਂ ਉਸਨੂੰ ਆਪਣੀਆਂ ਅੱਖਾਂ ਨਾਲ ਨਾ ਦੇਖ ਲਵਾਂ, ਤੁਸੀਂ ਹੀ ਦੱਸੋ ਪਈ ਮਨ ਦੀਆਂ ਮੰਗਾਂ ਮੰਗਣ ਵਾਸਤੇ ਕਿਸ ਅੱਗੇ ਅਰਦਾਸ ਕਰਾਂ ? ਜੋ ਤੁਸੀਂ ਕੁਦਰਤ ਦੱਸਦੇ ਹੋ ਉਸਨੂੰ ਤਾਂ ਮੈਂ ਜਾਣਦਾ ਵੀ ਨਹੀਂ ਕਿ ਉਹ ਕੀ ਵਸਤੂ ਹੈ ? ਤੁਸੀਂ ਕ੍ਰਿਪਾ ਕਰ ਕੇ ਉਸ ਕੁਦਰਤ ਦਾ ਕੁਝ ਪਤਾ ਦਿਉ ਕਿ ਉਹ ਕਿਸ ਪ੍ਰਕਾਰ ਦੀ ਹੈ ? ਉਸ ਕੁਦਰਤ ਦੀ ਕੋਈ ਕਲਾ ਦਿਖਾਉ ਤਾਂ ਕਿ ਮੇਰਾ ਮਨ ਮੰਨ ਜਾਏ ਤੇ ਮੈਂ ਤੁਹਾਡੇ ਕਰਤਾ ਸਤਿ ਕਰਤਾਰ ਦਾ ਪੁਜਾਰੀ ਬਣ ਸਕਾਂ। ਬਿਨਾਂ ਦੇਖੇ ਮੇਰਾ ਮਨ ਨਹੀਂ ਪਤੀਜਦਾ ਤੇ ਅੰਦਰਲੇ ਨੂੰ ਧੀਰਜ ਨਹੀਂ ਆਉਂਦੀ। ਮੈਂ ਜੀਊਂਦਾ ਜਾਗਦਾ ਭਗਵਾਨ ਛੱਡ ਕੇ ਅਣਡਿੱਠੇ ਦੇ ਪਿੱਛੇ ਕਿਉਂ ਭਟਕਾਂ ? ਮੇਰਾ ਭਗਵਾਨ ਮੈਨੂੰ ਦਰਸ਼ਨ ਦਿੰਦਾ ਤੇ ਮੇਰੇ ਨਾਲ ਗੱਲਾਂ ਕਰਦਾ ਏ। ਜਦੋਂ ਮੰਗੀਏ ਦਾਨ ਵੀ ਦਿੰਦਾ ਏ ਪਰ ਤੁਹਾਡਾ ਸਤਿ ਕਰਤਾਰ ਤਾਂ ਕਿਤੇ ਨਜ਼ਰ ਨਹੀਂ ਆਉਂਦਾ। ਉਪਰੋਕਤ ਗੱਲਾਂ ਸੁਣ ਕੇ ਸਤਿਗੁਰਾਂ ਫ਼ੁਰਮਾਇਆ ਕਿ :

**'ਤੂੰ ਜਾਇ ਧਾਮ ਲਾਂਗਲ ਜਿ ਆਨਿ।**
**ਅਬ ਬਾਹੁ ਬੋਵ ਛਿਤ ਬੈਨ ਮਾਨਿ।**
**ਜਬ ਉਗੈ ਖੇਤ ਪੁਨ ਪੱਕ ਜਾਇ।**
**ਤਬ ਲਖਹੁ ਕੁਦਰਤੀ ਹੋਇ ਕਾਇ' ।੫੪।**

ਤੂੰ ਘਰ ਜਾਹ ਤੇ ਹਲ ਪੰਜਾਲੀ ਤੇ ਬੌਲਦ ਲਿਆ ਕੇ ਧਰਤੀ ਵਾਹ ਕੇ ਬੀਜ ਬੀਜ ਦੇਹ। ਸ਼ਰਧਾ ਨਾਲ ਸਾਡਾ ਬਚਨ ਮੰਨ ਲੈ। ਜਦੋਂ ਫ਼ਸਲ ਉੱਗ ਕੇ ਪੱਕ ਜਾਏਗੀ ਤਦ ਤੈਨੂੰ ਸਮਝ ਆ ਜਾਏਗੀ ਕਿ ਕੁਦਰਤ ਕੀ ਚੀਜ਼ ਹੈ। ਗ਼ਰੀਬ ਨਿਵਾਜ਼ ਗੁਰੂ ਦੇ ਬਚਨ ਸੁਣ ਤਾਂ ਲਏ ਪਰ ਮਨ ਨਹੀਂ ਮੰਨਦਾ। ਸੋਚਾਂ ਸੋਚਦਾ ਘਰ ਆਇਆ ਤੇ ਪਿੰਡ ਦੇ ਲੋਕਾਂ ਨੂੰ ਇਕੱਠਾ ਕਰ ਕੇ ਇਉਂ ਕਹਿਣਾ ਸ਼ੁਰੂ ਕਰ ਦਿੱਤਾ ਕਿ ਮੇਰੇ ਖੇਤ ਵਿਚ ਇਕ ਸਾਧੂ ਆਇਆ ਬੈਠਾ ਹੈ। ਜੋ ਆਖਦਾ ਏ ਕਿ ਖੇਤ ਵਾਹ ਤੇ ਬੀਜ ਬੀਜ ਦੇ, ਕਰਤਾਰ ਦੀ ਕੁਦਰਤ ਆਪ ਪਕਾਵੇਗੀ ਤੇ ਆਪ ਈ ਤੇਰੇ ਸਾਰੇ ਕਾਰਜ ਰਾਸ ਕਰ ਦੇਵੇਗੀ। ਪਰ ਤੂੰ ਸਿਦਕ ਤੇ ਦ੍ਰਿੜ੍ਹਤਾ

ਨਾਲ ਬੀਜ ਬੀਜ ਦੇ। ਸੋ ਮੈਂ ਹਲ ਲੈਣ ਆਇਆ ਹਾਂ :

**ਸੁਨਿ ਗਯੋ ਸਦਨ ਗੁਰ ਬਚਨ ਮਾਨਿ।**
**ਪੁਨ ਨਰਨ ਨਿਕਟ ਕੀਨੋ ਬਖਾਨ।**
**ਹੈ ਸਾਧ ਵਹਿਰ ਮਮ ਖੇਤ ਪਾਸ।**
**ਤਿਨ ਕਹੇ ਬਚਨ ਇਹ ਬਿਧਿ ਪ੍ਰਕਾਸ਼।੫੫।**
**'ਪ੍ਰਿਥਮੇ ਸਿਮਰੋ ਕਰਤਾਰ ਨਾਮ।**
**ਪੁਨ ਬੋਇ ਖੇਤ ਹੁਇ ਸਿੱਧ ਕਾਮ'।**
**ਸੁਨਿ ਨਰਨ ਕਾਨ ਸਭਿ ਹਾਸ ਕੀਨ।**
**'ਮਨ ਜਾਨ, ਤਾਂਹਿ ਕੋ ਬੁਧਿ ਹੀਨ।੫੬।**
**ਬਿਨ ਮੇਹੁ ਖੇਤ ਕਿਸ ਰੀਤਿ ਹੋਇ।**
**ਤੂੰ ਜਾਇ ਬੀਜ ਘਰ ਪੂਰ ਸੋਇ'।**
**ਸੁਨਿ ਬੈਨ ਤਿਨ੍ਹੋ ਕੇ ਯੁਕਤਿ ਹਾਸ।**
**ਗੁਰ ਢਿਗ ਆਯੋ ਹੋ ਕਰਿ ਉਦਾਸ।੫੭।**
**ਬਚ ਕਹੇ 'ਹਸੀ ਮੁਝ ਮਨੁਜ ਕੀਨਿ।**
**ਸਭਿ ਜਾਨੈ ਮਨ ਮੈਂ ਬੁੱਧਿ ਹੀਨ।**
**ਬਰਖਾ ਬਿਨ ਕੈਸੇ ਖੇਤ ਹੋਇ।**
**ਇਹ ਜਾਨਤਿ ਹੈਂ ਸਭਿ ਥਾਨ ਲੋਇ'।੫੮।**

SIKHBOOKCLUB.COM

ਪਿੰਡ ਦੇ ਲੋਕ ਜ਼ਿਮੀਂਦਾਰ ਦੀਆਂ ਗੱਲਾਂ ਸੁਣ ਕੇ ਖਿੜ ਖਿੜ ਹੱਸ ਪਏ ਤੇ ਟਿਚਕਰਾਂ ਕਰਨ ਲੱਗ ਗਏ ਤੇ ਮਨ ਵਿਚ ਜਾਣ ਲਿਆ ਕਿ ਇਹ ਆਦਮੀ ਅਕਲ ਤੋਂ ਖ਼ਾਲੀ ਹੈ। ਕਦੇ ਮੀਂਹ ਪਾਣੀ ਤੋਂ ਬਿਨਾਂ ਵੀ ਖੇਤੀ ਹੋਈ ਹੈ। ਸਗੋਂ ਮਸ਼ਕਰੀ ਕਰ ਕੇ ਕਹਿਣ ਲੱਗੇ ਕਿ ਤੂੰ ਬੀਜ ਕੇ ਆਪਣਾ ਘਰ ਭਰ ਲੈ। ਜੇ ਤੇਰੇ ਖੇਤ ਵਿਚ ਬੈਠਾ ਸਾਧ ਤੇਰੇ ਤੇ ਦਿਆਲੂ ਹੋ ਗਿਆ ਏ ਤਾਂ ਫਿਰ ਵੇਲਾ ਕਿਹੜਾ ਦੇਖਣਾ ਏਂ ? ਜਾ ਕੇ ਆਪਣੇ ਆਰ ਬੁਖਾਰ ਭਰ ਕੇ ਵਾਰੇ ਨਿਆਰੇ ਕਰ ਲੈ।

ਪਿੰਡ ਦੇ ਲੋਕਾਂ ਦੀਆਂ ਮਸ਼ਕਰੀਆਂ ਤੇ ਨਿਰਾਸਤਾ ਭਰੀਆਂ ਗੱਲਾਂ ਸੁਣ ਕੇ ਮਨ ਉਦਾਸ ਤੇ ਡਾਂਵਾਂਡੋਲ ਹੋ ਗਿਆ। ਕੋਈ ਖ਼ਿਆਲ ਆਉਂਦਾ ਤੇ ਕੋਈ ਜਾਂਦਾ ਏ। ਮਨ ਦੇ ਉਤਰਾਅ ਚੜ੍ਹਾਅ ਨੇ ਆਸ਼ਾ ਦਾ ਰਾਹ ਫਿੱਕਾ ਜਿਹਾ ਕਰ ਦਿੱਤਾ। ਕਦੇ ਸਤਿਗੁਰ ਦੇ ਬਚਨ ਚੇਤੇ ਆਉਣ ਕਰਕੇ ਸਬਰ ਸਿਦਕ ਦੀ ਕਿਰਣ ਚਮਕਦੀ ਹੈ, ਪਰ ਪਿੰਡ ਵਾਲਿਆਂ ਦੀਆਂ ਟਿਚਕਰਾਂ ਤੇ ਹਾਸੇ ਸਿਦਕ ਨੂੰ ਡੁਲਾ ਦਿੰਦੇ ਨੇ। ਕਦੇ ਹਲ ਜੂਲੇ ਨੂੰ ਹੱਥ ਪਾਉਂਦਾ ਏ, ਕਦੇ ਲੋਕਾਂ ਦੇ ਹਾਸਿਆਂ ਵੱਲ ਦੇਖਦਾ ਏ। ਮਨ ਵਿਚ ਦੁਚਿਤਾਪਣ ਆ ਜਾਣ ਨਾਲ ਕੋਈ ਫ਼ੈਸਲਾ ਨਹੀਂ ਕਰ ਸਕਦਾ। ਜੇ ਘਰ ਦੀ ਹਾਲਤ ਵੱਲ ਨਜ਼ਰ ਮਾਰਦਾ ਹੈ ਤਾਂ ਪੈਰਾਂ ਹੇਠੋਂ ਮਿੱਟੀ ਖਿਸਕ ਜਾਂਦੀ ਹੈ। ਬੱਚੇ ਕਿਸ ਤਰ੍ਹਾਂ ਜੀਊਣਗੇ, ਨੰਗੇ ਬੱਚਿਆਂ ਨੂੰ ਤਨ ਕੱਜਣ ਲਈ ਕਪੜਾ ਕਿਥੋਂ ਦਿਆਂਗਾ, ਜੀਵਨ ਦੀ ਟੇਕ ਖੇਤੀ ਹੀ ਸੀ, ਸੋ ਸੁੱਕ ਗਈ ਹੈ। ਜਾਵਾਂ ਤੇ ਕਿਥੇ ਜਾਵਾਂ ? ਗੁਪਾਲ ਕਵੀ ਨੇ ਖੇਤੀ ਕਰਨ ਵਾਲੇ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ :

ਰਾਜੇ ਦੇਤ ਪੋਤਾ, ਹਰ ਜੋਤਾ ਸੁਖ ਸੋਤਾ ਨਾਹਿੰ,
ਖੋਤਾ ਦਿਨ ਯੂੰ ਹੀ ਰਹੇ ਲੇਸਨਾ ਸਿਆਂਨ ਕੋ।
ਬਰਹੇ ਮੈਂ ਬਾਸ ਰਾਖੇ ਬਿਯੋਰੇ ਹੀ ਕੀ ਆਸ,
ਇਤ ਭੀਤ ਤੇ ਉਦਾਸ ਗਿਰ ਮਾਨ ਨਈ ਮਾਨ ਕੋ।
ਨਿਸ ਅਰ ਬਾਸਰ ਕਾਮ ਕਰਤ ਕਠਨ ਅੱਤ,
ਯਾਹੀ ਹੇਤ ਖੋਇ ਬੈਠੇ ਸਭੀ ਤਨ ਤਾਨ ਕੋ।
ਹਾਥ ਮੈ ਨਾ ਦਾਮ ਰਹੈ ਦੇਹ ਮੇਂ ਨਾ ਚਾਮ,
ਕੈਹਤ ਗੋਪਾਲ ਕਾਮ ਕਠਨ ਕਿਸਾਨ ਕੋ।

ਉਪਰੋਕਤ ਕਥਨ ਅਨੁਸਾਰ ਜ਼ਿਮੀਂਦਾਰ ਦਾ ਕੰਮ ਕਠਨ ਤੇ ਮੁਸ਼ਕਿਲ ਹੈ। ਜਿਸ ਕਰਕੇ ਬਿਚਾਰਾ ਉਦਾਸ ਜ਼ਿਮੀਂਦਾਰ, ਦੁਬਾਰਾ ਸਤਿਗੁਰੂ ਜੀ ਪਾਸ ਆਇਆ ਤੇ ਕਹਿਣ ਲੱਗਾ ਕਿ ਸਤਿਗੁਰੋ! ਮੈਂ ਆਪ ਜੀ ਦੀ ਦੱਸੀ ਰੀਤੀ ਪਿੰਡ ਦੇ ਲੋਕਾਂ ਨੂੰ ਦੱਸੀ ਤਾਂ ਉਨ੍ਹਾਂ ਨੇ ਮੈਨੂੰ ਬਹੁਤ ਹਾਸ ਬਿਲਾਸ ਤੇ ਟਿਚਕਰਾਂ ਕੀਤੀਆਂ ਹਨ ਅਤੇ ਸਾਰਿਆਂ ਮੈਨੂੰ ਬੁੱਧੀ-ਹੀਣ ਸਮਝ ਕੇ ਮਖੌਲ ਉਡਾਇਆ ਹੈ ਤੇ ਆਖਦੇ ਹਨ ਕਿ ਬਰਖਾ ਬਿਨਾਂ ਖੇਤੀ ਹੋ ਹੀ ਨਹੀਂ ਸਕਦੀ। ਇਸ ਗੱਲ ਨੂੰ ਸਾਰੇ ਲੋਕ ਜਾਣਦੇ ਹਨ। ਸੋ ਮੈਂ ਨਿਰਾਸ ਹੋ ਕੇ ਆਪ ਪਾਸ ਆ ਗਿਆ ਹਾਂ।

ਜ਼ਿਮੀਂਦਾਰ ਦੀ ਵਾਰਤਾ ਸੁਣ ਕੇ ਗ਼ਰੀਬ ਨਿਵਾਜ਼ ਗੁਰੂ ਨੇ ਜੋ ਹੁਕਮ ਕੀਤਾ ਸੋ ਇਸ ਪ੍ਰਕਾਰ ਹੈ:

SIKHBOOKCLUB.COM

ਸੁਨਿ ਕਹੈਂ ਗੁਰੂ 'ਤੂੰ ਬੀਜ ਆਨਿ।
ਨਹਿੰ ਉਗੈ ਖੇਤ ਹਮ ਹੈਂ ਜਮਾਨ।
ਜੇ ਬੀਜ ਬੋਇ ਜਾਵੇ ਅਕਾਥ।
ਹਮ ਦੇਵਹਿੰ ਤੇਤੇ ਤੋਹਿ ਹਾਥ' ।੫੯।

ਸਤਿਗੁਰਾਂ ਨੇ ਹੁਕਮ ਕੀਤਾ ਕਿ ਤੂੰ ਘਰ ਜਾ ਕੇ ਬੀਜ ਲਿਆ ਕੇ, ਸ੍ਰੀ ਕਰਤਾਰ ਜੀ ਦਾ ਧਿਆਨ ਚਿੱਤ ਕਰ ਕੇ ਬੀਜ ਦੇ। ਜੇ ਨਾ ਉਗੇਗਾ ਤਾਂ ਅਸੀਂ ਤੇਰੇ ਜ਼ਮਾਨਤੀ ਹਾਂ, ਤੂੰ ਸਾਡੇ ਕੋਲੋਂ ਹਰਜਾਨਾ ਭਰ ਲਈਂ। ਜੇ ਤੇਰਾ ਬੀਜਿਆ ਬੀਜ ਅਕਾਰਥ ਚਲਾ ਜਾਏਗਾ ਤਾਂ ਅਸੀਂ ਲਿਆ ਕੇ ਤੇਰੇ ਘਾਟੇ ਨੂੰ ਪੂਰਾ ਕਰ ਦਿਆਂਗੇ। ਤੂੰ ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰ। ਕਰਤਾ ਪੁਰਖ ਨੂੰ ਹਾਜ਼ਰ ਜਾਣ ਕੇ ਉਸ ਜਗਤ ਪਿਤਾ ਤੇ ਭਰੋਸਾ ਰੱਖ ਕੇ, ਦੁਬਿਧਾ ਛੱਡ ਕੇ ਤੇ ਉਸਦੀ ਟੇਕ ਨੂੰ ਸੱਚੀ ਮੰਨ ਕੇ ਅਤੇ ਉਸਦੀ ਟੇਕ ਵਿਚ ਟਿਕ ਕੇ ਬੀਜ ਦੇ, ਉਹ ਅੰਤਰਵਾਸੀ ਆਪੇ ਕਾਰਜ ਸਾਧੇਗਾ। ਉਸਦੇ ਖ਼ਜ਼ਾਨੇ ਅਮੁਕ ਨੇ ਤੇ ਭੰਡਾਰੇ ਭਰਪੂਰ ਹਨ। ਉਸ ਦੇ ਘਰੋਂ ਨਿਰਾਸ ਨਾ ਹੋ। ਉਹ ਨਿਰਾਸ ਆਸ ਪੂਰਨ ਹੈ, ਤੂੰ ਉਸਦੇ ਘਰੋਂ ਵਰੋਸਾਇਆ ਜਾਏਂਗਾ। ਦਰਗਾਹੀ ਗੁਰੂ ਦੇ ਬਚਨ ਸੁਣ ਕੇ ਮਨ ਵਿਚ ਧੀਰਜ ਆਈ ਤੇ ਹਲ ਪੰਜਾਲੀ ਲਿਆ ਕੇ ਜੋ ਕੁਛ ਕੀਤਾ ਉਸਦਾ ਜ਼ਿਕਰ ਨਾਨਕ ਪ੍ਰਕਾਸ਼ ਵਿਚ ਇਸ ਪ੍ਰਕਾਰ ਹੈ:

ਸੁਨਿ ਭਈ ਧੀਰ ਲਾਂਗਲ ਲਯਾਇ।
ਪੁਨ ਹਾਥ ਬੰਦਿ ਲੀਨੀ ਰਜਾਇ।

**ਕਰਤਾਰਿ ਸਿਮਰਿਕੈ ਭੂਮ ਵਾਹਿ।**
**ਗੋਧੂਮ ਬੀਜ ਦੀਨੀ ਸੁ ਤਾਂਹਿ।੬੦।**
**ਗੁਰ ਚਰਨ ਬੰਦਿ ਕਰਿ ਬੈਸਿਆਨਿ।**
**ਉਰ ਕੀਨੀ ਸ਼ਰਧਾ ਨਹਿਂ ਭੁਲਾਨ।**
**ਨਿਸ ਗਯੋ ਧਾਮ ਪੁਨ ਭਈ ਭੋਰ।**
**ਚਲਿ ਆਇ ਦੇਖਿਓ ਖੇਤ ਓਰ।੬੧।**
**ਸਬਜ਼ੀ ਸੁ ਲਖੀ ਤਬ ਨੌ ਬਹਾਰ।**
**ਜਨੁ ਬਹੁਤ ਦਿਵਸ ਕੀ ਇਹ ਸਬਾਰ।**
**ਕਰਿ ਹਰਖ ਬੰਦਿ ਗੁਰ ਚਰਨ ਰੇਨ।**
**ਸ਼ਰਧਾ ਸੁ ਬਧੀ ਜੋ ਮੋਖਦੇਨ।੬੨।**
**ਪੁਰਿ ਨਰਨ ਸੁਨੇ ਆਚਰਜ ਮਾਨ।**
**ਸਭਿ ਧਾਏ ਹੇਰਿਹਂ ਸਾਚ ਜਾਨਿ।**
**ਅਸ ਜਾਨ ਅਜ਼ਮਤੀ ਉਰ ਪ੍ਰਮਾਨ।**
**ਗੁਰ ਤੀਰ ਪਹੂੰਚੇ ਸਿਦਕ ਠਾਨਿ।੬੩।**
**ਕਰਿ ਬੰਦਨਾ ਸੁ ਧਰਿ ਭੇਟ ਸੋਇ।**
**ਬਿਧਿ ਬੂਝਹੀ ਜਿਵ ਅੰਨ ਹੋਇ।**
**ਗੁਰ ਕੀਨਿ ਦਯਾ ਦੀਨੀ ਰਜਾਇ।**
**'ਕਰਤਾਰ' ਨਾਮ ਰਸਨਾ ਧਿਆਇ।੬੪।**

SIKHBOOKCLUB.COM

ਧਰਤੀ ਸੰਵਾਰ ਕੇ, ਸੁਹਾਗਾ ਦੇ ਕੇ, ਕੱਛਾ ਬੰਨ੍ਹਾ ਕੱਢ ਕੇ, ਕਰਤਾਰ ਨਾਮ ਦੀ ਅਰਾਧਨਾ ਕਰ ਕੇ ਕਣਕ ਬੀਜ ਦਿੱਤੀ ਤੇ ਗੁਰਦੇਵ ਜੀ ਦੇ ਚਰਨਾਂ ਤੇ ਨਮਸਕਾਰ ਕਰ ਕੇ ਸ਼ਰਧਾ ਭਗਤੀ ਸਯੁੰਕਤ ਸ੍ਰੀ ਬਾਬਾ ਜੀ ਦੇ ਪਾਸ ਬੈਠ ਗਿਆ ਤੇ ਮਨ ਡੁਲਾਇਆ ਨਹੀਂ। ਦਰਸ਼ਨ ਵਿਚ ਮਸਤ ਹੋਏ ਨੂੰ ਦਿਨ ਸੁਖ ਨਾਲ ਬੀਤ ਗਿਆ ਤੇ ਮਨ ਦੇ ਚਕਵੇ ਨੇ ਝੋਰਿਆਂ ਨੂੰ ਝੁਕਾ ਕੇ ਚਰਨੀਂ ਲਾਇਆ। ਅੰਦਰ ਦੀ ਖਟਖਟੀ ਨਿਕਲ ਗਈ ਤੇ ਮਨ ਨੇ ਸਮਝ ਲਿਆ ਕਿ ਆਸਾਂ ਪੂਰੀਆਂ ਹੋ ਜਾਣਗੀਆਂ। ਮਨ ਦਾ ਟਿਕਾਅ ਹੀ ਕਿਸੇ ਨਿਸ਼ਾਨੇ ਤੇ ਪੁੱਜਣ ਵਿਚ ਸਹਾਇਤਾ ਕਰ ਸਕਦਾ ਏ। ਕਿਸੇ ਮਹਾਂ ਪੁਰਸ਼ ਦਾ ਕਥਨ ਹੈ ਕਿ:

**ਏਕ ਬਾਤ ਹੈ ਅਟ ਪਟੀ, ਝਟ ਪਟ ਲਖੀ ਨਾ ਜਾਇ।**
**ਝਟ ਪਟ ਤੋ ਤਬ ਹੀ ਲਖੈ, ਜੁ ਮਨ ਕੀ ਖਟਖਟੀ ਜਾਇ।**

ਸੁਖੀ ਮਨ ਨੇ ਸੁਖਾਂ ਵਾਲਾ ਸਮਾਂ, ਸੁਖੈਨ ਅਵਸਥਾ ਵਿਚ ਬਤੀਤ ਕੀਤਾ। ਰਾਤ ਪਈ, ਸੂਰਜ ਸਾਰੇ ਦਿਨ ਦਾ ਸਫ਼ਰ ਮੁਕਾ ਕੇ ਰਾਤ ਰਾਣੀ ਦੀ ਗੋਦ ਵਿਚ ਸਮਾ ਗਿਆ। ਜ਼ਿਮੀਂਦਾਰ ਹਜ਼ੂਰ ਦੀ ਆਗਿਆ ਪਾ ਕੇ ਘਰ ਆ ਗਿਆ ਤੇ ਰਾਤ ਕਿਸੇ ਅਣਡਿੱਠੇ ਸੁਖ ਦੀਆਂ ਤਾਂਘਾਂ ਵਿਚ ਬਤੀਤ ਕੀਤੀ। ਤਨ ਫ਼ਰਸ਼ੇ ਪਰ ਮਨ ਅਰਸ਼ੇ ਉਡਦਾ ਰਿਹਾ। ਸੁੰਦਰ, ਸੁਹਾਵਣੀ, ਸੁਖਦਾਈ, ਸੀਤਲ ਸਵੇਰ ਹੋਈ, ਜ਼ਿਮੀਂਦਾਰ ਨਿਤ ਕਰਮ ਅਨੁਸਾਰ ਜਾਗਿਆ। ਕਿਰਿਆ ਕਰਮ ਤੋਂ ਵਿਹਲਾ ਹੋ ਕੇ ਖੇਤ ਵੱਲ ਤੁਰਿਆ। ਪਰ ਮਨ ਵਿਚ ਕਈ ਬਿਚਾਰਾਂ, ਉਪਜਦੀਆਂ ਤੇ ਬਿਨਸਦੀਆਂ ਸਨ। ਕੋਈ ਆਸ ਜੰਮਦੀ ਤੇ ਕੋਈ ਮਰਦੀ ਸੀ। ਜਵਾਰਭਾਟਾ

ਹੁੰਦਾ ਜਾ ਰਿਹਾ ਸੀ ਤੇ ਕਈ ਪ੍ਰਕਾਰ ਦੇ ਰੰਗੀਨ ਸੁਪਨੇ ਦੇਖਦਾ ਖੇਤ ਦੇ ਪਾਸ ਪੁੱਜਾ ਹੀ ਸੀ ਕਿ ਉਥੇ ਹੋਰ ਦਾ ਹੋਰ ਈ ਰੰਗ ਦੇਖਿਆ। ਜਿਸਨੂੰ ਦੇਖ ਕੇ ਦੰਗ ਰਹਿ ਗਿਆ। ਮਨ ਵਿਸਮਾਦ ਵਿਚ ਚਲਾ ਗਿਆ। ਬੁੱਧੀ ਚਕ੍ਰਿਤ ਹੋ ਕੇ ਰਹਿ ਗਈ। ਦੁਬਾਰਾ ਅੱਖਾਂ ਖੋਲ੍ਹੀਆਂ, ਚੰਗੀ ਤਰ੍ਹਾਂ ਨੀਝ ਟਿਕਾਅ ਕੇ ਦੇਖਿਆ ਕਿ ਖੇਤ ਵਿਚ ਚਾਰੇ ਪਾਸੇ ਹਰਿਆਵਲ ਹੀ ਹਰਿਆਵਲ ਹੈ। ਸਰਸਬਜ਼ ਫ਼ਰਸ਼ ਵਾਂਗ ਨਜ਼ਾਰਾ ਬਣਿਆ ਪਿਆ ਏ। ਕਣਕ ਦੇ ਬੂਟੇ ਚੱਪਾ ਚੱਪਾ ਉੱਚੇ ਹੋ ਕੇ ਸਵੇਰ ਦੀ ਨਿੰਮ੍ਹੀ ਨਿੰਮ੍ਹੀ ਹਵਾ ਦੇ ਹੁਲਾਰੇ ਨਾਲ ਖੇਡਦੇ ਨਜ਼ਰੀਂ ਪਏ, ਜਿਨ੍ਹਾਂ ਦੀਆਂ ਨੋਕਾਂ ਤੇ ਤ੍ਰੇਲ ਦੇ ਤੁਬਕੇ ਮੋਤੀਆਂ ਨੂੰ ਮਾਤ ਕਰਦੇ ਦੇਖੇ। ਅੱਖਾਂ ਠਰੀਆਂ ਤੇ ਮਨ ਦ੍ਰਵਿਆ ਅਤੇ ਸਾਈਂ ਤੋਂ ਸਦਕੇ ਜਾਣ ਵਾਲੇ ਦੀ ਝੌਂਪੜੀ ਵੱਲ ਪਿਆਰ ਨਾਲ ਦੇਖਿਆ, ਤਾਂ ਕੰਨਾਂ ਵਿਚ ਮਿੱਠੀ, ਰਸ ਭਿੰਨੀ, ਮਧੁਰ, ਸ਼ੀਰੀਂ ਤੇ ਮਨਮੋਹਣੀ ਦਿਲਕਸ਼ ਅਤੇ ਦਿਲ-ਪਜ਼ੀਰ ਆਵਾਜ਼ ਸੁਣਾਈ ਦਿੱਤੀ, ਜਿਸ ਨੂੰ ਹੋਰ ਧਿਆਨ ਨਾਲ ਸੁਣਿਆ ਤਾਂ ਉਹ ਸ਼ਬਦ ਬਣ ਗਈ। ਜੇ ਸ਼ਬਦਾਂ ਨੂੰ ਇਕਾਗਰ ਮਨ ਨਾਲ ਵਿਚਾਰਿਆ ਤਾਂ ਉਹ ਤੁਕਾਂ ਬਣ ਗਈਆਂ। ਜੇ ਤੁਕਾਂ ਨਾਲ ਬਿਰਤੀ ਜੁੜੀ ਤਾਂ ਕੁਦਰਤ ਦੀਆਂ ਰੰਗੀਨ ਝਾਕੀਆਂ ਦੇ ਝਲਕਾਰੇ ਨਜ਼ਰ ਪਏ ਜਿਨ੍ਹਾਂ ਨੇ ਜ਼ਿਮੀਂਦਾਰ ਨੂੰ ਆਪਣੇ ਨਾਲ ਜੋੜ ਲਿਆ। ਪਿਆਸੇ ਮਨ ਨੂੰ ਆਬਿਹਯਾਤ ਪਿਲਾ ਦਿੱਤਾ। ਚਿਰਾਂ ਦੇ ਚੀਕਦੇ ਚਕੋਰ ਦੀਆਂ ਚਿੰਤਾਵਾਂ ਚੁਕਾ ਦਿੱਤੀਆਂ। ਕਿੰਨੀਆਂ ਮਿੱਠੀਆਂ ਸਨ ਉਹ ਤੁਕਾਂ ਜਿਨ੍ਹਾਂ ਨੂੰ ਜ਼ਿਮੀਂਦਾਰ ਦੇ ਮਨ ਨੇ ਸੁਣਿਆ, ਜੋ ਇਸ ਪ੍ਰਕਾਰ ਸਨ :

**ਕੁਦਰਤਿ ਦਿਸੈ, ਕੁਦਰਤਿ ਸੁਣੀਐ, ਕੁਦਰਤਿ ਭਉ ਸੁਖ ਸਾਰੁ ॥**
**ਕੁਦਰਤਿ ਪਾਤਾਲੀ, ਆਕਾਸੀ ਕੁਦਰਤਿ ਸਰਬ ਆਕਾਰੁ ॥**
**ਕੁਦਰਤਿ ਵੇਦ ਪੁਰਾਣ ਕਤੇਬਾ, ਕੁਦਰਤਿ ਸਰਬ ਵੀਚਾਰੁ ॥**
**ਕੁਦਰਤਿ ਖਾਣਾ ਪੀਣਾ ਪੈਨ੍ਣੁ, ਕੁਦਰਤਿ ਸਰਬ ਪਿਆਰੁ ॥**
**ਕੁਦਰਤਿ ਜਾਤੀ ਜਿਨਸੀ ਰੰਗੀ, ਕੁਦਰਤਿ ਜੀਅ ਜਹਾਨ ॥**
**ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥**
**ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥**
**ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ, ਪਾਕੀ ਨਾਈ ਪਾਕੁ ॥**
**ਨਾਨਕ ਹੁਕਮੈ ਅੰਦਰਿ ਵੇਖੈ, ਵਰਤੈ ਤਾਕੋ ਤਾਕੁ ॥੨॥**

*(ਵਾਰ ਆਸਾ ਮ: ੧, ਪੰਨਾ ੪੬੪)*

ਉਪਰੋਕਤ ਅੰਮ੍ਰਿਤ ਬਚਨਾਂ ਦਾ ਖਿੱਚਿਆ ਹੋਇਆ, ਗਰੀਬ ਨਿਵਾਜ਼ ਗੁਰੂ ਦੀ ਝੌਂਪੜੀ ਪਾਸ ਪੁੱਜ ਕੇ ਪ੍ਰਕਰਮਾ ਕਰ ਕੇ ਪ੍ਰਣਾਮ ਕੀਤੀ ਤੇ ਦਰਸ਼ਨਾਂ ਵਿਚ ਮਗਨ ਹੋ ਗਿਆ। ਅੰਦਰ ਦੀ ਸ਼ਰਧਾ ਏਨੀ ਪੱਕੀ ਹੋ ਗਈ ਕਿ ਮਨ ਨੇ ਯਕੀਨ ਕਰ ਲਿਆ ਕਿ ਇਹ ਗੁਰੂ ਮੁਕਤੀ-ਦਾਤਾ ਹੈ। ਜਦੋਂ ਨਗਰ ਨਿਵਾਸੀਆਂ ਨੇ ਸੁਣਿਆ ਕਿ ਰਾਤ ਦੀ ਬੀਜੀ ਹੋਈ ਕਣਕ ਸਵੇਰੇ ਜੰਮ ਕੇ ਚੱਪਾ ਚੱਪਾ ਹੋ ਗਈ ਹੈ ਤਾਂ ਅਸਚਰਜ ਜਾਣ ਕੇ ਦੇਖਣ ਆਏ ਪਈ ਸੱਚ ਹੈ ਕਿ ਝੂਠ ? ਪਰੰਤੂ ਜਿਸ ਵੇਲੇ ਉਨ੍ਹਾਂ ਨੇ ਦੇਖਿਆ ਕਿ ਰਾਤ ਦਾ ਬੀਜਿਆ ਖੇਤ ਦਿਨ ਚੜ੍ਹਦੇ ਨੂੰ ਹਰਿਆ ਭਰਿਆ ਹੋ ਗਿਆ ਹੈ ਤਾਂ ਸਾਰਿਆਂ ਨੇ ਮਨ ਕਰ ਕੇ ਮੰਨ ਲਿਆ ਕਿ ਇਹ ਸੰਤ ਅਜ਼ਮਤੀ ਹੈ ਤਾਂ ਸਾਰੇ ਨਗਰ ਵਾਸੀ ਸ਼ਰਧਾ ਧਾਰ ਕੇ ਗੁਰੂ ਦੇ ਨੇੜੇ ਆ ਬੈਠੇ। ਨਮਸਕਾਰ ਕਰ ਕੇ ਭੇਟਾ ਅੱਗੇ ਰੱਖੀ, ਬੇਨਤੀ ਕੀਤੀ ਕਿ ਹੇ ਪ੍ਰਭੂ ! ਸਾਨੂੰ ਭੀ ਉਹ ਬਿਧੀ ਦੱਸੋ ਜਿਸ ਨਾਲ

ਸਾਡੇ ਖੇਤਾਂ ਵਿਚ ਭੀ ਅੰਨ ਉਤਪੰਨ ਹੋ ਸਕੇ। ਇਨ੍ਹਾਂ ਦੀ ਅਰਜ਼ ਸੁਣ ਕੇ ਕ੍ਰਿਪਾ ਸਾਗਰ ਨੇ ਸ਼ੁਭ ਰਸਨਾ ਵਿੱਚੋਂ ਆਗਿਆ ਕੀਤੀ ਕਿ ਸ੍ਰੀ ਕਰਤਾਰ ਜੀ ਦੇ ਨਾਮ ਨੂੰ ਸਿਮਰਨ ਕਰ ਕੇ ਕਾਰਜ ਪ੍ਰਾਰੰਭ ਕਰ ਦਿਉ, ਕਰਤਾ ਪੁਰਖ ਕਾਰਜ ਸਿੱਧ ਕਰੇਗਾ:

**ਕ੍ਰਿਸ਼ਿ ਕਾਰਜ ਕੋ ਕਰ ਸੋਂ ਕਰਿਯੇ।**
**ਹਰਿ ਨਾਮ ਉਚਾਰ ਰਿਦੈ ਧਰਿਯੇ।**
**ਬਰਖਾ ਹਿਤ ਜਾਚਹੁ ਬੰਦ ਕਰੰ।**
**ਬਹੁ ਨੀਰ ਪਰੈ ਹੁਇ ਖੇਤ ਧਰੰ।੬੫।**
**ਧਰਿ ਆਇਸੁ ਸੀਸ ਚਲੇ ਸਭਿ ਹੀ।**
**ਬਰ ਬੀਜ ਬੁਯੋ ਹਲ ਤੇ ਤਬ ਹੀ।**
**ਭਲ ਖੇਤ ਉਗੇ ਹਰਿਆਵਲ ਸੋਂ।**
**ਪੁਰਿ ਸ਼ੋਕ ਨਸਯੋ ਸ੍ਰਬੁਤਾਵਲ ਸੋਂ।੬੬।**
**'ਸਮਰੱਥ ਬਡੋ' ਕਹਿਂ 'ਸੰਤ ਭਲੋ।**
**ਇਸ ਆਇਸੁ ਕੇ ਅਨੁਸਾਰਿ ਚਲੋ'।**
**ਬਰਖਾ ਬਿਧਿ ਬੂਝਨ ਕੀਨਿ ਜਬੈ।**
**ਗੁਰ ਨਾਨਕ ਵਾਕ ਉਚਾਰਿ ਤਬੈ।੬੭।**

ਹੱਥਾਂ ਨਾਲ ਖੇਤੀ ਦਾ ਕੰਮ ਕਰੋ ਤੇ ਰਸਨਾ ਨਾਲ ਕਰਤਾ ਪੁਰਖ ਦਾ ਨਾਮ ਉਚਾਰਨ ਕਰ ਕੇ ਹਿਰਦੇ ਵਿਚ ਵਸਾ ਲਉ ਤੇ ਮੀਂਹ ਵਾਸਤੇ ਉਸ ਅੱਗੇ ਹੱਥ ਬੰਨ੍ਹ ਕੇ ਅਰਦਾਸ ਕਰੋ, ਜਿਸ ਕਰਕੇ ਬਰਖਾ ਬਿਅੰਤ ਹੋਵੇਗੀ ਤੇ ਤੁਹਾਡੇ ਖੇਤ ਹਰੇ ਭਰੇ ਹੋ ਜਾਣਗੇ। ਨਗਰ ਵਾਸੀ ਲੋਕਾਂ ਨੇ ਸ੍ਰੀ ਸਤਿਗੁਰੂ ਜੀ ਦੀ ਆਗਿਆ ਨੂੰ ਸਤਿ ਕਰਕੇ ਮੰਨ ਲਿਆ ਤੇ ਚੰਗਾ ਬੀਜ ਲਿਆ ਕੇ ਧਰਤੀ ਵਿਚ ਬੀਜ ਦਿੱਤਾ। ਜਿਸ ਕਾਰਨ ਖੇਤਾਂ ਵਿਚ ਭਲੀ ਪ੍ਰਕਾਰ ਕਣਕ ਉੱਗ ਖਲੋਤੀ ਤੇ ਖੇਤ ਲਹਿਲਹਾਉਣ ਲੱਗ ਪਏ। ਜਿਸ ਨਾਲ ਸਾਰੇ ਪਿੰਡ ਦਾ ਗ਼ਮ ਦੂਰ ਹੋ ਗਿਆ ਤੇ ਨਗਰ ਵਾਸੀ ਕਹਿਣ ਲੱਗ ਪਏ ਕਿ ਇਹ ਸੰਤ ਬੜਾ ਚੰਗਾ ਹੈ, ਸਾਨੂੰ ਇਸ ਦੀ ਆਗਿਆ ਵਿਚ ਚੱਲਣਾ ਯੋਗ ਹੈ। ਇਸ ਤਰ੍ਹਾਂ ਨਿਸਚਾ ਪੱਕਾ ਕਰ ਕੇ ਜਦੋਂ ਪੁੱਛਿਆ ਕਿ ਮਹਾਰਾਜ ਸਾਨੂੰ ਵੀ ਬਰਖਾ ਬਰਸਾਵਨ ਦੀ ਵਿਧੀ ਦੱਸੋ ਤਾਂ ਸ੍ਰੀ ਗੁਰੂ ਨਾਨਕ ਨਿਰੰਕਾਰੀ ਜੀ ਨੇ ਇਸ ਪ੍ਰਕਾਰ ਉਚਾਰਨ ਕੀਤਾ:

**'ਬਿਧਿ ਸੰਗ ਤਿਹਾਵਲ ਕੋ ਕਰਿਯੇ।**
**ਸਤਿਨਾਮ ਗੁਰੂ ਹਿਰਦੈ ਧਰਿਯੇ।**
**ਸਭਿ ਸੰਗਤਿ ਹੋ ਇਕ ਥਾਇਂ ਜਬੈ।**
**ਕਰ ਬੰਦਿ ਕਰੋ ਅਰਦਾਸ ਤਬੈ।੬੮।**
**ਬਰਖਾ ਪੁਨ ਜਾਚਹੁ ਦੀਨ ਮਨੰ।**
**ਬਹੁ ਨੀਰ ਪਰੈ ਹੁਇ ਖੇਤ ਅਨੰ'।**
**ਸੁਨਿ ਸੋ ਬਿਧਿ ਕੀਨਿ ਮਿਲੇ ਤਬਹੀ।**
**ਕਰਤਾਰਹਿਂ ਨਾਮ ਜਪੈਂ ਸਭਿਹੀ।੬੯।**
**ਅਰਦਾਸ ਤਿਹਾਵਲ ਕੀ ਕਰਿ ਕੈ।**

ਪੁਨ ਸੀਸਨ ਕੋ ਧਰਨੀ ਧਰਿ ਕੈ।
ਬਰਖਾ ਬਹੁ ਜਾਚਨ ਕੀਨਿ ਸਭੈ।
ਘਨਘੋਰ ਉਠੇ ਘਨ ਘੋਰ ਤਬੈ।੭੦।
ਤਿਹ ਕਾਲ ਸੁ ਬਾਂਛਤ ਨੀਰ ਪਰਯੋ।
ਸਭਿ ਦੇਸ਼ ਦੁਕਾਲ ਅਤੰਕ ਹਰਯੋ।
ਸੁਨਿ ਕੈ ਮਹਿਮਾ ਮਹਿਪਾਲਕ ਸੋ।
ਕਰਿ ਆਵਨਤਾ ਤਤਕਾਲਕ ਸੋ।੭੧।
ਬਹੁ ਭੇਟ ਲਏ ਭਟ ਭੀਰ ਬਡੀ।
ਸ਼ਰਧਾ ਉਰ ਆਨਿ ਵਧੀਕ ਗਡੀ।
ਕਰੁਨਾਕਰ ਰਾਜਤਿ ਥਾਇ ਜਹਾਂ।
ਪਹੁੰਚਯੋ ਚਿਤ ਚਾਹਿ ਕਰੰਤਿ ਤਹਾਂ।੭੨।
ਮਨ ਦੀਨ ਭਯੋ ਅਸ਼ਟਾਂਗ ਕਰੀ।
ਬਹੁ ਬੈਨ ਬਿਨੈ ਭਨਿ ਹੈਂ ਜੁ ਜਰੀ।
'ਤੁਮ ਸੰਤ ਸੰਪੂਰਨ ਜੋਤਿ ਕਲਾ।
ਉਪਦੇਸ਼ ਦਿਜੈ, ਨਿਜ ਹੋਇ ਭਲਾ।੭੩।
ਅਨਜਾਨ ਪਨੇ ਮਹਿਂ ਦੇਸ਼ ਸਭੈ।
ਕਰਤਾਰ ਨ ਜਾਨਹਿਂ ਕੌਨ, ਕਬੈ।
ਬਰਖਾ ਮਘਵਾ ਜਪਤੇ ਜਬਹੀ।
ਬਹੁ ਹੋਇ, ਪਕੈ ਕ੍ਰਿਸ਼ਿ ਜੋ ਸਭਿਹੀ।੭੪।
ਇਹ ਰੀਤਿ ਪਰੰਪਰ ਦੇਸ਼ ਬਿਖੈ।
ਤੁਮ ਆਨਿ ਹਟਾਵਨ ਕੀਨਿ, ਲਖੈ।
ਅਬ ਜੋ ਬਿਧਿ ਦੇਹੁ ਬਤਾਇ ਹਮੈਂ।
ਮਿਲਿ ਸੋ ਕਰਿਹੈਂ ਅਨੁਸਾਰ ਸੁ ਮੈਂ।੭੫।
ਜਿਹ ਤੇ ਸੁਖ ਪਾਵਹਿਂ ਲੋਕ ਸਬੈ।
ਪਰਲੋਕਹਿਂ ਲੋਕਹਿਂ ਹੋਹਿਂ ਅਭੈ।
ਲਖਿਕੈ ਮਹਿਮਾ ਗਰਵੀ ਤੁਮਰੀ।
ਮਤਿ ਹੋਇ ਰਹੀ ਦਿਢਤਾ ਹਮਰੀ'।੭੬।

ਐ ਨਗਰ ਵਾਸੀਓ! ਬਿਧੀ ਅਨੁਸਾਰ ਤਿਹਾਵਲ ਦਾ ਪ੍ਰਸਾਦ ਕਰ ਕੇ ਤੇ ਸਤਿਨਾਮੁ ਦਾ ਜਾਪ ਕਰ ਕੇ ਨਾਮ ਨੂੰ ਹਿਰਦੇ ਵਿਚ ਟਿਕਾ ਲਉ। ਸਾਰੀ ਸੰਗਤ ਇਕ ਅਸਥਾਨ ਤੇ ਇਕੱਤ੍ਰ ਹੋ ਕੇ, ਦੋਵੇਂ ਹੱਥ ਜੋੜ ਕੇ ਸ਼ਰਧਾ ਨਾਲ ਅਰਦਾਸ ਕਰੋ ਅਤੇ ਮਨ ਵਿਚ ਗ਼ਰੀਬੀ ਧਾਰਨ ਕਰ ਕੇ ਮੀਂਹ ਦੀ ਮੰਗ ਕਰੋ ਤਾਂ ਕਰਤਾ ਪੁਰਖ ਦੀ ਕ੍ਰਿਪਾ ਨਾਲ ਬਿਅੰਤ ਬਰਖਾ ਹੋਵੇਗੀ ਤੇ ਤੁਹਾਡੇ ਖੇਤਾਂ ਕੋਲੋਂ ਅੰਨ ਸੰਭਾਲਿਆ ਨਹੀਂ ਜਾਏਗਾ। ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਰਸੀਲੇ ਬਚਨ ਸੁਣ ਕੇ ਨਗਰ ਵਾਸੀਆਂ ਨੇ ਉਸੇ ਪ੍ਰਕਾਰ ਸਭ ਕੰਮ ਕੀਤੇ। ਕੜਾਹ ਪ੍ਰਸ਼ਾਦ ਕਰ ਕੇ ਅਰਦਾਸ ਕੀਤੀ। ਨਿਮਾਣੇ ਹੋ ਕੇ ਮੀਂਹ ਮੰਗਿਆ। ਸਭ ਨੇ ਸ੍ਰੀ ਕਰਤਾ ਪੁਰਖ ਜੀ ਨੂੰ ਅਰਾਧਿਆ। ਬਸ ਫੇਰ ਕੀ ਸੀ, ਚਾਰੇ ਪਾਸੇ ਘਨਘੋਰ ਘਟਾਂ ਛਾ ਗਈਆਂ

ਤੇ ਮੀਂਹ ਛਹਿਬਰ ਲਾ ਕੇ ਵਰ੍ਹਨ ਲੱਗ ਪਿਆ, ਧਰਤੀ ਸੁਭਾਇਮਾਨ ਹੋ ਗਈ। ਧਰਤੀ ਉਤੇ ਅਸਮਾਨੀਂ ਮੀਂਹ ਵਰ੍ਹਦਾ ਸੀ ਤੇ ਦੇਸ਼ ਵਾਸੀਆਂ ਦੇ ਦਿਲ ਦੇ ਬੱਦਲਾਂ ਵਿੱਚੋਂ ਖ਼ੁਸ਼ੀਆਂ ਦਾ ਮੀਂਹ ਵਰ੍ਹ ਰਿਹਾ ਸੀ।

ਦੇਸ਼ ਵਿੱਚੋਂ ਕਾਲ ਦੂਰ ਹੋ ਗਿਆ। ਸਭ ਦੇ ਚਿਹਰਿਆਂ ਤੇ ਰੌਣਕਾਂ ਨੱਚਣ ਲੱਗ ਪਈਆਂ, ਮਾਨੋ ਕੁਦਰਤ ਦੇ ਘਰ ਵਿਆਹ ਹੋ ਰਿਹਾ ਸੀ। ਚਾਰੇ ਪਾਸੇ ਸੱਚੇ ਗ਼ਰੀਬ ਨਿਵਾਜ਼ ਗੁਰੂ ਦਾ ਜੱਸ ਫੈਲ ਰਿਹਾ ਸੀ। ਜਿਸ ਮਹਿਮਾ ਨੂੰ ਸੁਣ ਕੇ ਦੇਸ਼ ਦਾ ਰਾਜਾ ਤਤਕਾਲ ਗੁਰੂ ਦੇ ਮਿਲਾਪ ਲਈ ਤਿਆਰ ਹੋ ਗਿਆ। ਸੂਰਮਿਆਂ ਦੇ ਦਲ ਨਾਲ ਲੈ ਕੇ, ਭੇਟਾ ਦੇ ਥਾਲ ਭਰ ਕੇ, ਆ ਸਤਿਗੁਰਾਂ ਦੇ ਪਵਿਤ੍ਰ ਚਰਨਾਂ ਤੇ ਨਮਸਕਾਰ ਕੀਤੀ। ਜਿਥੇ ਧਰਤੀ ਦਾ ਸੱਚਾ ਸਾਈਂ ਬੈਠਾ ਸੀ, ਉਥੇ ਨਰ ਨਾਰੀਆਂ ਦੀ ਭੀੜ ਲੱਗ ਗਈ। ਇਕ ਤਰ੍ਹਾਂ ਦਾ ਮੇਲਾ ਬਣ ਗਿਆ ਤੇ ਰਾਜੇ ਨੇ ਨਿਮ੍ਰਤਾ ਸਹਿਤ ਅਧੀਨ ਮਨ ਨਾਲ ਬੇਨਤੀ ਕੀਤੀ ਕਿ ਮਹਾਰਾਜ! ਤੁਸੀਂ ਪੂਰਨ ਸੰਤ ਹੋ, ਸਾਡੇ ਉਤੇ ਉਪਕਾਰ ਕਰ ਕੇ ਸਾਡਾ ਦੇਸ਼ ਬਚਾ ਲਿਆ ਹੈ। ਹੁਣ ਕ੍ਰਿਪਾ ਕਰ ਕੇ ਉਪਦੇਸ਼ ਦਿਉ ਜਿਸ ਦਾ ਸਦਕਾ ਸਾਨੂੰ ਲੋਕ ਪ੍ਰਲੋਕ ਦੇ ਸੁਖ ਮਿਲ ਸਕਣ। ਅਸੀਂ ਪਰਮੇਸ਼ਰ ਤੋਂ ਭੁੱਲੇ ਭਟਕੇ ਠੋਕਰਾਂ ਖਾ ਰਹੇ ਸਾਂ, ਤੁਸਾਂ ਸੱਚੇ ਸਾਹਿਬ ਦੀਆਂ ਬਰਕਤਾਂ ਦੱਸ ਕੇ ਸਾਨੂੰ ਨਿਹਾਲ ਕੀਤਾ ਹੈ। ਹੁਣ ਕ੍ਰਿਪਾ ਕਰੋ ਤੇ ਪ੍ਰਮਾਰਥੀ ਸੁਖ ਦਾ ਰਸਤਾ ਦੱਸੋ। ਅਸੀਂ ਅਣਜਾਣ-ਪੁਣੇ ਵਿਚ ਬੱਦਲਾਂ ਦੀ ਪੂਜਾ ਕਰਦੇ ਰਹੇ ਹਾਂ ਕਿਉਂਕਿ ਸਾਡੇ ਦੇਸ਼ ਵਿਚ ਇਹ ਰੀਤ ਪਰੰਪਰਾ ਤੋਂ ਚਲੀ ਆ ਰਹੀ ਸੀ। ਪਰ ਤੁਸੀਂ ਬੜੀ ਕ੍ਰਿਪਾ ਕੀਤੀ ਜੋ ਇਸ ਨੂੰ ਹਟਾ ਕੇ ਸੱਚੇ ਮਾਰਗ ਦਾ ਝਲਕਾ ਪਾਇਆ ਹੈ। ਤੁਹਾਡੀ ਮਹਿਮਾ ਚੌਂਹ ਕੂੰਟਾਂ ਵਿਚ ਫੈਲ ਰਹੀ ਹੈ। ਸੋ ਜੋ ਜੋ ਰੀਤ ਆਪ ਜੀ ਸਾਨੂੰ ਦੱਸੋਗੇ ਉਸੇ ਅਨੁਸਾਰ ਅਸੀਂ ਚੱਲਾਂਗੇ, ਅਸਾਂ ਨਿਮਾਣਿਆਂ ਤੇ ਦਇਆ ਕਰੋ, ਤਰਸ ਖਾਉ ਤੇ ਪ੍ਰਮਾਰਥ ਸੁਧਾਰ ਦਾ ਉਪਾਅ ਦੱਸੋ। ਮੈਂ ਸਹਿਤ ਪਰਜਾ ਦੇ ਉਸ ਉਪਾਅ ਦੀ ਪਾਲਣਾ ਕਰਾਂਗਾ। ਜਿਸ ਵੇਲੇ ਸੱਚੇ ਸ਼ਹਿਨਸ਼ਾਹ ਬੇਦੀ ਕੁਲ ਦੀਪਕ ਨੇ ਸ਼ਰਧਾ ਭਰੇ ਵਾਕ ਸੁਣੇ, ਰਾਜੇ ਦੇ ਅੰਦਰ ਪ੍ਰੇਮ ਕਾਂਗਾਂ ਉਮਡਦੀਆਂ ਦੇਖੀਆਂ, ਸੱਚਾ ਸਿਦਕ ਤੇ ਸਹੀ ਲਗਨ ਦੇਖੀ ਤਾਂ ਗ਼ਰੀਬ ਨਿਵਾਜ਼ ਤੇ ਸੱਚੇ ਗ਼ਰੀਬ ਨਿਵਾਜ਼ ਦਾ ਮਨ ਪਸੀਜਿਆ। ਗ਼ਰੀਬਾਂ ਤੇ ਅਨਾਥਾਂ ਦੇ ਸਾਥੀ, ਸੋਹਣਾਂ ਸੁਹੱਪਣਾਂ ਦੇ ਸਾਈਂ ਨੇ ਮੇਹਰ ਦਾ ਮੀਂਹ ਵਰ੍ਹਾਉਣ ਲਈ ਇਉਂ ਉਚਾਰਨ ਕੀਤਾ:

**ਸ਼ਰਧਾ ਭਰਿ ਵਾਕ ਸੁਣੇ ਜਬਿਹੀ।**
**ਪਦ ਪਾਹੁਲ ਦੇਤਿ ਭਏ ਤਬਿਹੀ।**
**ਉਪਦੇਸ਼ ਦਿਯੋ 'ਭਜਿਯੇ ਹਰਿ ਕੋ।**
**ਸਤਿਸੰਗਤ ਪ੍ਰੇਮ ਕਰੋ ਉਰ ਕੋ।੭੭।**
**ਇਸ਼ਨਾਨ ਕਰੋ ਇਕ ਜਾਮ ਨਿਸਾ।**
**ਮਿਲਿ ਕੀਰਤਿ ਕੋ ਕਰਿ ਲੇਹੁ ਰਸਾ।**
**ਧ੍ਰਮਸਾਲ ਬਿਸਾਲ ਭਲੀ ਕਰਿਯੇ।**
**ਇਰਖਾ, ਪਰਖਾ, ਛਰ ਕੋ ਹਰਿਯੇ।੭੮।**
**ਸਤਿ, ਸ਼ੀਲ, ਸੰਤੋਖ, ਛਿਮਾ ਧਰਨੀ।**
**ਹਰਿ ਲੋਲਪਤਾ ਕਰੁਨਾ ਕਰਨੀ।**
**ਚਛ ਹੇਰ ਛੁਧਾਤੁਰ ਦੇ ਅਸਨਾ।**

ਨਗਨੈ ਨਰ ਕੋ ਦਿਜਿਯੇ ਬਸਨਾ ।੭੯।
ਮਿਲਿ ਸੰਤਨ ਕਾਲ ਬਤੀਤ ਕਰੋ ।
ਭਵਸਾਗਰ ਕੋ ਨਿਰਸੰਸ ਤਰੋ'।
ਸੁਨਿਕੈ ਉਪਦੇਸ਼ ਸੁ ਨਾਮ ਸਭੈ।
ਕਰ ਬੰਦਹਿਂ ਬੰਦਨ ਕੀਨਿ ਤਬੈ।੮੦।
ਧ੍ਰਮਸਾਲ ਰਚੀ ਤਤਕਾਲ ਤਹਾਂ।
ਅਰਬਿੰਦ ਬਿਲੋਚਨ ਬੈਸਿ ਜਹਾਂ।
ਗੁਨਖਾਨ ਇਸੋ ਉਪਕਾਰ ਕਰਜੋ।
ਕਰਤਾਰ ਭਜੇ ਸਭਿ ਦੇਸ਼ ਤਰਜੋ।੮੧।

ਸਭ ਦੇ ਪ੍ਰੇਮ ਪੂਰਤ ਬਚਨ ਸੁਣ ਕੇ ਚਰਨ ਪਾਹੁਲ[1] ਦੇ ਕੇ ਸਿਖ ਬਣਾਇਆ ਤੇ ਉਪਦੇਸ਼ ਕੀਤਾ ਕਿ ਸ੍ਰੀ ਕਰਤਾ ਪੁਰਖ ਜੀ ਦਾ ਸਿਮਰਨ ਕਰੋ, ਜਿਸ ਦੇ ਆਸਰੇ ਮਨੁੱਖ ਜਨਮ ਦੀ ਬੇੜੀ ਪਾਰ ਕਰ ਸਕੇ ਤੇ ਸਤਿਸੰਗਤ ਨਾਲ ਦਿਲੋਂ ਪ੍ਰੇਮ ਕਰੋ ਕਿਉਂਕਿ ਸਤਿਸੰਗਤ ਵਿੱਚੋਂ ਈਸ਼ਵਰ-ਭਗਤੀ ਪ੍ਰਾਪਤ ਹੋ ਕੇ ਕਰਤਾ ਪੁਰਖ ਦਾ ਗਿਆਨ ਪ੍ਰਾਪਤ ਹੁੰਦਾ ਏ। ਇਕ ਪਹਿਰ ਰਾਤ ਜਦੋਂ ਬਾਕੀ ਹੋਵੇ ਉਦੋਂ ਜਾਗ ਕੇ ਇਸ਼ਨਾਨ ਕਰ ਕੇ, ਸਾਰੀ ਸੰਗਤ ਮਿਲ ਕੇ ਕੀਰਤਨ ਕਰ ਕੇ ਹਰੀ ਨਾਮ ਦਾ ਅੰਮ੍ਰਿਤਪਾਨ ਕਰੋ ਤੇ ਧਰਮਸਾਲਾ ਬਣਾ ਕੇ ਜੋ ਕਿ ਬੜੀ ਸੁੰਦਰ ਹੋਵੇ ਉਸ ਵਿਚ ਬੈਠ ਪ੍ਰਭੂ ਚਿੰਤਨ ਕਰੋ। ਈਰਖਾ, ਕਠੋਰਤਾ ਤੇ ਛਲ ਵਲ ਤਿਆਗ ਦਿਉ ਤੇ ਸਤ ਸੰਤੋਖ, ਜਤ ਸਤ ਅਤੇ ਖਿਮਾਂ ਦਾ ਪਾਲਨ ਕਰਨ ਨਾਲ ਮਨ ਨਿਰਮਲ ਤੇ ਸ਼ਾਂਤ ਰਹਿ ਕੇ ਹਰੀ ਸਿਮਰਨ ਕਰ ਸਕੇ, ਚੰਚਲਤਾ ਨੂੰ ਤਿਆਗ ਕੇ। ਹਰ ਇਕ ਜੀਵ ਮਾਤ੍ਰ ਪਰ ਕ੍ਰਿਪਾ ਕਰਨੀ ਮਨੁੱਖੀ ਧਰਮ ਹੈ। ਜਦੋਂ ਵੀ ਕੋਈ ਭੁੱਖਾ ਦੇਖੋ ਉਸਨੂੰ ਅੰਨ ਤੇ ਨੰਗੇ ਨੂੰ ਕਪੜਾ ਦੇ ਕੇ ਉਨ੍ਹਾਂ ਦੀਆਂ ਖ਼ੁਸ਼ੀਆਂ ਨੂੰ ਵਧਾਉਣ ਦਾ ਯਤਨ ਕਰਨਾ ਸੱਚੀ ਭਗਤੀ ਹੈ। ਆਪਣਾ ਸਮਾਂ ਸੰਗਤ ਕਰ ਕੇ ਬਤੀਤ ਕਰੋਗੇ ਤਾਂ ਨਿਰਸੰਸੇ ਭਵਸਾਗਰ ਪਾਰ ਕਰ ਜਾਉਗੇ।

ਸੱਚੇ ਗੁਰੂ ਦਾ ਸੁੱਚਾ ਤੇ ਸਰੇਸ਼ਟ ਉਪਦੇਸ਼ ਸੁਣ ਕੇ ਸਾਰਿਆਂ ਨੇ ਡੰਡਉਤ ਬੰਦਨਾ ਕੀਤੀ ਤੇ ਤਤਕਾਲ ਧਰਮਸਾਲਾ ਬਣਾ ਕੇ ਸਤਿਗੁਰਾਂ ਦੇ ਹੁਕਮ ਦੀ ਪਾਲਨਾ ਕੀਤੀ। ਸਤਿਗੁਰੂ ਸੱਚੇ ਪਾਤਸ਼ਾਹ ਨੇ ਐਸਾ ਉਪਕਾਰ ਕੀਤਾ ਕਿ ਕਰਤਾ ਪੁਰਖ ਜੀ ਦਾ ਨਾਮ ਸਿਮਰਨ ਕਰ ਕੇ ਸਾਰਾ ਦੇਸ਼ ਤਰ ਗਿਆ। ਸੱਚੇ ਗ਼ਰੀਬ ਨਿਵਾਜ਼ ਨੇ ਗ਼ਰੀਬ ਨਿਵਾਜ਼ੀ ਦਾ ਸੱਚਾ ਤੇ ਅਮਲੀ ਸਬਕ ਦਿੱਤਾ।

ਇੰਨੇ ਨੂੰ ਖੇਤ ਵਾਲਾ ਜ਼ਿਮੀਂਦਾਰ ਆ ਗਿਆ ਤੇ ਹੱਥ ਜੋੜ ਬੇਨਤੀ ਕੀਤੀ ਕਿ ਸਤਿਗੁਰੂ ਜੀਉ! ਕ੍ਰਿਪਾ ਕਰ ਕੇ ਮੈਨੂੰ ਕੁਦਰਤ ਦਾ ਕੋਈ ਪਤਾ ਦਿਓ ਕਿ ਉਹ ਕੀ ਵਸਤੂ ਹੈ:

ਰਾਹਕ ਪੂਰਬ ਸਿਖ ਜੋ, ਬੋਲਯੋ ਦ੍ਵੈ ਕਰ ਬੰਦ।
ਕੁਦਰਤ ਕੋ ਕੁਝ ਪਤਾ ਮੁਝ, ਦਰਸਾਵੋ ਸੁਖਕੰਦ।੮੫।

---

੧. ਖੰਡੇ ਦਾ ਅੰਮ੍ਰਿਤ ਛਕਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਚਰਨ ਪਾਹੁਲ ਦਾ ਰਿਵਾਜ ਬਦਲ ਦਿੱਤਾ ਹੈ। ਸੋ ਹੁਣ ਖੰਡੇ ਦਾ ਅੰਮ੍ਰਿਤ-ਪਾਨ ਕਰਨਾ ਹੀ ਗੁਰਮਤਿ ਦਾ ਪਾਲਨ ਕਰਨਾ ਹੈ।

ਹੇ ਸੁਖ ਸਾਗਰ, ਹੇ ਸੁਖਾਂ ਦੇ ਘਰ ਸੁਆਮੀ! ਕੁਦਰਤ ਕਿਸ ਨੂੰ ਆਖਦੇ ਹਨ, ਉਹ ਕੀ ਕੰਮ ਕਰਦੀ ਹੈ, ਕੋਈ ਪਤਾ ਨਹੀਂ ਲਗਦਾ, ਸੋ ਕ੍ਰਿਪਾ ਕਰਕੇ ਉਸ ਬਾਰੇ ਕੋਈ ਚਾਨਣਾ ਪਾ ਕੇ ਮੇਰੇ ਸੰਸੇ-ਯੁਕਤ ਮਨ ਦੀ ਭਰਮ ਨਵਿਰਤੀ ਕਰੋ। ਤਦ ਸ੍ਰੀ ਗੁਰੂ ਜੀ ਸ੍ਰੀ ਮੁਖ ਤੋਂ ਬੋਲੇ :

**ਸੁਨਿ ਕਰ ਤਿਹ ਕੇ ਬਚ ਗੁਰੁ ਨਾਨਕ ਕਰੀ ਗਿਰਾ ਉਚਾਰ।**
**'ਜਾਹੁ ਖੇਤ ਮਹਿਂ ਬੂਟ ਉਪਰਾਹੁ ਦੇਖਹੁ ਕੁਦਰਤ ਭਾਰਿ।**
**ਆਚਰਜ ਜਿਹ ਕੋ ਰੂਪ ਲਖਿਯਤ ਸਕੈ ਕੌਨ ਨ ਚੀਨ।**
**ਸੁਰ, ਨਰ, ਅਸੁਰ, ਅਹਿ ਤਰਹਿ ਤਾਂਕੇ ਉਰਧ ਜਿਨ ਇਹ ਕੀਨ' ।੯੫।**
**ਨਿਜ ਕਾਨ ਸੁਨਿ ਮਤਿਵਾਨ ਮਾਨਵ ਖੇਤ ਮਹਿਂ ਤਬ ਜਾਇ।**
**ਗੋਧੂਮ ਬੂਟ ਉਖਾਰਿ ਦੇਖਯੋ ਰਹਯੋ ਉਰ ਬਿਸਮਾਇ।**
**ਅੰਗਾਰ ਅਗਨੀ ਅਰੁਨ ਦੀਸਤਿ ਤੇਜ ਨਹਿਂ ਸਹਿ ਜਾਇ।**
**ਸਭਿ ਲੋਕ ਹੇਰਨ ਹੇਤੁ ਦੌਰੇ ਬਹੁਤ ਜਿਨ ਮਨ ਚਾਇ ।੯੬।**
**ਹੇਰਿ ਹੇਰਿ ਆਚਰਜ ਮਾਨਹਿਂ ਅਗਨਿ ਪਰ ਪਿਖ ਖੇਤ।**
**—ਜਿਹ ਛੁਵਤਿ ਜਰਿਸੀ ਦਾਰ ਦ੍ਰੁਤਿ ਸਭਿ ਹਰੀ ਭੀ ਕਿਹ ਹੇਤ।**
**ਕਰਤਾਰ ਕੁਦਰਤਿ ਅਤਿ ਬਲਿਸ਼ਟਹਿ ਕੀਨ ਅਚਰਜ ਬਾਤ।**
**ਹੈ ਅਗਨਿ ਊਪਰ ਕ੍ਰਿਸ਼ਿ ਬ੍ਰਿਧਿਤ ਹਰੀ ਬਹੁ ਜਿਹ ਪਾਤ— ।੯੭।**
**ਕਰਤਾਰ ਬਹੁਰ ਲਖਾਇ ਕੁਦਰਤ ਸੱਤਿਨਾਮ ਜਪਾਇ।**
**ਕਰਿ ਧਰਮਸਾਲਾ ਗ੍ਰਾਮ ਗ੍ਰਾਮਹਿ ਨਾਮ ਦਾਨ ਦ੍ਰਿੜਾਇ।**
**ਤਬ ਕੀਨ ਦੇਸ਼ ਪਵਿੱਤ੍ਰ ਸਗਰੋ ਲਗੇ ਕੀਰਤਿ ਗਾਨਿ।**
**ਸ਼ੁਭ ਚਲੀ ਰੀਤਿ ਪੁਨੀਤ, ਸਿੱਖੀ-ਸਤਿਗੁਰੂ ਕੁਰਬਾਨ ।੯੮।**

SIKHBOOKCLUB.COM

ਹੇ ਭਲੇ ਪੁਰਸ਼! ਖੇਤ ਵਿਚ ਜਾਹ, ਇਕ ਬੂਟਾ ਕਣਕ ਦਾ ਪੁੱਟ ਕੇ ਦੇਖ ਤੈਨੂੰ ਕੁਦਰਤ ਦੀ ਸਮਝ ਆ ਜਾਏਗੀ। ਜਿਸ ਦੇ ਅਸਚਰਜ ਰੂਪ ਨੂੰ ਜਾਨਣਾ ਅਤੀ ਕਠਨ ਹੈ ਉਸਦਾ ਗਿਆਨ ਕਣਕ ਦਾ ਬੂਟਾ ਪੁੱਟਿਆਂ ਹੋ ਜਾਏਗਾ। ਦੇਵਤੇ, ਆਦਮੀ, ਰਾਕਸ਼, ਸੱਪ, ਪਤਾਲ, ਅਕਾਸ਼ ਤੇ ਮਾਤ ਲੋਕ, ਜਿਨ ਇਹ ਸਭ ਸਾਜਨਾ ਸਾਜੀ ਹੈ ਉਸਦੇ ਰੰਗ ਤੇ ਕੌਤਕ ਤੈਨੂੰ ਨਜ਼ਰੀਂ ਪੈ ਜਾਣਗੇ। ਸੱਚੇ ਪਿਤਾ ਦੇ ਸ਼ੁਭ ਬਚਨ ਸੁਣ ਕੇ ਜ਼ਿਮੀਂਦਾਰ ਖੇਤ ਵਿਚ ਗਿਆ ਤੇ ਇਕ ਬੂਟਾ ਪੁੱਟਿਆ ਤੇ ਹੈਰਾਨ ਹੋ ਗਿਆ, ਡੌਰ ਭੌਰਾ ਹੋ ਕੇ ਚਾਰੇ ਪਾਸੇ ਦੇਖਣ ਲੱਗ ਪਿਆ। ਅਕਲ ਫ਼ਿਕਰ ਕੰਮ ਨਹੀਂ ਕਰਦੇ। ਕਰਤੇ ਦੀ ਕੁਦਰਤ ਨੇ ਪਰੇਸ਼ਾਨ ਕਰ ਦਿੱਤਾ। ਕੀ ਦੇਖਿਆ ਕਿ ਜਿੱਥੋਂ ਬੂਟਾ ਪੱਟਿਆ ਉਥੋਂ ਅੱਗ ਦੀਆਂ ਲਾਟਾਂ ਨਿਕਲ ਰਹੀਆਂ ਹਨ ਜਿਨ੍ਹਾਂ ਦਾ ਸੇਕ ਸਹਿਆ ਨਹੀਂ ਜਾਂਦਾ। ਸਾਰੇ ਖੇਤ ਹੇਠ ਅੱਗ ਦੇ ਭਾਂਬੜ ਬਲ ਰਹੇ ਹਨ। ਪਰ ਉਤੇ ਹਰੀ ਭਰੀ ਖੇਤੀ ਲਹਿ-ਲਹਾ ਰਹੀ ਏ। ਇਸ ਅਸਚਰਜ ਕੌਤਕ ਨੂੰ ਦੇਖਣ ਵਾਸਤੇ ਸਾਰੇ ਨਗਰ ਵਾਸੀ ਦੌੜੇ ਆਏ ਤੇ ਦੇਖ ਦੇਖ ਕੇ ਅਸਚਰਜ ਹੋ ਰਹੇ ਸਨ ਕਿ ਹੇ ਨਿਰੰਕਾਰ! ਅਜੀਬ ਹੈ ਤੇਰੀ ਮਾਇਆ! ਹੇਠਾਂ ਅੱਗ ਦੇ ਅੰਗਾਰੇ ਤੇ ਉਤੇ ਹਰੀ ਭਰੀ ਖੇਤੀ! ਅੱਗ ਵੀ ਐਸੀ ਕਿ ਜਿਸਨੂੰ ਛੂੰਹਦੇ ਸਾਰ ਲੱਕੜੀ ਵੀ ਸੜ ਜਾਏ। ਉਸ ਉਤੇ ਖੇਤੀ ਨੂੰ ਹਰਿਆ ਭਰਿਆ ਰੱਖਣਾ ਇਹ ਤੇਰੀ ਹੀ ਤਾਕਤ ਤੇ ਸ਼ਕਤੀ ਹੈ। ਹੇ ਕਰਤਾਰ! ਤੇਰੀ ਕੁਦਰਤ ਬੜੀ ਬਲਵਾਨ ਹੈ। ਪਤਾ ਨਹੀਂ ਤੂੰ ਕਿਸ ਤਰ੍ਹਾਂ ਅੱਗ ਉਤੇ ਪੱਤਿਆਂ ਨੂੰ ਹਰਿਆਂ ਰਖਿਆ ਹੈ। ਇਸ ਪ੍ਰਕਾਰ ਕੁਦਰਤ ਨੂੰ ਦੇਖ ਕੇ ਸਾਰੇ ਲੋਕ ਸਿਖ ਬਣ ਗਏ ਤੇ ਸਤਿ ਕਰਤਾਰ ਦਾ ਸਿਮਰਨ

ਕਰਨ ਵਿਚ ਜੁੜ ਗਏ ਤੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਧਰਮਸਾਲਾ ਬਣਵਾ ਕੇ, ਨਾਮ ਦਾਨ ਦੇ ਕੇ ਸਾਰਾ ਦੇਸ਼ ਪਵਿਤ੍ਰ ਕਰ ਕੇ ਅੱਗੇ ਨੂੰ ਤੁਰ ਪਏ। ਜਿਸ ਸਫ਼ਰ ਬਾਰੇ ਮੇਰੇ ਮਨ ਵਿਚ ਇਸ ਤਰ੍ਹਾਂ ਦੇ ਭਾਵ ਪ੍ਰਗਟ ਹੋਏ ਹਨ ਕਿ:

**ਸੁੰਦਰ ਸੁੰਦਰ ਚਾਲ, ਸਤਿਗੁਰ ਚੱਲਦੇ ਜਾਂਦੇ ਨੇ।**
**ਦੁਖੀਆਂ ਦੁਖ ਨਿਵਾਰ, ਦਲਿੱਦਰ ਦਲਦੇ ਜਾਂਦੇ ਨੇ।**
**ਦੀਨਾ ਨਾਥ ਦਿਆਲ, ਦਯਾ ਦਾ ਸਾਗਰ ਸਤਿਗੁਰੁ ਪੂਰਾ ਏ।**
**ਓਨਾ ਕੀ ਪ੍ਰਵਾਹ, ਜਿਨ੍ਹਾ ਦਾ ਸਾਥੀ ਸਤਿਗੁਰ ਸੂਰਾ ਏ।**
**ਘਟ ਘਟ ਜਾਣੀ ਜਾਣ, ਹੈ ਸੱਚਾ ਸਾਥੀ ਰਾਖਾ ਸਭ ਦਾ ਉਹ।**
**ਲੋਕੀਂ ਲੱਭਣ ਸੁਖੀਏ, ਦੀਨਾਂ ਦੁਖੀਆਂ ਨੂੰ ਹੈ ਲਭਦਾ ਉਹ।**
**ਉਹਦੇ ਪਏ ਕਲੇਜੇ ਠੰਢ, ਜਦੋਂ ਕੋਈ ਦੁਖੀਆ ਸੁਖੀਆ ਹੋ ਜਾਇ।**
**ਉਹਦੇ ਪਏ ਕਲੇਜੇ ਕਰਕ ਜਦੋਂ ਕੋਈ ਦੁਖੀਆ ਕੂਕਾਂ ਦੇ ਕੁਰਲਾਇ।**
**ਦਿਲ ਦਰਦੀ ਸੁਘੜ ਸੁਜਾਨ, ਉਹ ਹੈ ਨਾ ਸਾਥੀ ਸੁੱਖਾਂ ਦਾ।**
**ਸਭ ਛੱਡੇ ਐਸ਼ ਅਰਾਮ ਹੈ, ਸਿਰ ਤੇ ਭਾਰ ਉਠਾਇਆ ਦੁੱਖਾਂ ਦਾ।**
**ਉਹ ਕਹੇ 'ਸੁਤੰਤ੍ਰ' ਬਚਨ, ਨਾ ਡਰਦਾ ਹੈ ਕਿਸੇ ਜਰਵਾਣੇ ਤੋਂ।**
**ਮੈਂ ਸਦਕੇ ਉਹਦੇ ਕਦਮਾਂ ਤੋਂ, ਕੁਰਬਾਨ ਹਾਂ ਉਹਦੇ ਘਰਾਣੇ ਤੋਂ।**

ਪਰਉਪਕਾਰੀ ਪਿਤਾ ਨੇ ਸਾਰਾ ਦੇਸ਼ ਨਿਹਾਲ ਕੀਤਾ ਤੇ ਨਾਮ ਬਾਣੀ ਦਾ ਦਾਨ ਦੇ ਕੇ, ਸਿਖੀ ਰੀਤ ਚਲਾ ਕੇ ਭੁੱਲੇ ਭਟਕਿਆਂ ਨੂੰ ਸੱਚ ਦਾ ਮਾਰਗ ਦੱਸਿਆ ਤੇ ਇਕ ਅਕਾਲ ਦੇ ਲੜ ਲਾ ਕੇ, ਭਰਮਾਂ ਪਖੰਡਾਂ ਦਾ ਭਾਂਡਾ ਭੰਨ ਕੇ, ਗ਼ਰੀਬਾਂ ਉਤੇ ਭਾਰੀ ਉਪਕਾਰ ਕਰ ਕੇ ਗ਼ਰੀਬ ਨਿਵਾਜ਼ ਹੋਣ ਦਾ ਅਮਲੀ ਪ੍ਰਮਾਣ ਸਾਡੇ ਸਾਮ੍ਹਣੇ ਪ੍ਰਗਟਾਇਆ ਤੇ ਜਗਤ ਜਲ਼ੰਦੇ ਨੂੰ ਨਾਮ ਜਲ ਦੇ ਕੇ ਜੀਊਂਦਿਆਂ ਕੀਤਾ ਅਤੇ ਤਪਤ ਬੁਝਾ ਦਿੱਤੀ, ਜਿਸ ਕਾਰਨ ਸਾਰੇ ਦੇਸ਼ ਵਿਚ ਠੰਢ ਵਰਤੀ, ਦੁਖਿਆਰਿਆਂ ਨੇ ਸੁਖ ਦਾ ਸਾਹ ਲਿਆ ਤੇ ਆਸਾਂ ਦੀ ਵੇਲ ਵਿੱਚੋਂ ਨਰਮ ਨਰਮ ਕੂਮਲੀਆਂ ਨੇ ਕਲੋਲ ਕਰਨੇ ਅਰੰਭੇ। ਸੰਸਾਰ ਦੇ ਬਾਗ਼ ਦੇ ਸੁੱਕੇ ਬੂਟਿਆਂ ਨੇ ਹਰਿਆਵਲ ਦੇਖੀ ਤੇ ਮੁਰਝਾਏ ਹੋਏ ਫੁੱਲਾਂ ਦੀਆਂ ਬੁੱਲ੍ਹੀਆਂ ਨੇ ਚਿਰਾਂ ਪਿੱਛੋਂ ਮੁਸਕਰਾ ਕੇ ਦੇਖਿਆ, ਜਿਸ ਮੁਸਕਰਾਹਟ ਨੂੰ ਭਾਈ ਸੰਤੋਖ ਸਿੰਘ ਜੀ ਨੇ ਇਉਂ ਫ਼ੁਰਮਾਇਆ ਹੈ:

**ਨਰ ਕਰਹਿਂ ਕੀਰਤਿ ਪ੍ਰੀਤਿ ਯੁਤ ਉਰ ਧਰੀ ਸ਼ਰਧਾ ਨਾਮ।**
**ਬਰ ਪਰਮਦਾ ਅਪਵਰਗ ਸੁਮਰਨ ਧਰਮ ਅਰਥਹਿ ਕਾਮ।**
**ਜਿਸ ਨਾਮ ਤੇ ਸੁਖ ਧਾਮ[1] ਪ੍ਰਾਪਤ ਤਰੇ ਪਤਿਤ ਅਨੇਕ।**
**ਜੋ ਗੈਨ[2] ਛੌਨੀ[3] ਨਾਗ ਸਦਨਾਂ ਬ੍ਰਹਮਮੰਡਹਿ[4] ਟੇਕ।੮੬।**
**ਤਿਹ ਕੋ ਮੁਨਾਫ਼ਕ ਨਾਮ ਪੂਰਬ ਫੇਰਿ ਸਤਿਗੁਰ ਦੀਨ।**
**ਪੁਨ ਦੇਸ਼ 'ਸੁਆਲਕੋਟ' ਰਾਖਿਓ ਕਰਿ ਰੀਤਿ ਰੁਚਿਰ ਨਵੀਨ।**

---

੧. ਸੁਖ ਦਾ ਘਰ।
੨. ਆਕਾਸ਼।
੩. ਪ੍ਰਿਥਵੀ।
੪. ਸਾਰਾ ਸੰਸਾਰ।

ਇਸ ਭਾਂਤਿ ਕਰਿ ਉਪਕਾਰ ਤਿਨ ਪਰ ਚਲਿਨ ਮਨਸਾ ਕੀਨ।
ਭਵ ਸੇਤੁ ਕੀਰਤਿ ਕਰਨਧਰਨੀ ਜਾਹਿੰ ਸਿਖ ਸੁਖ ਦੀਨ।੯੦।
ਬਰਿ ਭੂਪ ਪਰਜਾ ਪਰ ਖੁਸ਼ੀ ਗੁਰ ਗਏ ਆਨ ਅਸਥਾਨ।
ਪਸ਼ਚਾਤ ਨਰ ਝੂਰਤਿ ਰਿਦੈ—ਤਬ ਰਹੇ ਹਮ ਅਨਜਾਨ।
ਬਰਿ ਸੇਵ ਤਿਨਕੀ ਤ੍ਰਿਪਤਿ ਭੇ ਨਹਿੰ, ਪਾਇ ਦਰਸ ਅਮੋਲ।
ਭਜਿ ਸ਼ਰਨ ਗੁਰ ਸੰਤੋਖ ਸਿੰਘ ਨਿਤ ਪਾਇੰ ਅਨੰਦ ਅਡੋਲ।੯੧।

SIKHBOOKCLUB.COM

# ਬੇ-ਮੁਹਤਾਜ

ਸੰਸਾਰੀ ਢਾਂਚਾ ਐਸੀ ਢਾਲਣਾ ਵਿਚ ਢਾਲਿਆ ਗਿਆ ਹੈ ਕਿ ਇਸ ਦਾ ਹਰ ਇਕ ਜੀਵ ਇਕ ਦੂਜੇ ਦਾ ਮੁਥਾਜ਼ ਹੈ, ਜਿਸ ਕਰਕੇ ਇਕ ਦੂਜੇ ਦੀ ਕਾਣ ਕੱਢਣੀ ਪੈਂਦੀ ਹੈ। ਸੇਠ ਤੋਂ ਹੇਠ ਤਕ ਸਾਰੇ ਇਕ ਦੂਜੇ ਦੇ ਮੁਥਾਜ ਹੋ ਕੇ ਜੀਵਨ-ਯਾਤਰਾ ਮੁਕਾ ਰਹੇ ਹਨ। ਸਾਮੀਆਂ ਸ਼ਾਹ ਦੀ ਮੁਥਾਜੀ ਦਾ ਸ਼ਿਕਾਰ ਹਨ, ਭੁੱਖੇ ਸਰਮਾਇਦਾਰਾਂ ਦੇ ਤੇ ਨੰਗੇ ਦਾਨੀਆਂ ਦੇ ਦਰ ਦੇ ਭਿਖਾਰੀ ਬਣੇ ਬੈਠੇ ਹਨ। ਖੇਤੀ ਦਾ ਕੰਮ ਕਰਨ ਵਾਲਾ ਅਰਸ਼ੀ ਪਾਣੀ ਦਾ ਮੁਥਾਜ ਹੈ। ਧਰਤੀ ਦਾ ਰਾਜ ਕਰਨ ਵਾਲਾ ਰਾਜਾ ਵੀ ਮੁਥਾਜ਼ੀ ਦੇ ਸ਼ਕੰਜੇ ਵਿਚ ਕੱਸਿਆ ਪਿਆ ਹੈ। ਰੋਗੀ ਹਕੀਮ ਦਾ ਤੇ ਹਕੀਮ ਦਵਾਈਆਂ ਦਾ ਮੁਥਾਜ ਹੈ। ਧਰਤੀ ਦੇ ਥੱਲੇ ਰਹਿਣ ਵਾਲਾ ਜ਼ਹਿਰ ਭਰਿਆ ਸੱਪ ਆਪਣਾ ਦੁੱਖ ਦੂਰ ਕਰਨ ਲਈ ਹਵਾ ਦਾ ਮੁਥਾਜ ਹੈ। ਅਸਮਾਨ ਵਿਚ ਖੁੱਲ੍ਹੀਆਂ ਉਡਾਰੀਆਂ ਮਾਰਨ ਵਾਲਾ ਪਪੀਹਾ ਸੁਵਾਂਤੀ ਬੂੰਦ ਦਾ ਮੁਥਾਜ ਪ੍ਰਿਅ ਪ੍ਰਿਅ ਟੇਰਦਾ ਫਿਰਦਾ ਹੈ, ਫੁੱਲਾਂ ਦੀ ਸੁਗੰਧੀ ਦਾ ਮੁਥਾਜ ਭੌਰਾ ਵਾੜੀ ਵਾੜੀ ਭਉਂਦਾ ਫਿਰਦਾ ਏ, ਪੁਰਸ਼ ਭਾਵੇਂ ਕਿਸੇ ਵੀ ਸ਼੍ਰੇਣੀ ਦਾ ਹੋਵੇ ਉਹ ਕਾਮ ਦੇ ਅਧੀਨ ਹੋ ਕੇ ਕਾਮਨੀ ਦੀ ਮੁਥਾਜੀ ਕਰਦਾ ਲੱਜਿਆ ਨਹੀਂ ਸਮਝਦਾ। ਰਾਗ ਇਕ ਜਾਦੂ ਹੈ ਜੋ ਮਨੁੱਖ ਤੋਂ ਬਿਨਾਂ ਜਾਨਵਰਾਂ ਉਤੇ ਵੀ ਅਸਰ ਕਰਦਾ ਹੈ, ਤੇ ਬੜਾ ਬਰੀਕ ਹੁਨਰ ਹੈ, ਇਸ ਵਿਚ ਬੜੀ ਕੋਮਲਤਾ ਹੈ। ਇਸ ਦੇ ਜਾਦੂ-ਭਰੇ ਅਸਰ ਅੱਗੇ ਸੱਪ ਵੀ ਮਸਤ ਹੋ ਜਾਂਦਾ ਹੈ, ਰਾਜਿਆਂ ਕੋਲੋਂ ਰਾਜ ਛੁੜਵਾ ਦਿੰਦਾ ਹੈ, ਪਰ ਇਹ ਵੀ ਸਰੋਤੇ ਦਾ ਮੁਥਾਜ ਹੈ, ਜੇ ਸਮਝਦਾਰ ਸਰੋਤਾ ਨਾ ਹੋਵੇ ਤਾਂ ਰਾਗੀ ਦਾ ਰਾਗ ਰਸਦਾ ਈ ਨਹੀਂ। ਕਵਿਤਾ ਇਕ ਮੂੰਹ ਬੋਲਦੀ ਸ਼ਕਤੀ ਹੈ, ਮੁਰਦਿਆਂ ਵਿਚ ਦੁਬਾਰਾ ਜਾਨ ਪਾ ਕੇ ਸੁਰਜੀਤ ਕਰਨ ਵਾਲਾ ਆਬਿਹਯਾਤ ਹੈ, ਕਾਇਰਾਂ ਤੇ ਬੁਜ਼ਦਿਲਾਂ ਨੂੰ ਬਹਾਦਰ ਬਣਾ ਕੇ ਜੰਗ ਦੇ ਮੈਦਾਨ ਵਿਚ ਜੌਹਰ ਦੱਸਣ ਦੇ ਲਾਇਕ ਬਣਾ ਦਿੰਦੀ ਹੈ, ਦੁਸ਼ਮਣਾਂ ਨੂੰ ਮਿਤ੍ਰ ਤੇ ਪਰਾਇਆਂ ਨੂੰ ਆਪਣੇ ਬਣਾ ਸਕਦੀ ਹੈ, ਇਸ ਨੂੰ ਸੁਣ ਕੇ ਬਹਾਦਰਾਂ ਦੇ ਖ਼ੂਨ ਖੌਲਦੇ ਤੇ ਹੱਥ ਤਲਵਾਰ ਦੇ ਕਬਜ਼ਿਆਂ ਤੇ ਪੁੱਜ ਜਾਂਦੇ ਨੇ। ਇਹ ਬੈਤਾਲ ਦੀ ਰਸਨਾ ਤੇ ਵੱਸ ਕੇ ਬੜੇ ਭੇਦ ਖੋਲ੍ਹਦੀ ਹੈ, ਜਿਸ ਤਰ੍ਹਾਂ ਕਿ ਉਨ੍ਹਾਂ ਨੇ ਲਿਖਿਆ ਹੈ:

ਮਰੇ ਬੈਲ ਗਰੀਆਰ ਮਰੇ ਵੈਹ ਅੜੀਅਲ ਟੱਟੂ।
ਮਰੇ ਕਰਕਸਾ ਨਾਰ, ਮਰੇ ਵੈਹ ਖਸਮ ਨਿਖੱਟੂ।
ਬ੍ਰਹਮਨ ਸੋ ਮਰ ਜਾਇ, ਹਾਥ ਲੈ ਮਦਰਾ ਪਿਲਾਇ।
ਪੂਤ ਵਹੈ ਮਰ ਜਾਇ, ਜੋ ਕੁਲ ਕੋ ਦਾਗ ਲਗਾਇ।
ਅਰ ਬੇਨਿਆਵ ਰਾਜਾ ਮਰੇ, ਤਬੈ ਨੀਂਦ ਭਰ ਸੋਈਐ।
ਬੈਤਾਲ ਕਹੇ ਬਿਕ੍ਰਮ ਸੁਣੋ, ਏਤੇ ਮਰੇ ਨਾ ਰੋਈਐ।
ਜੀਭ ਕਰੇ ਉਦਯੋਗ, ਜੀਭ ਲੈ ਕੈਦ ਕਰਾਵੈ।

ਜੀਭ ਮਿਲਾਵੈ ਰਾਮ, ਜੀਭ ਸਭ ਨਰਕ ਭੁਗਾਵੈ।
ਜੀਭ ਜੋਗ ਅਰ ਭੋਗ, ਜੀਭ ਬਹੁ ਰੋਗ ਬਢਾਵੈ।
ਜੀਭ ਬਢਾਵੇ ਸ਼ੱਤ੍ਰੁ ਜੀਭ ਹੀ ਮਿਤ੍ਰ ਬਨਾਵੈ।
ਨਿਜ ਜੀਭ ਔਰ ਓਠ ਇਕਾਂਗਰ ਕਰ ਬਾਂਟ ਸਹਾਰੇ ਤੋਲੀਏ।
ਬੇਤਾਲ ਕਹੇ ਬਿਕ੍ਰਮ ਸੁਣੋਂ ਜੀਭ ਸੰਭਾਰੇ ਬੋਲੀਏ।

...... ...... ...... ......

ਇਹੋ ਕਵਿਤਾ ਰਾਣੀ ਜਦੋਂ ਅਕਬਰ ਦੇ ਮਨਜ਼ੂਰੇ ਨਜ਼ਰ ਬੀਰਬਲ ਦੇ ਅੰਦਰੋਂ ਉਛਾਲੇ ਮਾਰਦੀ ਏ ਤਾਂ ਉਹ ਨੀਤੀਵਾਨ ਵਜ਼ੀਰ ਇਉਂ ਕਹਿ ਉਠਦਾ ਏ ਕਿ:

ਪੂਤ ਕਪੂਤ, ਕੁਲਖਨ ਨਾਰ,
ਲਰਾਕ ਪਰੋਸ, ਲੱਜਾਇ ਨਾ ਸਾਰੇ।
ਬੰਧੁ ਕਬੁੱਧ, ਪਰੋਹਿਤ ਲੰਪਟ,
ਚਾਕਰ ਚੋਰ, ਅਤਿਥੀ ਦੁਧਾਰੋ।
ਸਾਹਿਬ ਸੂੰਮ, ਅਰਾਕ ਤੁਰੰਗ,
ਕਿਸਾਨ ਕਠੋਰ, ਦੀਵਾਨ ਨਿਕਾਰੋ।
ਬ੍ਰਹਮ ਭਣੇ ਸੁਣ ਸ਼ਾਹ ਅਕਬਰ !
ਬਾਰਹਿ ਬਾਂਧ ਸਮੁੰਦ ਮੇਂ ਡਾਰੋ।

ਇਹ ਕਵਿਤਾ ਜੋ ਕਾਦਰ ਦੀ ਕੁਦਰਤ ਨੂੰ ਦਰਸਾਉਣ ਵਿਚ ਵੱਧ ਤੋਂ ਵੱਧ ਇਮਦਾਦ ਕਰਦੀ ਏ ਤੇ ਮਨ ਦੇ ਲੁਕੇ ਹੋਏ ਵਲਵਲਿਆਂ ਨੂੰ ਦੂਜੇ ਦਿਲ ਤਕ ਪਹੁੰਚਾਉਣ ਵਾਸਤੇ ਅਲੌਕਿਕ ਸਾਧਨ ਹੈ, ਜੇ ਕਿਸੇ ਭਗਤ ਦੀ ਰਸਨਾ ਤੇ ਆ ਜਾਂਦੀ ਏ ਤਾਂ ਉਹ ਆਪਣੇ ਪ੍ਰਭੂ ਦੇ ਪ੍ਰੇਮ ਨੂੰ ਇਸ ਦੀ ਰਾਹੀਂ ਕਥਨ ਕਰਨ ਦਾ ਇਉਂ ਜਤਨ ਕਰਦਾ ਏ:

ਸੋਹ ਰਹੇ ਠੌਰ ਠੌਰ ਜਲਜੁ ਜਲਾਸ਼ਿਓਂ ਮੇਂ,
ਮੋਹ ਰਹੇ ਮਨ ਕੋ ਨਿਕੁੰਜ ਪੁੰਜ ਨਿਆਰੇ ਹੈਂ।
ਫੂਲ ਰਹੇ ਕਮਨੀ, ਕੇਤਕੀ, ਕਦੰਬ, ਕੁੰਦਰੂ,
ਝੂਲ ਰਹੇ ਜਿਨ ਪਰ ਭ੍ਰਿੰਗ ਮੋਦ ਧਾਰੇ ਹੈਂ।
ਬੋਲ ਰਹੇ ਕੋਕਿਲ ਹੈਂ, ਲਲਤ ਲਤਾਓਂ ਪਰ,
ਡੋਲ ਰਹੇ ਮੋਰ ਮੰਜ ਪਕਸ਼ ਕੋ ਉਭਾਰੇ ਹੈਂ।
ਕਿੰਤੂ ਪ੍ਰਾਣ ਪਿਆਰੇ ਦ੍ਰਿਸ਼,
ਪਿਆਰੇ ਯਿਹ ਤਿਹਾਰੇ ਬਿਨ,
ਪਿਆਰੇ ਹੋ ਕਰ ਭੀ ਮੁਝੇ ਲਾਗਤ ਨਾ ਪਿਆਰੇ ਹੈਂ।

...... ...... ...... ......

ਪਿਆਰੀ ਕਵਿਤਾ ਕਿਸੇ ਕਿਸੇ ਵੇਲੇ, ਗੁਰਮੁਖ ਪਿਆਰੇ ਸੰਤ ਨਿਹਾਲ ਸਿੰਘ ਜੀ ਥੋਆ ਖਾਲਸਾ ਵਾਲਿਆਂ ਦੀ ਰਸਨਾ ਤੇ ਬੈਠ ਕੇ, ਨਿਰਤਕਾਰੀ ਕਰਦੀ ਹੋਈ ਖ਼ਾਲਸੇ ਦੇ ਜੈਕਾਰੇ ਦਾ ਅੱਤ ਸੁੰਦਰ ਰੂਪ ਕਥਨ ਕਰ ਕੇ ਸਿੱਖੀ ਸ਼ਾਨ ਨੂੰ ਚਮਕਾਉਂਦੀ ਏ ਤੇ ਬੀਰ ਰਸ ਦੇ ਹੜ੍ਹ ਲਿਆ ਦਿੰਦੀ ਹੈ। ਜਿਸ ਵਿਚ ਸੂਰਬੀਰ ਸੂਰਮੇ ਤਾਰੀਆਂ ਲਾਉਂਦੇ ਹਨ ਤੇ ਗੁਰੂ ਦੀ

ਦਿੱਤੀ ਹੋਈ ਸਿੱਖੀ ਨੂੰ ਚਹੁ ਚੱਕਾਂ ਵਿਚ ਚਮਕਾ ਕੇ ਲੋਕ ਪ੍ਰਲੋਕ ਦਾ ਜੱਸ ਖੱਟ ਕੇ ਮੁਖ ਉਜਲਾ ਕਰਦੇ ਹਨ। ਸੰਤ ਜੀ ਨੇ ਇਉਂ ਕਥਨ ਕੀਤਾ ਕਿ :

**ਉਡਤ ਨਭ ਗਰਦ, ਮੁਖ ਜ਼ਰਦ, ਨਿਤ ਭਰਮਤ ਰਵਿ,**
**ਉਦਧ ਉਰ ਦਰਦ, ਦਲ ਦਬਤ ਲੰਕਾ।**
**ਅਚਲ ਵਡ ਭਗਤ, ਸ਼ਿਵ ਜਗਤ, ਨਹਿੰ ਲਗਤ ਲਿਵ,**
**ਖਗਤ, ਭੈ ਭਗਤ, ਬਿਧ ਦਘਦ ਸ਼ੰਕਾ।**
**ਅਹਿਪ ਹੀਏ ਧੜਕ, ਪਿਠ ਕਮਠ ਲੁੱਠ ਕੜਕ ਉਠ,**
**ਖੜਕ ਸੁਣ ਭੜਕ ਹਰ ਬ੍ਰਿਖਭ ਬੰਕਾ।**
**ਬਿਕਟ, ਭਟ ਕਟਕ, ਰਿਪੁ ਠਟਕ ਤਨ ਤਜਤ,**
**ਜਬ ਜਗਤ ਗੁਰ ਸਿੰਘ, ਭਲ ਬਜਤ ਡੰਕਾ।**

ਜਿਸ ਵੇਲੇ ਸੰਤ ਜੀ ਮਨ ਦੀ ਮੌਜ ਵਿਚ ਆ ਕੇ ਸ੍ਰੀ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਦਾ ਜ਼ਿਕਰ ਕਰਦੇ ਹਨ ਤਾਂ ਮਨ ਝੂਮ ਉਠਦਾ ਏ। ਕਿੰਨਾ ਸੁੰਦਰ ਨਕਸ਼ਾ ਸਾਹਮਣੇ ਖੜਾ ਕਰ ਕੇ ਫ਼ੁਰਮਾਉਂਦੇ ਹਨ ਕਿ :

**ਦੇਖੋ ਜੁ ਕੈਸੇ ਇਹ ਝੰਡੇ ਜੋ ਝੂਲੇ ਹੈਂ।**
**ਧੌਂਸੇ ਕੀ ਧੁੰਕੋਂ ਸੇ ਸ਼ੰਭੂ ਭਾ ਭੋਲਾ।**
**ਜੈਸੀ ਤੁ ਸ਼ੋਭਾ ਹੈ ਰਾਗੀ ਕੇ ਰਾਗੋਂ ਕੀ**
**ਤੈਸੇ ਹੀ ਮੀਠੇ ਹੈ ਪਿਆਰੋਂ ਕਾ ਬੋਲਾ।**
**ਸਿੰਘੋਂ ਕੀ ਸੂਰਤ ਪੈ ਵਾਰੀ ਹੌ ਘੋਲੀ ਹੈ**
**ਆਛੇ ਹੈਂ ਹੀਏ ਕੋ ਤਾਲਾ ਹੈ ਖੋਲਾ।**
**ਨੇਮੀ ਹੈਂ, ਪ੍ਰੇਮੀ ਹੈਂ, ਬਾਂਕੇ ਹੈਂ ਜੋਧੇ ਹੈਂ**
**ਜਾਹੀਂ ਤੇ ਪਿਆਰੇ ਜੁ ! ਖੇਲੀਏ ਹੋਲਾ।**

SIKHBOOKCLUB.COM

ਇਹ ਕਵਿਤਾ ਜੋ ਅਰਸ਼ਾਂ ਦੇ ਭੇਦ, ਫ਼ਰਸ਼ੀ ਨੂੰ ਦੱਸਦੀ ਹੈ ਤੇ ਕੁਦਰਤੀ ਮੂਰਤਾਂ ਨੂੰ ਸੁਤੇ ਸਿੱਧ ਈ ਮੂਰਤੀਮਾਨ ਕਰ ਦਿੰਦੀ ਏ, ਇਸ ਦੀ ਪਹੁੰਚ ਬੜੀ ਦੂਰ ਤਕ ਹੈ। ਇਸ ਦੀਆਂ ਪ੍ਰੇਮ ਤਣਾਵਾਂ ਵਿਚ ਦੇਵਤੇ ਵੀ ਤਣੇ ਰਹਿੰਦੇ ਹਨ। ਜਿਸ ਵੇਲੇ ਇਹ ਕਵੀ ਹਿਰਦਾ ਰਾਮ ਦੇ ਦਿਲੋਂ ਉਮਡਦੀ ਹੈ ਤਾਂ ਰਾਮ ਚੰਦਰ ਜੀ ਦੇ ਧਨੁਸ਼ ਤੋੜਨ ਦੇ ਕਿੱਸੇ ਨੂੰ ਇਸ ਤਰ੍ਹਾਂ ਦਰਸਾਉਂਦੀ ਹੈ :

**ਗਾੜ੍ਹੀ ਕਸੀਸ ਲਗੀ ਕਰਕੀ,**
**ਕਰਸੀ ਛਟਕੀ ਕਮਠੀ ਕਰਕੀ।**
**ਅਰੁ ਕੀ ਛੱਤੀਆ ਧਰਕੀ,**
**ਫਰਕੀ ਛੁਟੀ ਜੋਗ ਜੁਟੀ ਅਖੀਆਂ ਹਰਿਕੀ।**
**ਪਲਕੀ, ਖਰਕੀ, ਹਰਿਕੀ ਨਿਧ ਸ਼ੀਰ,**
**ਧਰਾ ਧਰਕੀ ਅਹਿ ਉਪਰ ਕੀ।**
**ਭਈ ਚਾਂਧ ਧੁਨੀ ਸੁ ਮਹਾਂ ਭਰਕੀ,**
**ਭਰਕੀ ਭਟ ਭੀਰ ਸੁਯੰਬਰ ਕੀ।**

ਉਪਰੋਕਤ ਕਥਨ ਅਨੁਸਾਰ ਕਵਿਤਾ ਇਕ ਕੋਮਲ ਹੁਨਰ ਹੈ। ਫ਼ਰਸ਼ਾਂ ਤੇ ਰਹਿਣ ਵਾਲਿਆਂ ਨੂੰ ਅਰਸ਼ਾਂ ਦੇ ਹੁਲਾਰੇ ਦੁਆ ਦਿੰਦੀ ਹੈ। ਲੁਕੀਆਂ ਰਮਜ਼ਾਂ ਨੂੰ ਸ਼ਬਦਾਂ ਦਾ ਰੂਪ ਦੇ ਕੇ ਹੋਂਦ ਵਿਚ ਲੈ ਆਉਂਦੀ ਹੈ। ਸੁੱਤਿਆਂ ਨੂੰ ਜਗਾ ਤੇ ਜਾਗਦਿਆਂ ਨੂੰ ਚੁਕੰਨੇ ਕਰਨ ਵਿਚ ਸਮਰੱਥ ਹੈ। ਪਰ ਜੇ ਸਮਝਦਾਰ ਸਰੋਤਾ ਨਾ ਹੋਵੇ ਤਾਂ ਕਵਿਤਾ ਦੀ ਕਮਰ ਨੂੰ ਕੜਵੱਲ ਪੈ ਜਾਂਦੇ ਹਨ ਤੇ ਕਵੀ ਦਾ ਮਨ ਮਾਯੂਸ ਹੋ ਜਾਂਦਾ ਏ।

ਕਵਿਤਾ ਵਰਗੀ ਕੋਮਲ ਚੀਜ਼ ਵੀ ਸਰੋਤੇ ਦੀ ਮੁਥਾਜ ਹੈ। ਇਸ ਨੂੰ ਆਸ ਰਹਿੰਦੀ ਏ ਕਿ ਕੋਈ ਕੰਨਾਂ ਵਾਲਾ ਮਿਲੇ ਤੇ ਮੈਂ ਅਸਲੀ ਰੂਪ ਵਿਚ ਪ੍ਰਗਟ ਹੋ ਸਕਾਂ। ਧਰਤੀ ਦੇ ਤਖ਼ਤੇ ਉਤੇ ਜੋ ਵੀ ਚੀਜ਼ ਵਜੂਦ ਵਿਚ ਆ ਗਈ ਏ, ਉਹ ਇਕ ਦੂਜੇ ਦੀ ਮੁਥਾਜ ਹੈ। ਹਾਂ, ਇਕ ਰਸ ਪ੍ਰਿਥਵੀ ਉੱਤੇ ਜੇ ਕੋਈ ਬੇਮੁਥਾਜ ਹੈ ਤਾਂ ਕੇਵਲ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਹੈ ਜੋ ਕਿਸੇ ਦੀ ਮੁਥਾਜੀ ਨਹੀਂ ਕਰਦਾ, ਹਰ ਵੇਲੇ ਤੇ ਹਰ ਹਾਲਤ ਵਿਚ ਬੇਮੁਥਾਜ ਹੈ। ਵੱਡੇ ਵੱਡੇ ਸਰਮਾਏਦਾਰਾਂ ਨਾਲ ਵੀ ਵਾਸਤਾ ਪਿਆ ਤੇ ਬਾਦਸ਼ਾਹਾਂ ਨਾਲ ਵੀ ਵਾਹ ਪਿਆ ਅਤੇ ਵੱਡੇ ਵੱਡੇ ਪੰਡਿਤਾਂ ਨਾਲ ਵੀ ਵਾਰਤਾਲਾਪ ਹੋਇਆ ਪਰ ਕਿਸੇ ਦੀ ਮੁਥਾਜੀ ਨਹੀਂ ਕੀਤੀ। ਭੋਇ ਕੁਰਸ਼ੇਤਰ, ਸੂਰਜ ਗ੍ਰਹਿਣ ਦੇ ਮੇਲੇ ਤੇ ਹਜ਼ਾਰਾਂ ਸੰਤ, ਪੰਡਿਤ, ਜੋਤਸ਼ੀ, ਤਪੀਏ, ਸਾਧੂ ਅਤੇ ਸੈਂਕੜੇ ਕਰਮ ਕਾਂਡੀ ਬ੍ਰਾਹਮਣ ਮੌਜੂਦ ਸਨ ਜਿਸ ਦਿਨ ਕਿ ਕਿਸੇ ਨੂੰ ਅੱਗ ਬਾਲਣ ਦੀ ਵੀ ਆਗਿਆ ਨਹੀਂ ਸੀ। ਉਸ ਵੇਲੇ ਕਰਮ ਕਾਂਡ ਤੇ ਛੂਆ ਛੂਤ ਦਾ ਬੜਾ ਜ਼ੋਰ ਸੀ, ਏਥੋਂ ਤਕ ਕਿ ਬ੍ਰਾਹਮਣ ਦੇ ਪ੍ਰਛਾਵੇਂ ਨੂੰ ਕੋਈ ਨਹੀਂ ਸੀ ਉਲੰਘ ਸਕਦਾ ਜਦੋਂ ਕਿ ਬੇਮੁਥਾਜ ਗੁਰੂ ਨੇ ਬਗ਼ੈਰ ਕਿਸੇ ਖ਼ੌਫ਼ ਦੇ ਹਿਰਨ ਦਾ ਮਾਸ ਰਿੰਨ੍ਹਣੇ ਚਾੜ੍ਹ ਦਿੱਤਾ ਜਿਸ ਨੂੰ ਦੇਖ ਕੇ ਕਰਮ ਕਾਂਡੀਆਂ ਨੇ ਬੜਾ ਰੌਲਾ ਪਾਇਆ ਤੇ ਸਤਿਗੁਰਾਂ ਨੂੰ ਆਪਣੇ ਜ਼ੇਰ ਕਰਨਾ ਚਾਹਿਆ, ਪਰ ਬੇਮੁਥਾਜ ਗੁਰੂ ਨੇ ਨਿਧੜਕ ਹੋ ਕੇ ਸਭ ਨੂੰ ਸੱਚਾ ਤੇ ਨਿਰਪੱਖ ਉੱਤਰ ਦੇ ਕੇ ਭਰਮਾਂ ਦੇ ਛੌੜ ਕੱਟ ਕੇ, ਪਖੰਡ ਦੇ ਬਖੀਏ ਉਧੇੜ ਕੇ ਸੱਚ ਦਾ ਮਾਰਗ ਦੱਸਿਆ ਪਰ ਕਿਸੇ ਦੀ ਮੁਥਾਜੀ ਨਹੀਂ ਕੀਤੀ।

ਸਾਡਾ ਇਤਿਹਾਸ ਦਸਦਾ ਹੈ ਕਿ ਬਾਬਰ ਨੇ ਸ੍ਰੀ ਗੁਰੂ ਜੀ ਨੂੰ ਜੇਲ੍ਹ ਖ਼ਾਨੇ ਵਿਚ ਪਾ ਕੇ ਸਵਾ ਮਣ ਦਾਣੇ ਦੇ ਕੇ ਚੱਕੀ ਪੀਹਣ ਲਾ ਦਿੱਤਾ, ਬਾਬਰ ਦੇ ਕੈਦ ਕੀਤੇ ਸੈਂਕੜੇ ਫ਼ਕੀਰ ਚੱਕੀਆਂ ਪੀਹ ਰਹੇ ਸਨ, ਜਿਨ੍ਹਾਂ ਨੂੰ ਦੇਖ ਕੇ ਹਜ਼ੂਰ ਨੂੰ ਦਇਆ ਆਈ। ਸਾਈਂ ਦੇ ਸਾਜੇ ਹੋਏ ਬੇਗੁਨਾਹਾਂ ਨੂੰ ਚੱਕੀਆਂ ਪੀਂਹਦਿਆਂ ਦੇਖ ਕੇ ਦਿਲ ਦ੍ਰਵਿਆ ਤੇ ਅੱਖਾਂ ਸਜਲ ਹੋ ਗਈਆਂ। ਬਾਬਰ ਦੇ ਕਹਿਰ ਹੇਠਾਂ ਕਸ਼ਟ ਪਾ ਰਹੇ ਨਿਰਦੋਸ਼ੀਆਂ ਦੀ ਦੁਰਗਤੀ ਵੇਖੀ ਨਾ ਗਈ। ਸਾਰੇ ਸੰਸਾਰ ਦੇ ਜੀਵਾਂ ਦਾ ਭਲਾ ਚਾਹੁਣ ਵਾਲੇ ਕੋਲੋਂ ਸਹਾਰਿਆ ਨਾ ਗਿਆ, ਆਪਣੇ ਸੱਚੇ ਮਾਲਕ ਨਾਲ ਸੁਰਤ ਦਾ ਮੇਲ ਕਰ ਲਿਆ। ਸਾਂਝੇ ਨਬੀ ਨੇ ਖਿੱਚ ਖਾਧੀ ਤੇ ਖ਼ਬਰ ਦੇਣ ਲਈ ਸਾਈਂ ਦਾ ਦਰ ਖਟਖਟਾਇਆ। ਜਿਸ ਗੁਰਦੇਵ ਬਾਰੇ ਇਉਂ ਕਹਿਣਾ ਸੱਚ ਮੁੱਚ ਫੱਬਦਾ ਹੈ ਕਿ :

**ਤੈਨੂੰ ਆਖਣ ਸਮਝਾਂ ਵਾਲੇ, ਸਾਂਝਾ ਨਬੀ ਜਹਾਨ ਦਾ ਤੂੰ।**
**ਤੇਰੇ ਵਿਚ ਨਾ ਵੱਖ ਵਖੇਵਾਂ, ਸਭ ਨੂੰ ਇਕ ਹੈਂ ਜਾਣਦਾ ਤੂੰ।**
**ਹਿੰਦੂ ਹੋਵੇ ਮੁਸਲਿਮ ਹੋਵੇ, ਸਭ ਨੂੰ ਇਕ ਪਛਾਣਦਾ ਤੂੰ।**
**ਮਸ਼ਰਕ, ਮਗਰਬ, ਦੱਖਣ ਉੱਤਰ, ਦਰਦੀ ਹਰ ਇਨਸਾਨ ਦਾ ਤੂੰ।**

ਤੇਰੇ ਦਿਲ ਦੀ ਦੁਨੀਆਂ ਓਦੋਂ, ਪਤਝੜ ਵਰਗੀ ਹੋ ਜਾਇ,
ਜਦੋਂ ਕਿਸੇ ਦੁਖੀਏ ਦੀ ਅੱਖੋਂ, ਅਥਰੂ ਇਕ ਵੀ ਚੋ ਜਾਇ।
ਦੁਖੀ ਦਿਲਾਂ ਦੀਆਂ ਦਰਦਾਂ ਸੁਣ ਕੇ, ਤੂੰ ਦੇਵੇਂ ਦਿਲਬਰੀਆਂ ਜਾ।
ਤੇਰੇ ਬਾਝੋਂ ਬਾਬਰ ਤਾਈਂ, ਕੇਹੜਾ ਆਖੇ ਖਰੀਆਂ ਜਾ।
ਦੁਨੀਆਂ ਤੇ ਹੋਇਆ ਜ਼ੁਲਮ ਕਿਤੇ, ਤੇਰੇ ਧ੍ਰੂ ਕਲੇਜੇ ਪੈਂਦੀ ਰਹੀ।
ਦੁਨੀਆਂ ਦੇ ਦੁਖੜੇ ਮੇਟਣ ਨੂੰ, ਜਿੰਦ ਤੇਰੀ ਦੁਖੜੇ ਸਹਿੰਦੀ ਰਹੀ।
ਤੂੰ ਸੈਂ ਪੈਗ਼ੰਬਰ ਰਹਿਮਤ ਦਾ, ਰਹਿਮਤ ਵਿਚ ਘਾਟਾ ਹੈ ਨਹੀਂ ਸੀ।
ਦੁਖੀਆਂ ਦੇ ਦੁਖੜੇ ਸੁਣ ਕੇ ਤੇ, ਜਿੰਦ ਤੇਰੀ ਸਕਦੀ ਸਹਿ ਨਹੀਂ ਸੀ।
ਹੋਈ 'ਸੁਤੰਤ੍ਰ' ਦੁਨੀਆਂ ਦੇਖਾਂ, ਰੀਝ ਤੇਰੇ ਦਿਲ ਹਸਦੀ ਸੀ।
ਹੱਸਣ ਜਦੋਂ ਗ਼ਰੀਬ ਨਿਮਾਣੇ, ਤਾਂ ਤੇਰੀ ਦੁਨੀਆਂ ਵੱਸਦੀ ਸੀ।

ਕਿਸੇ ਗ਼ਰੀਬ ਦਾ ਹਾਸਾ ਹੀ ਜਿਸ ਦੀ ਦੁਨੀਆਂ ਹੋਵੇ, ਉਹ ਕਿਸੇ ਨੂੰ ਚੱਕੀ ਪੀਸਦਾ ਕਿਵੇਂ ਦੇਖ ਸਕਦਾ ਏ ? ਮੇਰੇ ਦਰਦੀਲੇ ਗੁਰਦੇਵ ਨੇ ਪ੍ਰੇਮ ਦੀ ਮਸਤੀ ਵਿਚ ਝੂਮ ਕੇ ਅਗੰਮ ਦੇਸ਼ ਦੀ ਬਾਣੀ ਅਲਾਪੀ, ਜਿਸ ਦੀ ਮਿਠੀ ਸੱਦ ਵਿਚ ਸਾਧਾਂ ਦੀਆਂ ਸਮਾਧੀਆਂ ਲੱਗ ਗਈਆਂ ਤੇ ਚੱਕੀਆਂ ਬਿਨਾਂ ਦਾਣਿਆਂ ਦੇ ਘੁੰਮਣ ਲੱਗ ਪਈਆਂ। ਫ਼ਕੀਰਾਂ ਦੇ ਹੱਥਾਂ ਵਿੱਚੋਂ ਹੱਥੇ ਨਿਕਲ ਗਏ ਤੇ ਸਾਰੀ ਜੇਲ੍ਹ ਵਿਚ ਕੀਰਤਨ ਦੀ ਅੰਮ੍ਰਿਤ ਵਰਖਾ ਨੇ ਇਕ ਅਲੌਕਿਕ ਰੰਗ ਬਣਾ ਦਿੱਤਾ, ਚਾਰੇ ਪਾਸੇ ਨਾਮ ਦੀ ਗੂੰਜ ਨੇ ਕੰਧਾਂ ਕੋਠਿਆਂ ਨੂੰ ਆਪਣੇ ਰੰਗ ਵਿਚ ਰੰਗ ਲਿਆ, ਜੇਲ੍ਹ ਦੇ ਨੌਕਰ ਚਾਕਰ ਸਿਪਾਹੀ ਦਰੋਗੇ ਸਭ ਦੇ ਸਭ ਨਾਮ ਦੀ ਮਸਤੀ ਵਿਚ ਮਸਤ ਹੋ ਕੇ ਪ੍ਰੇਮ-ਪੀਂਘਾਂ ਝੂਟਣ ਲੱਗ ਪਏ, ਮਾਨੋ ਚਿਰਾਂ ਦੇ ਪਿਆਸੇ ਪਪੀਹਿਆਂ ਨੂੰ ਸੁਆਂਤੀ ਬੂੰਦਾਂ ਨੇ ਸਦਾ ਵਾਸਤੇ ਤ੍ਰਿਪਤ ਕਰ ਦਿੱਤਾ, ਕਾਂਵਾਂ ਦਾ ਕਾਲਾਪਨ ਗੁਵਾ ਕੇ ਨਿਰਮਲ ਹੰਸ ਬਣਾ ਦਿੱਤਾ, ਬਗਲਿਆਂ ਨੇ ਕਪਟ ਛੱਡ ਕੇ ਸੱਚੀਆਂ ਸਮਾਧੀਆਂ ਲਾ ਲਈਆਂ, ਸ਼ਬਦ ਰੂਪ ਮੋਤੀ ਨੇ ਸਭ ਦੀ ਭੁੱਖ ਮਿਟਾ ਕੇ 'ਰਜਾ ਤ੍ਰਿਪਤ ਆਘਾਈ' ਦਾ ਰੰਗ ਖਿੜਾ ਦਿੱਤਾ। ਗੱਲ ਕੀ, ਜੇਲ੍ਹ ਖ਼ਾਨਾ ਬੈਕੁੰਠ ਧਾਮ ਦਾ ਦ੍ਰਿਸ਼ ਪੇਸ਼ ਕਰ ਰਿਹਾ ਸੀ, ਸਾਹਮਣੇ ਧਿਆਨ ਮਾਰਨ ਤੋਂ ਪਤਾ ਲੱਗਦਾ ਹੈ ਕਿ :

ਜੋ ਮੂਰਤਿ ਮੇਹਰ ਮੁਹੱਬਤ ਦੀ, ਤੇ ਨਿਰਾ ਨੂਰ ਚਮਕਾਰਾ ਜੋ।
ਬਾਬਰ ਦੀ ਜੇਹਲੇ ਜਾ ਬੈਠਾ, ਤ੍ਰਿਪਤਾ ਦਾ ਰਾਜ ਦੁਲਾਰਾ ਓਹ।
ਉਹਦੇ ਗੀਤ ਗੋਬਿੰਦ ਦੀ ਗੀਤਾ ਸੀ, ਜਿਹਨਾਂ ਜੇਹਲ ਸਵਰਗ ਬਣਾ ਦਿੱਤੀ।
ਹੱਥਾਂ 'ਚੋਂ ਹੱਥੇ ਕੱਢ ਕੇ ਤੇ, ਸਾਧਾਂ ਦੀ ਸੁਰਤਿ ਟਿਕਾ ਦਿੱਤੀ।
ਪੱਥਰ ਤੇ ਪੱਥਰ ਘਸਦਾ, ਦਾਣੇਂ ਪੈਣ ਨਾ ਨਿਕਲੇ ਆਟਾ ਏ।
ਡਿਠੇ ਜਾਂ ਰੰਗ ਰੰਗੀਲੇ ਦੇ, ਜੇਹਲਰ ਦਾ ਝੁਕਿਆ ਗਾਟਾ ਏ।
ਬਾਬੇ ਦੇ ਕੌਤਕ ਬਾਬਰ ਨੇ, ਜਾ ਵੇਖੇ ਆਪਣੀ ਅੱਖੀਂ ਆ।
ਹੱਥ ਜੋੜੇ ਤੇ ਸਿਜਦਾ ਕਰ ਆਖੇ, ਬਾਬਾ ਤੂੰ ਜੇਹਲ ਦੇ ਵਿੱਚੋਂ ਜਾ।
'ਸੁਤੰਤ੍ਰ' ਕੀਤਾ ਸਾਧਾਂ ਨੂੰ, ਤੇ ਬੰਦੀਆਂ ਬੰਦ ਖਲਾਸ ਹੋਈ।
ਸਭ ਦਾ ਭਲਾ ਤੇ ਚੜ੍ਹਦੀ ਕਲਾ ਰਹੇ, ਇਹ ਨਾਨਕ ਦੀ ਅਰਦਾਸ ਹੋਈ।

ਰੱਬੀ ਰੰਗ ਦੇ ਕੌਤਕਾਂ ਨੇ ਬਾਬਰ ਦਾ ਦਿਲ ਹਲੂਣ ਦਿੱਤਾ ਤੇ ਉਸਨੇ ਸਾਰੇ ਫ਼ਕੀਰ ਕੈਦੀ ਛੱਡ ਦਿੱਤੇ ਅਤੇ ਸ੍ਰੀ ਹਜ਼ੂਰ ਨੂੰ ਆਪਣੇ ਦਰਬਾਰ ਵਿਚ ਲੈ ਗਿਆ। ਆਦਰ ਸਤਿਕਾਰ

ਕਰਨ ਪਿੱਛੋਂ ਸ਼ਰਾਬ ਦਾ ਪਿਆਲਾ ਪੇਸ਼ ਕਰ ਕੇ ਅਰਜ਼ ਕੀਤੀ ਕਿ ਇਸ ਨੂੰ ਨੋਸ਼ ਫ਼ੁਰਮਾਓ। ਸੱਚੇ ਪਿਤਾ ਨੇ ਮੁਸਕਰਾ ਕੇ ਪੁੱਛਿਆ ਕਿ ਇਹ ਕੀ ਚੀਜ਼ ਹੈ ? ਉੱਤਰ ਮਿਲਿਆ ਕਿ ਇਹ ਪਾਕ ਪਾਣੀ ਹੈ ਜਿਸ ਦੇ ਪੀਤਿਆਂ ਦੁਨੀਆਂ ਦੇ ਗ਼ਮ ਭੁੱਲ ਜਾਂਦੇ ਹਨ ਤੇ ਮਨੁੱਖ ਆਰਾਮ ਮਹਿਸੂਸ ਕਰਦਾ ਹੈ, ਦੂਜੇ ਸ਼ਬਦਾਂ ਵਿਚ ਇਸ ਨੂੰ ਸ਼ਰਾਬ ਆਖਦੇ ਹਨ, ਇਹ ਸੰਤਾਂ ਦੀ ਚੀਜ਼ ਹੈ ਸੋ ਇਸ ਨੂੰ ਪੀ ਕੇ ਖੀਵੇ ਹੋ ਜਾਓ ਤੇ ਰੱਬੀ ਰੰਗ ਮਾਣਦੇ ਰਹੋ:

**ਹਮਾਰੀ ਬਜ਼ਮੇ ਇਸ਼ਰਤ ਮੇਂ ਜੁ ਲੇ ਆਇਆ ਖ਼ੁਦਾ ਬਾਬਾ।**
**ਤੂੰ ਬਿਸਮਿੱਲਾ ਯਿਹ ਬਾਦਾਇ ਅਹਿਮਰ ਉੜਾ ਬਾਬਾ।**
**ਜਹਾਂ ਮੇਂ ਕੌਨ ਹੈ ਆਬ ਰਸ ਸਾ ਪਾਕ ਤਰ ਪਾਨੀ ਕਿ।**
**ਜਿਸ ਸੇ ਮਿਟ ਜਾਤੇ ਹੈਂ ਦਫ਼ਤਰਿ ਮਾਓਸ਼ਮਾ ਬਾਬਾ।**
**ਗ਼ਨੀਮਤ ਜਾਨ ਕਰ ਮਹਿਫ਼ਲ ਕੋ ਇਕ ਦੋ ਜਾਮ ਪੀਤਾ ਜਾ।**
**ਮਿਆਨਿ ਮਹਿਫ਼ਲਾਂ ਦਰਦਾਸ਼ਾਮ ਪੀਤਾ ਜਾ।**

ਬਾਬਰ ਦੀਆਂ ਗੱਲਾਂ ਸੁਣ ਕੇ ਬੇਮੁਥਾਜ ਗੁਰੂ ਨੇ ਫ਼ੁਰਮਾਇਆ ਕਿ ਐ ਬਾਦਸ਼ਾਹ ! ਇਸ ਪਾਣੀ ਦਾ ਅਸਰ ਕਿੰਨਾ ਚਿਰ ਰਹਿੰਦਾ ਹੈ ? ਉੱਤਰ ਮਿਲਿਆ ਕਿ ਦੋ ਤਿੰਨ ਘੜੀਆਂ। ਉਸਦੇ ਬਾਅਦ ਕੀ ਕਰਦੇ ਓ ? ਬਾਦਸ਼ਾਹ ਨੇ ਆਖਿਆ ਕਿ ਇਕ ਜਾਮ ਹੋਰ ਪੀ ਲਿਆ ਜਾ ਸਕਦਾ ਹੈ। ਤਾਂ ਸੱਚੇ ਜਗਤ ਤਾਰਕ ਤੇ ਅਰਸ਼ੀ ਭੇਦਾਂ ਦੇ ਮਾਲਕ ਗੁਰੂ ਨੇ ਫ਼ੁਰਮਾਨ ਕੀਤਾ ਕਿ ਐ ਬਾਬਰ ! ਪੀਂਦਾ ਤੂੰ ਵੀ ਹੈਂ, ਤੇ ਪੀਂਦਾ ਮੈਂ ਵੀ ਹਾਂ, ਪਰ ਤੇਰੇ ਮੇਰੇ ਪੀਣ ਵਿਚ ਜ਼ਿਮੀਂ ਅਸਮਾਨ ਦਾ ਫ਼ਰਕ ਹੈ।

ਤੇਰੀ ਪੀਤੀ ਹੋਈ ਦਾ ਨਸ਼ਾ, ਦੋ ਤਿੰਨ ਘੜੀਆਂ ਦਾ ਮਹਿਮਾਨ ਹੈ, ਪਰ ਜਿਹੜੀ ਮੈਂ ਪੀਂਦਾ ਹਾਂ ਉਸ ਦੀ ਮਸਤੀ ਸਾਰੀ ਜ਼ਿੰਦਗੀ ਨਹੀਂ ਲਹਿੰਦੀ ਤੇ ਉਸ ਮਸਤੀ ਵਿਚ ਰੱਬ ਦੀ ਲਿਵ ਵਿਚ ਸਦਾ ਜੁੜਿਆਂ ਰਹੀਦਾ ਏ, ਕਦੇ ਭੁੱਲ ਕੇ ਵੀ ਮਾਲਕ ਨਹੀਂ ਵਿਸਰਦਾ, ਉਸ ਮਸਤੀ ਵਿਚ ਮਸਤਿਆ ਮਨੁੱਖ—ਦੇਸ਼, ਕੌਮ ਦੇ ਭਲੇ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲੱਗਾ ਜ਼ਰਾ ਨਹੀਂ ਝਿਜਕਦਾ ਤੇ ਨਾ ਹੀ ਉਸ ਦੇ ਮਨ ਵਿਚ ਕਾਂਬ ਆਉਂਦੀ ਏ ਅਤੇ ਦੂਜੀ ਵਾਰ ਪੀਣ ਦੀ ਲੋੜ ਵੀ ਨਹੀਂ ਪੈਂਦੀ, ਇਹ ਤੇਰਾ ਝੂਠਾ ਨਸ਼ਾ ਵਿਕਾਰਾਂ ਤੇ ਕੁਕਰਮਾਂ ਦਾ ਘਰ ਹੈ ਅਤੇ ਨਰਕਾਂ ਦੀ ਭਿਆਨਕ ਅੱਗ ਵਿਚ ਸਾੜ ਕੇ ਸੁਆਹ ਕਰਨ ਵਾਲਾ ਹੈ।

ਬਾਬੇ ਦੇ ਅੰਮ੍ਰਿਤ ਬਚਨ ਸੁਣ ਕੇ ਬਾਬਰ ਨੇ ਅਰਜ਼ ਕੀਤੀ ਕਿ ਐ ਸੱਚੇ ਸਾਹਿਬ ਦੇ ਰੰਗ ਰੱਤੜੇ ਜੀਓ ! ਕ੍ਰਿਪਾ ਕਰ ਕੇ ਉਹ ਇਲਾਹੀ ਜਾਮ ਮੇਰੇ ਨਸੀਬ ਵੀ ਕਰੋ, ਮੈਂ ਤਾਂ ਇਸ ਝੂਠੇ ਤੇ ਦੁਖਦਾਈ ਵਿਕਾਰ ਵਿਚ ਖਚਤ ਹਾਂ, ਜਿਸ ਕਰਕੇ ਮੈਨੂੰ ਪਤਾ ਹੀ ਨਹੀਂ ਕਿ ਸੱਚੀ ਮਸਤੀ ਵਿਚ ਮਸਤ ਕਰਨ ਵਾਲੀ ਕਿਹੜੀ ਵਸਤੂ ਹੈ ? ਤਾਂ ਸ੍ਰੀ ਹਜ਼ੂਰ ਜੀ ਨੇ ਸੱਚੇ ਮੈਖ਼ਾਨੇ ਦੀ ਦੱਸ ਪਾਉਂਦਿਆਂ ਹੋਇਆਂ ਉਚਾਰਨ ਕੀਤਾ ਕਿ ਐ ਬਾਬਰ:

**ਪੋਸਤ ਭੰਗ ਅਫ਼ੀਮ ਮਦ ਉਤਰ ਜਾਤ ਪ੍ਰਭਾਤ।**
**ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।**[੧]

---

੧. ਇਹ ਤੁਕਾਂ ਗੁਰਬਾਣੀ ਨਹੀਂ ਹਨ।

ਸੰਸਾਰ ਦੇ ਮਸਨੂਈ ਨਸ਼ੇ ਰਾਤ ਦੇ ਵਰਤੇ ਹੋਏ ਸਵੇਰੇ ਉਤਰ ਜਾਂਦੇ ਹਨ ਤੇ ਰੋਗਾਂ ਵਿਚ ਗ੍ਰੱਸ ਦਿੰਦੇ ਹਨ। ਮੱਤ ਨੂੰ ਚੰਚਲ ਤੇ ਸ਼ੈਤਾਨ ਬਣਾ ਕੇ ਕੁਰੀਤੀਆਂ ਕਰਨ ਲਈ ਪਰੇਰਦੇ ਹਨ, ਪਰ ਸੱਚੇ ਰੱਬ ਦੇ ਨਾਂ ਦਾ ਨਸ਼ਾ ਬਹਿਸ਼ਤੀ ਪੀਂਘਾਂ ਦੇ ਹੁਲਾਰੇ ਦੇ ਕੇ ਫ਼ਰਸ਼ੀਆਂ ਨੂੰ ਅਰਸ਼ੀਂ ਚੜ੍ਹਾ ਦਿੰਦਾ ਹੈ। ਕਿਸੇ ਬਜ਼ੁਰਗ ਦਾ ਵੀ ਕੌਲ ਹੈ ਕਿ :

**ਵੋਹ ਮੈ ਅਪਨੀ ਸੀ ਹੈ, ਜਿਸ ਸੇ ਬਿਨ ਪੀਏ ਮਖ਼ਮੂਰ ਰਹਤੇ ਹੈਂ।**
**ਖ਼ਿਆਲੇ ਚਸ਼ਮੇ ਸਾਕੀ ਕੇ, ਨਸ਼ੇ ਮੇਂ ਚੂਰ ਰਹਿਤੇ ਹੈਂ।**
**ਹਮਾਰਾ ਦੌਰੇ ਮੈ ਹਰ ਹਰ, ਨਫ਼ਸ ਕੇ ਸਾਥ ਚਲਤਾ ਹੈ।**
**ਇਸ ਲੀਏ ਹਰ ਘੜੀ ਹਰ ਲਹਜ਼ਾ, ਹਮ ਬਾ ਸਰੂਰ ਰਹਿਤੇ ਹੈਂ।**

ਜਿਸ ਵੇਲੇ ਦੁਨੀਆਂਦਾਰ ਬਾਦਸ਼ਾਹ ਨੂੰ ਫ਼ਕੀਰੀ ਰਮਜ਼ਾਨੇ ਕਿਸੇ ਸੱਚੇ ਦੀ ਰਮਜ਼ ਸਮਝਾਈ ਤਾਂ ਬਾਬਰ ਨੇ ਜਾਣਿਆ ਕਿ ਇਹ ਸੰਤ ਸੱਚੇ ਸਾਈਂ ਦੇ ਰੰਗ ਵਿਚ ਰੰਗਿਆ ਹੋਇਆ ਰੰਗਰਲੀਆਂ ਮਾਣਦਾ ਤੇ ਰਸਕ ਵੈਰਾਗੀ ਹੈ। ਜਿਸ ਲਈ ਅਰਜ਼ ਕੀਤੀ ਕਿ ਐ ਸੱਚੇ ਸਾਈਂ ਦੇ ਸੁਵਾਰੇ ਹੋਏ ਸਾਹਿਬ ਜੀਓ ! ਤੁਸਾਂ ਮੈਨੂੰ ਗੰਦੇ ਟੋਏ ਵਿੱਚੋਂ ਕੱਢ ਕੇ ਸੱਚੇ ਮਾਲਕ ਦੀ ਦੱਸ ਪਾ ਕੇ ਉਪਕਾਰ ਕੀਤੀ ਏ, ਸੋ ਮੰਗੋ ਕੀ ਮੰਗਦੇ ਹੋ ? ਮੈਂ ਸ਼ਹਿਨਸ਼ਾਹ ਬਾਬਰ ਹਾਂ, ਮੂੰਹੋਂ ਮੰਗੀ ਮੁਰਾਦ ਦੇ ਦਿਆਂਗਾ। ਇਕ ਵਾਰੀ ਹੁਕਮ ਕਰੋ ਕਿ ਕੀ ਮੰਗਦੇ ਓ ਤੇ ਕੀ ਚਾਹੀਦਾ ਏ ? ਤਾਂ ਬੇਮੁਥਾਜ ਅਤੇ ਸੱਚੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਠਰ੍ਹੰਮੇ ਨਾਲ ਬੋਲ ਬੋਲਿਆ :

**ਕਹਿ ਨਾਨਕ ਸੁਣ ਬਾਬਰ ਮੀਰ।**
**ਤੁਝਤੇ ਮਾਂਗੈ ਸੋ ਅਹਿਮਕ ਫਕੀਰ ।੪।**[1]

ਬਾਬਰ ! ਤੇਰੇ ਕੋਲੋਂ ਮੰਗਣਾ ਅਹਿਮਕਾਂ ਦਾ ਕੰਮ ਹੈ। ਜੋ ਆਪ ਮੰਗਦਾ ਹੈ ਉਹ ਕਿਸੇ ਨੂੰ ਕੀ ਦੇ ਸਕੇਗਾ ? ਮੈਂ ਮੰਗਤੇ ਪਾਸੋਂ ਕੀ ਮੰਗਾਂ ? ਬਾਬਰ ਤਮਕ ਵਿਚ ਆ ਕੇ ਬੋਲਿਆ ਕਿ ਸੰਤ ਜੀ ! ਮੈਂ ਮੰਗਤਾ ਨਹੀਂ ਸਗੋਂ ਸ਼ਹਿਨਸ਼ਾਹ ਬਾਬਰ ਹਾਂ, ਮੈਨੂੰ ਮੰਗਤਾ ਕਹਿਣਾ ਇਹ ਸ਼ਾਹੀ ਤੌਹੀਨ ਹੈ। ਤਾਂ ਸਤਿਗੁਰੂ ਜੀ ਨੇ ਹੋਰ ਬੇਪ੍ਰਵਾਹੀ ਨਾਲ ਕਿਹਾ ਕਿ ਬਾਬਰ ! ਤੂੰ ਨਿਰਾ ਮੰਗਤਾ ਨਹੀਂ ਸਗੋਂ ਮੰਗਤਿਆਂ ਦਾ ਵੀ ਮੰਗਤਾ ਹੈਂ, ਜੋ ਮੰਗਤਿਆਂ ਕੋਲੋਂ ਮੰਗਦਾ ਏ ਉਹਦੇ ਕੋਲੋਂ ਮੈਂ ਕੀ ਮੰਗਾਂ ?

ਇਹ ਸੁਣ ਬਾਬਰ ਵਧੇਰੇ ਕ੍ਰੋਧ ਕੀਤਾ ਤੇ ਆਪਣੇ ਬਾਦਸ਼ਾਹੀ ਅੰਦਾਜ਼ ਨਾਲ ਕਹਿਣ ਲੱਗਾ ਕਿ ਸੰਤ ਜੀ ! ਜ਼ਰਾ ਸੰਭਲ ਕੇ ਗੱਲ ਕਰੋ ਤੇ ਸੋਚੋ ਤੁਸੀਂ ਕਿਸ ਹਸਤੀ ਨਾਲ ਗੱਲਾਂ ਕਰ ਰਹੇ ਹੋ, ਮੈਨੂੰ ਮੰਗਤਾ ਤੇ ਮੰਗਤਿਆਂ ਦਾ ਮੰਗਤਾ ਕਹਿਣਾ ਇਹ ਮਾਲਕੇ ਸਲਤਨਤ ਦੀ ਹੱਤਕ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਤਾਂ ਸਤਿਗੁਰੂ ਜੀ ਤੀਸਰੀ ਵਾਰ ਬੋਲੇ ਕਿ ਤੂੰ ਨਿਰਾ ਮੰਗਤਾ ਈ ਨਹੀਂ ਕੇਵਲ ਮੰਗਤਿਆਂ ਦਾ ਮੰਗਤਾ ਨਹੀਂ ਸਗੋਂ ਬੇਸਬਰ ਮੰਗਤਾ ਹੈਂ, ਤੇਰੇ ਅੰਦਰ ਸਬਰ ਦਾ ਕਿਣਕਾ ਅਸਲੋਂ ਹੈ ਈ ਨਹੀਂ। ਜੋ ਮੰਗਤਾ ਹੋਵੇ, ਮੰਗਤਿਆਂ ਦਾ ਮੰਗਤਾ ਤੇ ਬੇਸਬਰ ਮੰਗਤਾ ਹੋਵੇ, ਉਸਦੇ ਕੋਲੋਂ ਅਸਾਂ ਕੀ ਮੰਗਣਾ ਹੈ ?

---

੧. ਇਹ ਤੁਕਾਂ ਗੁਰਬਾਣੀ ਨਹੀਂ ਹਨ।

ਜਦੋਂ ਬਾਬਰ ਨੇ ਸੁਣਿਆ ਕਿ ਮੰਗਤਾ ਹਾਂ, ਮੰਗਤਿਆਂ ਦਾ ਮੰਗਤਾ ਤੇ ਬੇਸੰਤੋਖ ਮੰਗਤਾ ਹਾਂ ਤਾਂ ਹਲੂਣਿਆ ਗਿਆ। ਮਨ ਸੋਚ ਸਾਗਰ ਵਿਚ ਗ਼ਰਕ ਹੋ ਗਿਆ। ਲੱਤਾਂ ਕੰਬੀਆਂ ਤੇ ਸਰੀਰ ਵਿਚ ਝਰਨਾਟ ਛਿੜ ਗਈ, ਸਿਰ ਝੁਕਿਆ ਤੇ ਅਰਜ਼ ਕੀਤੀ ਕਿ ਸਾਈਂ ਸੁਵਾਰੇ ਜੀਓ! ਮੈਨੂੰ ਦੱਸੋ ਤਾਂ ਸਹੀ ਕਿ ਮੈਂ ਮੰਗਤਾ ਤੇ ਮੰਗਤਿਆਂ ਦਾ ਮੰਗਤਾ ਤੇ ਬੇਸਬਰ ਮੰਗਤਾ ਕਿਸ ਤਰ੍ਹਾਂ ਹਾਂ ? ਮੈਂ ਤਾਂ ਆਪਣੇ ਆਪ ਨੂੰ ਸ਼ਹਿਨਸ਼ਾਹ ਹਿੰਦੁਸਤਾਨ ਸਮਝ ਰਖਿਆ ਏ, ਪਰ ਤੁਸੀਂ ਫ਼ੁਰਮਾਇਆ ਹੈ ਕਿ ਤੂੰ ਬੇਸਬਰ ਮੰਗਤਾ ਹੈਂ। ਸੋ ਇਸ ਦਾ ਮੈਨੂੰ ਭੇਤ ਸਮਝਾਉ ਤੇ ਮਨ ਦੀ ਤਸੱਲੀ ਕਰਵਾਉ।

ਬਾਬਰ ਦੀਆਂ ਗੱਲਾਂ ਸੁਣ ਕੇ ਸੱਚੇ ਪਿਤਾ ਜੀ ਜਲਾਲ ਵਿਚ ਆਏ ਤੇ ਫ਼ੁਰਮਾਨ ਕੀਤਾ ਕਿ ਬਾਬਰਾ! ਜੇ ਭੇਦ ਨੂੰ ਸਮਝਣਾ ਹੈ ਤਾਂ ਰਾਤ ਦੇ ਹਨੇਰੇ ਵਿਚ ਲਿਬਾਸ ਬਦਲ ਕੇ ਐਮਨਾਬਾਦ ਦੀਆਂ ਗਲੀਆਂ ਵਿਚ ਚੱਕਰ ਲਾਵੀਂ ਤੇ ਉਹਨਾਂ ਮਾਂਵਾਂ ਦੇ ਵੈਣ ਸੁਣੀਂ ਜਿਨ੍ਹਾਂ ਦੇ ਚੰਦ ਪੁੱਤ ਤੇਰੇ ਘੋੜਿਆਂ ਦੇ ਪੈਰਾਂ ਹੇਠ ਮਿੱਧੇ ਗਏ। ਉਸ ਪਿਉ ਦੀਆਂ ਕੂਕਾਂ ਤੇ ਕੁਰਲਾਹਟ ਸੁਣੀਂ ਜਿਸ ਦੀ ਜ਼ਿੰਦਗੀ ਦਾ ਸਹਾਰਾ ਤੂੰ ਸਦਾ ਲਈ ਖੋਹ ਲਿਆ ਤੇ ਮੁਲਕੇ ਅਦਮ ਦਾ ਰਾਹੀ ਬਣਾ ਦਿੱਤਾ, ਉਨ੍ਹਾਂ ਨਿਮਾਣੀਆਂ ਭੈਣਾਂ ਦੇ ਕੀਰਨੇ ਸੁਣੀਂ ਜਿਨ੍ਹਾਂ ਦੇ ਅੰਮਾਂ ਜਾਏ ਵੀਰਾਂ ਨੂੰ ਤੇਰੇ ਲਸ਼ਕਰੀਆਂ ਨੇ ਟੋਟੇ ਟੋਟੇ ਕਰ ਕੇ ਟੁਕ ਸੁੱਟਿਆ। ਸੱਜ ਵਿਆਹੀਆਂ ਲਾੜੀਆਂ ਜਿਨ੍ਹਾਂ ਨੇ ਅਜੇ ਲਾੜਿਆਂ ਦੇ ਮੂੰਹ ਵੀ ਨਹੀਂ ਸਨ ਦੇਖੇ, ਤੂੰ ਉਨ੍ਹਾਂ ਦੇ ਸੁਹਾਗ ਲੁੱਟ ਕੇ ਉਨ੍ਹਾਂ ਦੀ ਦੁਨੀਆਂ ਉਜਾੜ ਦਿੱਤੀ। ਦਿਲਾਂ ਦੀਆਂ ਸੱਧਰਾਂ ਤੇ ਚਾਅ ਮਲ੍ਹਾਰ, ਦਿਲਾਂ ਦੇ ਰਖਣਿਆਂ ਵਿਚ ਹੀ ਰੱਖੇ ਰਹਿ ਗਏ। ਭਾਈਆਂ ਨਾਲੋਂ ਭਾਈ ਵਿਛੋੜ ਕੇ, ਮਿੱਤਰਾਂ ਨਾਲੋਂ ਮਿੱਤਰ ਜੁਦਾ ਕਰ ਕੇ, ਘਰ ਘਰ ਵਿਚ ਮਾਤਮੀ ਸਫ਼ਾਂ ਵਿਛਾ ਕੇ, ਮਿਲੀਆਂ ਦੋ ਈ ਰੋਟੀਆਂ ਜੋ ਕਿ ਆਪਣੇ ਮੁਲਕ ਵਿਚ ਵੀ ਖਾਂਦਾ ਸੈਂ। ਇੰਨਾ ਜ਼ੁਲਮੋ-ਸਿਤਮ ਕਰ ਕੇ, ਦੁੱਖਾਂ ਦੀਆਂ ਘਟਾਂ ਵਿੱਚੋਂ ਕਹਿਰ ਦਾ ਮੀਂਹ ਵਰ੍ਹਾ ਕੇ, ਗਿੱਠ ਗਿੱਠ ਧਰਤੀ ਖ਼ੂਨ ਨਾਲ ਲਿਬੇੜ ਕੇ, ਅਸਮਾਨ ਵਿਚ ਹਾਏ ਹਾਏ ਦੀਆਂ ਚੀਕਾਂ ਪੁਆ ਕੇ ਕੀ ਹੁਣ ਸੋਨੇ ਦੀਆਂ ਰੋਟੀਆਂ ਖਾਂਦਾ ਏਂ ? ਨਹੀਂ, ਸਗੋਂ ਉਹੋ ਕਣਕ ਦੀਆਂ ਦੋ ਰੋਟੀਆਂ ਜਿਹੜੀਆਂ ਤੈਨੂੰ ਆਪਣੇ ਦੇਸ਼ ਵਿਚ ਵੀ ਮਿਲ ਸਕਦੀਆਂ ਸਨ। ਦੋਂਹ ਰੋਟੀਆਂ ਦਿਆ ਮੰਗਤਿਆ! ਇਨ੍ਹਾਂ ਦੋਂਹ ਰੋਟੀਆਂ ਲਈ ਨਿਮਾਣੀ ਤੇ ਬੇਗੁਨਾਹ ਪਰਜਾ ਉਤੇ ਜ਼ੁਲਮ ਕਰਨ ਵਾਲਿਆ, ਨਦਾਨ ਤੇ ਮਾਸੂਮ ਬੱਚਿਆਂ ਦੇ ਪਾਕ ਖ਼ੂਨ ਨਾਲ ਆਪਣੇ ਦਿਲ ਦੀਆਂ ਨਾਪਾਕ ਖ਼ਾਹਸ਼ਾਂ ਪੂਰੀਆਂ ਕਰਨ ਵਾਲਿਆ, ਖ਼ਾਲਕ ਦੀ ਸਾਜੀ ਹੋਈ ਖ਼ਲਕਤ ਨੂੰ ਮੌਤ ਦੇ ਘਾਟ ਉਤਾਰਨ ਵਾਲਿਆ, ਤੈਨੂੰ ਮੰਗਤਾ ਨਾ ਆਖਾਂ ਤੇ ਕੀ ਆਖਾਂ ? ਜੇ ਮੰਗਤਿਆਂ ਦਾ ਮੰਗਤਾ ਤੇ ਬੇਸਬਰ ਮੰਗਤਾ ਨਾ ਆਖਾਂ ਤੇ ਹੋਰ ਕੀ ਆਖਾਂ ? ਜੋ ਤਾਕਤ, ਕਰਤੇ ਦੀ ਕੀਤੀ ਹੋਈ ਦੁਨੀਆਂ ਕਤਲ ਕਰਨ ਲਈ ਵਰਤੀ ਏ, ਜੇ ਇਹੋ ਤਾਕਤ ਉਸ ਕਰਤਾ ਪੁਰਖ ਨੂੰ ਖੋਜਣ ਲਈ ਖ਼ਰਚ ਕਰਦੋਂ ਤਾਂ ਤੇਰੀ ਆਕਬਤ ਸੁਧਰ ਜਾਂਦੀ ਤੇ ਤੂੰ ਜੰਨਤ-ਨਸੀਬ ਬਣ ਜਾਂਦੋਂ। ਜੇ ਇਸੇ ਨਾਲ ਖ਼ਲਕਤੇ ਖ਼ੁਦਾ ਦੀ ਖ਼ਿਦਮਤ ਕਰਦੋਂ ਤਾਂ ਲੋਕ ਤੈਨੂੰ ਫ਼ਰਿਸ਼ਤਾ ਮੰਨਦੇ ਤੇ ਲੋਕਾਂ ਤੇ ਤੇਰੀ ਹਕੂਮਤ ਸਦਾ ਵਾਸਤੇ ਚਮਕਦੀ ਰਹਿੰਦੀ। ਪਰ ਤੇਰੀ ਵਰਤਾਈ ਹੋਈ ਕਿਆਮਤ ਨੇ ਹਿੰਦੁਸਤਾਨ ਦੀ ਹਾਲਤ ਕੁਝ ਇਸ ਤਰ੍ਹਾਂ ਦੀ ਕਰ ਦਿੱਤੀ ਹੈ ਕਿ :

**ਰੋਂਦੀ ਮਾਂ ਵਿਚਾਰੀ, ਜਿਹਦੇ ਕੋਲ ਨਾ ਸੁਖਾਂ ਲੱਧਾ ਏ।**
**ਔਹ ਡੋਲੀ ਦੇ ਵਿਚ ਡੁਸਕਨ, ਜਿਨ੍ਹਾਂ ਹੱਥੀਂ ਗਾਨਾ ਬੱਧਾ ਏ।**

ਨਿੱਕੂ ਕਿਸੇ ਦਾ ਵੇਹੜੇ ਵਿਚ, ਪਿਆ ਮਾਂ ਮਾਂ ਕਰਦਾ ਥੱਕਾ ਏ।
ਉਹਦੀ ਦੁਨੀਆਂ ਉਜੜੀ ਐਸੀ, ਕਿ ਰਿਹਾ ਨਾ ਇਕ ਵੀ ਸੱਕਾ ਏ।
ਬਾਂਹ ਉਚੀ ਕਰ ਕੇ ਆਖੇ, ਵੀਰਾ ! ਲੈ ਚਲ ਭੈਣ ਨੂੰ ਨਾਲੇ ਵੇ।
ਮੈਂ ਦੁਧ ਦਾ ਸਾਕ ਬਣਾਇਆ ਸੀ, ਇਹਨੂੰ ਤਾਂ ਤੋੜ ਨਿਭਾ ਦੇ ਵੇ।
ਲੱਭਾ ਨਾ ਸਰਵਨ ਪੁੱਤ ਮੇਰਾ, ਮੈਂ ਅੱਖੀਆਂ ਦੀ ਲੋ ਦੇ ਦਿੱਤੀ।
ਬਾਬਰ ਦੇ ਘੱਲੂਘਾਰੇ ਨੇ, ਮੇਰੇ ਜੀਵਨ ਦੀ ਕਰ ਖੇਹ ਦਿੱਤੀ।
ਮੈਂ ਬਚਨ 'ਸੁਤੰਤ੍ਰ' ਆਖੇ ਨੇ, ਇਨ੍ਹਾਂ ਵਿਚ ਝੂਠ ਨੂੰ ਥਾਂ ਕੋਈ ਨਹੀਂ।
ਕਿਤਾਬ ਜੋ ਤੇਰੇ ਜੀਵਨ ਦੀ, ਉਹਦੇ ਵਿਚ ਨੇਕੀ ਦਾ ਨਾਂ ਕੋਈ ਨਹੀਂ।

ਬੇਮੁਥਾਜ ਗੁਰੂ ਦੀਆਂ ਬੇਖ਼ੌਫ਼ ਗੱਲਾਂ ਨੇ ਬਾਬਰ ਦੇ ਅੰਦਰ ਹਲਚਲ ਮਚਾ ਦਿੱਤੀ। ਕਦੇ ਸੋਚਾਂ ਅਸਮਾਨ ਚੜ੍ਹਦੀਆਂ ਹਨ ਤੇ ਕਦੇ ਪਾਤਾਲੀਂ ਧਸਦੀਆਂ ਹਨ। ਬੇਮੁਥਾਜ ਗੁਰਦੇਵ ਦੇ ਅਣਿਆਲੇ ਤੀਰ ਨਿਸ਼ਾਨੇ ਤੇ ਵੱਜੇ, ਜਿਨ੍ਹਾਂ ਨੇ ਬਾਬਰ ਦੇ ਦਿਲ ਦੀ ਦੁਨੀਆਂ ਵਿਚ ਤੂਫ਼ਾਨ ਪੈਦਾ ਕਰ ਦਿੱਤਾ। ਕਦੇ ਆਪਣੇ ਆਪ ਨੂੰ ਸ਼ਹਿਨਸ਼ਾਹਿ ਹਿੰਦੁਸਤਾਨ ਮੰਨ ਕੇ ਫ਼ਕੀਰ ਤੇ ਕ੍ਰੋਧ ਕਰਦਾ ਏ, ਕਦੇ ਫ਼ਕੀਰ ਦੀਆਂ ਗੱਲਾਂ ਵਿਚਾਰ ਕੇ ਆਪਣੇ ਆਪ ਨੂੰ ਫਿਟਕਾਰਾਂ ਦਿੰਦਾ ਹੈ। ਇਸੇ ਲਹਾਅ ਚੜ੍ਹਾਅ ਵਿਚ ਬਿਸਤਰੇ ਤੇ ਲੇਟਦਾ ਹੈ, ਪਰ ਨੀਂਦ ਨਹੀਂ ਆਉਂਦੀ। ਆਖ਼ਰ ਨੂੰ ਠੋਕਰ ਖਾ ਚੁੱਕਾ ਦਿਲ ਪਸੀਜਿਆ, ਅੰਮ੍ਰਿਤ ਬਚਨਾਂ ਨੇ ਅਸਰ ਕੀਤਾ। ਅੰਦਰੋਂ ਕਿਬਰ ਨੇ ਕਿਨਾਰਾ ਕੀਤਾ। ਤਾਂ ਦਿਲੋਂ ਸਦਾਂ ਨਿਕਲੀਆਂ ਕਿ ਮੇਰੇ ਅੱਲਾ! ਜੇ ਮੈਨੂੰ ਸ੍ਰੀ ਨਨਕਾਣਾ ਸਾਹਿਬ ਦੀ ਧਰਤੀ ਦਾ ਰੁੱਖ ਬਣਾ ਦਿੰਦੋਂ, ਉਹ ਸੋਹਣਿਆਂ ਦਾ ਸੁਲਤਾਨ ਮੱਝੀਂ ਚਾਰਦਾ ਚਾਰਦਾ ਮੇਰੇ ਹੇਠਾਂ ਸੌਂ ਜਾਂਦਾ। ਮੈਂ ਆਪਣੀਆਂ ਸ਼ਾਖ਼ਾਂ ਦੀ ਛਾਂ ਕਰ ਕੇ ਸੇਵਾ ਕਮਾ ਕੇ ਸਫ਼ਲਾ ਹੋ ਜਾਂਦਾ, ਹੇ ਮੇਰੇ ਅੱਲਾ! ਜੇ ਮੈਨੂੰ ਤੁਣ ਦਾ ਰੁੱਖ ਬਣਾ ਦਿੰਦੋਂ ਜੋ ਕਾਰੀਗਰ ਦੇ ਹੱਥਾਂ ਨਾਲ ਰਬਾਬ ਬਣ ਕੇ ਮਰਦਾਨੇ ਹੱਥੀਂ ਆ ਸਜਾਂਦਾ ਤੇ ਜਦੋਂ ਭਾਈ ਮਰਦਾਨਾ ਉਸ ਨੂੰ ਵਜਾਉਂਦਾ ਤਾਂ ਉਸਦੀ ਲੈਅ ਵਿਚ ਮਸਤ ਹੋ ਕੇ ਉਹ ਅਰਸ਼ੀ ਪ੍ਰੀਤਮ ਰੱਬੀ ਬਾਣੀ ਨੂੰ ਗਾਉਂਦਾ ਤਾਂ ਮੇਰੀ ਨਜਾਤ ਹੋ ਜਾਂਦੀ। ਹੇ ਮੇਰੇ ਅੱਲਾ! ਜੇ ਮੈਨੂੰ ਟਾਹਲੀ ਦੀ ਲੱਕੜੀ ਬਣਾ ਛੱਡਦੋਂ ਜੋ ਖੜਾਵਾਂ ਬਣ ਕੇ ਜਗਤ ਗੁਰੂ ਦੇ ਚਰਨਾਂ ਦਾ ਮਾਣ ਪਰਾਪਤ ਕਰਦੀ ਤੇ ਜਦੋਂ ਹਜ਼ੂਰ ਮੱਕੇ ਮਦੀਨੇ ਜਾਂਦੇ ਉਥੇ ਨਿਸ਼ਾਨ ਦੇ ਤੌਰ ਤੇ ਛੱਡ ਆਉਂਦੇ ਤਾਂ ਮੈਂ ਸਦਾ ਵਾਸਤੇ ਅੱਲਾ ਦੇ ਘਰ ਦਾ ਵਾਸੀ ਬਣ ਜਾਂਦਾ। ਹੇ ਮੇਰੇ ਖ਼ੁਦਾ! ਤੂੰ ਮੈਨੂੰ ਨਿੱਕੇ ਨਿੱਕੇ ਰੇਤ ਦੇ ਕਿਣਕੇ ਬਣਾ ਦੇਂਦੋਂ, ਉਹ ਕਿਣਕੇ ਕਿਤੇ ਇਕੱਠੇ ਹੋ ਕੇ ਇਕ ਪੱਥਰ ਬਣ ਜਾਂਦੇ ਅਤੇ ਉਹ ਪੱਥਰ ਵਲੀ ਕੰਧਾਰ ਦੇ ਹੱਥਾਂ ਨਾਲ ਰਿੜ੍ਹ ਕੇ ਸਤਿਗੁਰਾਂ ਵੱਲ ਆਉਂਦਾ ਤੇ ਉਹਦੇ ਵਿਚ ਪੰਜਾ ਲਗ ਕੇ ਪੂਜਾ ਦੇ ਯੋਗ ਬਣ ਜਾਂਦਾ ਤੇ ਸਦਾ ਵਾਸਤੇ ਸਥਿਰ ਹੋ ਜਾਂਦਾ ਪਰ ਐ ਖ਼ੁਦਾ! ਤੂੰ ਮੈਨੂੰ ਬਣਾ ਦਿੱਤਾ ਜ਼ਾਲਮ ਬਾਬਰ, ਨਿਰਦਈ ਤੇ ਹੈਂਸਿਆਰਾ ਬਾਬਰ, ਨਾ ਦੀਨ ਦਾ ਰਿਹਾ ਨਾ ਦੁਨੀਆਂ ਦਾ, ਨਾ ਲੋਕ ਸਵਾਰਿਆ ਨਾ ਪਰਲੋਕ ਸੁਧਰਿਆ, ਮੈਨੂੰ ਹੁਣ ਪਤਾ ਲੱਗਾ ਹੈ ਕਿ ਮੈਨੂੰ ਨਰਕਾਂ ਨੇ ਵੀ ਨਹੀਂ ਝੱਲਣਾ। ਹੇ ਖ਼ਾਲਕ! ਮੈਂ ਜਾਵਾਂ ਤੇ ਕਿੱਥੇ ਜਾਵਾਂ ? ਬੇਮੁਥਾਜ ਗੁਰੂ ਦੇ ਅਗੰਮੀ ਬਚਨਾਂ ਨੇ ਮਾਇਆ-ਮਦ-ਮਤੇ ਨੂੰ ਅਣਡਿਠੇ ਪ੍ਰੀਤਮ ਦੀ ਖਿੱਚ ਪਾ ਦਿੱਤੀ, ਜਿਸ ਖਿੱਚ ਦਾ ਖਿੱਚਿਆ ਹੋਇਆ ਬਾਬਰ ਬਿਹਬਲ ਜਿਹਾ ਹੋ ਕੇ ਸੋਚਾਂ ਸੋਚਦਾ ਏ ਤੇ ਮਨੋਂ ਸ਼ੁਕਰਾਨਾ ਕਰਦਾ ਏ, ਉਸ ਦਾ ਜਿਸ ਨੇ ਲਗਨ ਲਾ ਕੇ ਲਾਲ ਪਿਆਰੇ ਦਾ ਲੜ ਫੜਾ ਦਿੱਤਾ, ਏਡਾ ਵੱਡਾ ਉਪਕਾਰ ਕਰ ਕੇ ਵੀ ਜਿਸ ਨੇ ਮੁਆਵਜ਼ੇ

ਦੀ ਖ਼ਾਹਸ਼ ਨਹੀਂ ਕੀਤੀ ਤੇ ਨਾ ਹੀ ਬਾਬਰ ਦਾ ਮੁਥਾਜ ਬਣਿਆ।

ਸੋਚਣ ਵਾਲੀ ਗੱਲ ਹੈ ਕਿ ਬਗ਼ੈਰ ਸਾਜ਼ੋ ਸਾਮਾਨ ਦੇ ਏਡੇ ਵੱਡੇ ਹੰਕਾਰੀ ਬਾਦਸ਼ਾਹ ਦੇ ਦਰਬਾਰ ਵਿਚ ਅਮੀਰਾਂ ਵਜ਼ੀਰਾਂ ਦੇ ਰੂ-ਬ-ਰੂ ਨਿਧੜਕ ਹੋ ਕੇ ਡਟ ਜਾਣਾ, ਇਹ ਸੱਚੇ ਸਤਿਗੁਰੂ ਨੂੰ ਹੀ ਸੋਭਦਾ ਸੀ। ਜਿਸ ਬਾਬਰ ਦੇ ਸਾਹਮਣੇ ਤੋਪਾਂ ਤੇ ਬੰਦੂਕਾਂ ਠੰਢੀਆਂ ਪੈ ਚੁਕੀਆਂ ਹੋਣ, ਕਿਲ੍ਹਿਆਂ ਦੇ ਮਾਲਕਾਂ ਨੇ ਈਨ ਮੰਨ ਲਈ ਹੋਵੇ, ਸੂਰਮਿਆਂ ਨੇ ਜਿਸ ਦੇ ਅੱਗੇ ਹਥਿਆਰ ਸੁੱਟ ਦਿੱਤੇ ਹੋਣ, ਜਿਹਨੇ ਚੌਹਾਨਾਂ ਤੇ ਰਾਜਪੂਤਾਂ ਨੂੰ ਨਿਵਾ ਲਿਆ ਹੋਵੇ, ਜਿਸ ਨੂੰ ਉਚੇ ਉਚੇ ਕਿਲ੍ਹਿਆਂ ਦੀਆਂ ਦੀਵਾਰਾਂ ਵੀ ਸਲਾਮਾਂ ਕਰਦੀਆਂ ਹੋਣ, ਜਿਸ ਦੇ ਦਰਬਾਰ ਵਿਚ ਵੱਡੇ ਤੋਂ ਵੱਡਾ ਧਨੁਸ਼ਧਾਰੀ ਵੀ ਦੰਮ ਨਾ ਮਾਰ ਸਕਦਾ ਹੋਵੇ, ਜਿਸ ਦੇ ਦਰਬਾਰ ਵਿਚ ਬੜੇ ਬੜੇ ਜਰਨੈਲਾਂ ਦੇ ਸਾਹ ਸੁਕਦੇ ਹੋਣ, ਉਹਦੇ ਦਰਬਾਰ ਵਿਚ ਇਕ ਫ਼ਕੀਰ ਦਾ ਬੇ-ਸਰੋ ਸਾਮਾਨੀਂ ਦੀ ਹਾਲਤ ਵਿਚ ਨਿਡਰ ਹੋ ਕੇ ਦਮਗਜਾ ਮਾਰਨਾ, ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਕੰਮ ਤੇ ਵਿਰਸਾ ਸੀ। ਇਹ ਔਖਾ ਤੇ ਕਠਨ ਕੰਮ ਸਤਿਗੁਰੂ ਤੋਂ ਬਿਨਾਂ ਹੋਰ ਕੋਈ ਵੀ ਨਹੀਂ ਸੀ ਕਰ ਸਕਦਾ। ਐਸੇ ਬੇਮੁਥਾਜ ਗੁਰੂ ਦੇਵ ਦੇ ਉਪਕਾਰ ਸਦਕਾ ਈ ਧਰਤੀ ਤੋਂ ਪਾਪ ਅੰਧੇਰਾ ਦੂਰ ਹੋਇਆ ਤੇ ਸੱਚ ਦੇ ਚੰਨ ਨੇ ਚਮਕਾਂ ਮਾਰੀਆਂ ਸਨ :

ਕਰ ਸਿੱਧਾ ਬਾਬਰ ਮੀਰ, ਗੁਰਾਂ ਨੇ ਕੀਤੀ ਕਾਰ ਲਾਸਾਨੀ ਏਹ।
ਜਦ ਤੋੜੀ ਚੰਨ ਤੇ ਸੂਰਜ ਹੈਂ, ਰਹੂ ਜੱਗ ਦੇ ਵਿਚ ਨਿਸ਼ਾਨੀ ਏਹ।
ਨਿਰਦੋਸ਼ਾਂ ਕਰ ਕੇ ਕੈਦ, ਬਾਬਰ ਨੇ ਕੀਤੀ ਕਾਰ ਅਵੱਲੀ ਸੀ।
ਦੁੱਖ ਪੀਹ ਕੇ ਮੈਦਾ ਕਰ ਸੁਟੇ, ਜਾਂ ਤੇਰੀ ਚੱਕੀ ਚੱਲੀ ਸੀ।
ਕੰਡਾ ਜੇ ਚੁਭਿਆ ਦੂਜੇ ਨੂੰ, ਆ ਤੈਨੂੰ ਕਸਕਾਂ ਪਈਆਂ ਸਨ।
ਹੌਕੇ ਤੇ ਹਾਈਆਂ ਕਿਸੇ ਦੀਆਂ, ਤੈਥੋਂ ਨਾ ਗਈਆਂ ਸਹੀਆਂ ਸਨ।
ਸੁਖ ਵੰਡੇ ਸਾਰੀ ਦੁਨੀਆਂ ਨੂੰ, ਦੁੱਖਾਂ ਨੂੰ ਝੋਲੀ ਪਾਇਆ ਤੂੰ।
ਬੰਦੀ ਦੀ ਬੰਦ ਖਲਾਸ ਲਈ, ਬਨ ਸਰਦਾ ਮੁਲ ਪੁਆਇਆ ਤੂੰ।
ਠੱਗਾਂ ਦੀ ਠੱਗੀ ਕੱਢੀ ਤੂੰ, ਕੌਡੇ ਨੂੰ ਕੀਤਾ ਲੱਖਾਂ ਦਾ।
ਨੂਰੀ ਨੂੰ ਨਜ਼ਰ ਨਿਹਾਲ ਕੀਤਾ, ਜੋ ਰੁਲ ਕੇ ਬਣਿਆ ਕੱਖਾਂ ਦਾ।
ਸੱਚ ਆਖਾਂ ਅੱਖ ਜ਼ਮਾਨੇ ਦੀ, ਤੈਨੂੰ ਵੇਖਣ ਦੇ ਲਈ ਖੁਲ੍ਹਦੀ ਜੇ।
ਉਹਨੂੰ ਨੂਰ ਕੋਹਤੂਰੀ ਦਿਸ ਪੈਂਦਾ, ਉਹ ਭਰਮਾਂ ਵਿਚ ਨਾ ਭੁਲਦੀ ਜੇ।
ਤੂੰ ਬਣ ਕੇ ਮੇਹਰ ਦਾ ਮੀਂਹ ਆਇਓਂ, ਸਭ ਦਿਲਾਂ ਦੀ ਔੜ ਮੁਕਾ ਦਿੱਤੀ।
ਤੇਰੇ ਦਿਲ ਦੀ ਸਾਂਝੀ ਪੱਧਰ ਨੇ, ਮਜ਼੍ਹਬਾਂ ਦੀ ਸੌੜ ਚੁਕਾ ਦਿੱਤੀ।
ਦਿਲ ਸ਼ੀਸ਼ਾ ਨਿਰਮਲ ਪਾਕ ਤੇਰਾ, ਉਹਨੂੰ ਸਕਿਆ ਕੋਈ ਪਛਾਣ ਨਹੀਂ।
ਕੌਤਕ ਤੂੰ ਜੋ ਜੋ ਕੀਤੇ ਨੇ, ਕਰ ਸਕਦਾ ਕੋਈ ਇਨਸਾਨ ਨਹੀਂ।
ਸਭ ਆਣ 'ਸੁਤੰਤ੍ਰ' ਕੀਤੇ ਤੂੰ, ਭਰਮਾਂ ਦੇ ਰੱਸੀਂ ਬੱਧੇ ਜੋ।
ਉਹ ਵਿਚ ਚੁਰਾਸੀ ਨਾ ਆਏ, ਆ ਤੇਰੀ ਚਰਣੀਂ ਲੱਗੇ ਜੋ।

ਸੱਚੇ ਅਰਥਾਂ ਵਿਚ ਬੇਮੁਥਾਜੀ ਦਾ ਅਮਲੀ ਸਬਕ ਸਿਖਾ ਕੇ, ਸੰਸਾਰ ਨੂੰ ਖ਼ੁਦਮੁਖ਼ਤਾਰੀ ਦਾ ਸਹੀ ਰਸਤਾ ਨਿਸਚੇ ਕਰਾ ਕੇ, ਚਿਰਾਂ ਦੇ ਕਮਜ਼ੋਰ ਸਮਾਜ ਨੂੰ ਟੁੰਬ ਕੇ ਜਗਾ ਦਿੱਤਾ। ਅੰਦਰ ਦੀਆਂ ਕਮਜ਼ੋਰੀਆਂ ਨੂੰ ਕੱਢ ਕੇ ਸੱਚਾ ਬਲ ਪੈਦਾ ਕਰਨਾ ਦੱਸਿਆ ਤੇ ਉਸ ਬਲ

ਦੇ ਅਧਾਰ ਤੇ ਅੱਗੇ ਵਧਣ ਲਈ ਤਾਂਘਾਂ ਪੈਦਾ ਕਰ ਦਿੱਤੀਆਂ, ਸਾਰੇ ਜਗਤ ਦੇ ਮਨੁੱਖ ਮਾਤ੍ਰ ਨੂੰ ਨਿਜੀ ਸਤਿਕਾਰ ਲਈ ਮਰਦਾਂ ਵਾਂਗ ਡਟਣ ਦੀ ਸਿਖਿਆ ਦੇ ਕੇ ਬੁਜ਼ਦਿਲੀ ਨੂੰ ਦੂਰ ਕਰ ਕੇ ਰੱਖ ਦਿੱਤਾ ਤੇ ਜਰਵਾਣਿਆਂ ਦੇ ਹੇਠਾਂ ਦੱਬੇ ਹੋਏ ਲੋਕਾਂ ਨੂੰ ਸਮਝਾ ਦਿੱਤਾ ਕਿ ਜ਼ੁਲਮ ਦੇ ਸਾਹਮਣੇ ਝੁਕਣਾ, ਇਹ ਜ਼ੁਲਮ ਦੇ ਹੌਸਲੇ ਨੂੰ ਵਧਾਉਣਾ ਤੇ ਜ਼ੁਲਮ ਦੇ ਮੈਦਾਨ ਨੂੰ ਚੌੜਾ ਕਰਨਾ ਹੈ ਅਤੇ ਜ਼ਾਲਮ ਅੱਗੇ ਸੱਚਾਈ ਲਈ ਡਟ ਜਾਣਾ, ਇਹ ਜ਼ੁਲਮ ਨੂੰ ਰੋਕਣਾ ਹੈ। ਇਸ ਤਰ੍ਹਾਂ ਸੱਚੇ ਗੁਰਦੇਵ ਨੇ ਆਪ ਬੇਮੁਥਾਜ ਰਹਿ ਕੇ ਸਾਨੂੰ ਬੇਮੁਥਾਜ ਰਹਿਣ ਦਾ ਉੱਚਾ ਸੁੱਚਾ ਉਪਦੇਸ਼ ਦੇ ਕੇ ਕ੍ਰਿਤਾਰਥ ਕੀਤਾ ਹੈ।

SIKHBOOKCLUB.COM

# ਨਾ-ਮੋਹ

ਸੰਸਾਰ ਦੀ ਸਾਜਨਾ ਨੂੰ ਸਿਆਣੀਆਂ ਅੱਖਾਂ ਨਾਲ ਦੇਖਣ ਤੋਂ ਪਤਾ ਲੱਗਦਾ ਹੈ ਕਿ ਸਾਰੇ ਜਾਨਦਾਰ, ਮੋਹ ਦੇ ਜਾਲ ਵਿਚ ਫਸੇ ਪਏ ਹਨ। ਭਾਵੇਂ ਕੋਈ ਦੋਂਹ ਲੱਤਾਂ ਵਾਲਾ ਤੇ ਭਾਵੇਂ ਕੋਈ ਚੌਂਹ ਲੱਤਾਂ ਵਾਲਾ ਅਤੇ ਭਾਵੇਂ ਕੋਈ ਪੇਟ ਦੇ ਭਾਰ ਤੁਰਨ ਵਾਲਾ, ਇਹ ਸਭ ਮੋਹ ਦੇ ਜਾਲ ਦੇ ਸ਼ਿਕਾਰ ਹਨ। ਮੋਹ ਦੇ ਜਾਲ ਨੇ ਸਭ ਨੂੰ ਆਪਣੇ ਵਿਚ ਫਸਾ ਰਖਿਆ ਹੈ। ਕੋਈ ਵੀ ਜਾਨਦਾਰ ਇਸ ਦੀ ਫਾਹੀ ਵਿੱਚੋਂ ਸੁਤੰਤ੍ਰ ਨਹੀਂ ਦਿਸਦਾ। ਇਸ ਦੀਆਂ ਮੋਹ-ਤਣਾਵਾਂ ਬੜੀਆਂ ਲੰਮੀਆਂ ਤੇ ਪੱਕੀਆਂ ਹਨ, ਜਿਨ੍ਹਾਂ ਨੂੰ ਤੋੜਨ ਵਾਸਤੇ ਬੜੇ ਬੜੇ ਸੂਰਮੇ ਤੇ ਤਿਆਗੀ ਵੀ ਅਸਮਰੱਥ ਹਨ।

ਇਸ ਨੇ ਆਪਣਾ ਮੈਦਾਨ ਐਸੇ ਢੰਗ ਨਾਲ ਬਣਾ ਰਖਿਆ ਹੈ ਕਿ ਜਿਸ ਵਿਚ ਕਿਸੇ ਦੀ ਦਾਲ ਗਲਣੀ ਮੁਸ਼ਕਿਲ ਹੈ। ਇਸ ਦੇ ਤੀਖਣ ਤੀਰਾਂ ਦਾ ਵਾਰ ਕੋਈ ਨਹੀਂ ਝੱਲ ਸਕਦਾ। ਇਸ ਦੇ ਢੰਗ ਅਨੋਖੇ ਤੇ ਵਚਿਤ੍ਰ ਹਨ। ਇਸ ਦੇ ਪੇਚ ਬੜੇ ਗੁੰਝਲਦਾਰ ਤੇ ਖ਼ਤਰਨਾਕ ਹਨ। ਇਕ ਇਕ ਮੋੜ ਤੇ ਇਹ ਖਿਲਾੜੀ ਖੇਡਾਂ ਖੇਡਦਾ ਥੱਕਦਾ ਨਹੀਂ। ਕਿਸੇ ਨਾ ਕਿਸੇ ਤਰੀਕੇ ਨਾਲ ਆਪਣਾ ਵਾਰ ਕਰ ਈ ਦਿੰਦਾ ਹੈ, ਜਿਸ ਪਾਸੋਂ ਬਚਣਾ ਬੜਾ ਕਠਨ ਤੇ ਔਖਾ ਹੈ। ਕਿਸੇ ਨੂੰ ਦਮ, ਕਿਸੇ ਨੂੰ ਦਿਲਾਸਾ, ਕਿਸੇ ਨੂੰ ਆਸਾ, ਕਿਸੇ ਨੂੰ ਨਿਰਾਸ਼ਾ, ਇਹ ਇਸ ਦੀਆਂ ਚਾਲਾਂ ਹਨ ਜਿਨ੍ਹਾਂ ਨੂੰ ਸਮਝਣਾ ਸੌਖਾ ਤੇ ਆਸਾਨ ਨਹੀਂ। ਇਸ ਦੀਆਂ ਚਾਪਲੂਸੀਆਂ ਵਿਚ ਫਸਿਆ ਮਨੁੱਖ ਕਿਸੇ ਪਾਸੇ ਜੋਗਾ ਨਹੀਂ ਰਹਿੰਦਾ, ਇਸ ਦੇ ਲਾਰੇ ਲੱਪੇ ਬੜੇ ਚਿਕਨੇ ਤੇ ਸੁੰਦਰ ਜਿਹੇ ਭਾਸਦੇ ਹਨ। ਪਰ ਉਨ੍ਹਾਂ ਦੀ ਤਹਿ ਵਿਚ ਇਕ ਕੌਡੀ ਜਿੰਨੀ ਸੱਚਾਈ ਨੂੰ ਥਾਂ ਨਹੀਂ ਹੁੰਦੀ। ਇਹ ਮੋਹ ਮੋਹਣੀ ਰੂਪ ਤਾਂ ਬਣ ਸਕਦਾ ਏ ਪਰ ਇਸ ਵਿਚ ਮੋਹਿਆ ਪੁਰਸ਼ ਸੱਚਾਈ ਤੋਂ ਕਈ ਕੋਹ ਦੂਰ ਚਲਾ ਜਾਂਦਾ ਹੈ।

ਦੁਨੀਆਂ ਦੇ ਕੋਨੇ ਕੋਨੇ ਵਿਚ ਇਸ ਦਾ ਪਸਾਰਾ ਪਸਰਿਆ ਪਿਆ ਏ। ਮਨੁੱਖ ਤੋਂ ਛੁੱਟ ਚਾਰ ਪੈਰ ਵਾਲੇ ਵੀ ਇਸ ਦਾ ਸ਼ਿਕਾਰ ਹਨ। ਗਾਂਈਂ ਨੂੰ ਦੇਖੋ, ਸਾਰਾ ਦਿਨ ਘਾਹ ਖਾਂਦੀ ਦੇ ਦੰਦ ਘਸ ਜਾਂਦੇ ਹਨ। ਬਾਚੀਆਂ ਥੱਕ ਜਾਂਦੀਆਂ ਹਨ। ਨਦੀਆਂ ਨਾਲਿਆਂ ਦਾ ਪਾਣੀ ਪੀ ਕੇ ਦੁੱਧ ਨਾਲ ਭਰਿਆ ਹਵਾਨਾਂ ਲੈ ਕੇ ਬੱਚੇ ਦੇ ਸਾਹਮਣੇ ਖੜੀ ਹੋ ਜਾਂਦੀ ਹੈ ਤੇ ਉਸਨੂੰ ਤ੍ਰਿਪਤ ਕਰ ਦਿੰਦੀ ਹੈ। ਬਾਂਦਰ ਸਭ ਤੋਂ ਚੰਚਲ ਮੰਨਿਆ ਗਿਆ ਹੈ, ਪਰ ਜਦੋਂ ਇਸਦਾ ਬੱਚਾ ਮਰ ਜਾਏ ਇਹ ਉਸਦੇ ਕੁਰੰਗ ਨੂੰ ਚੁੱਕੀ ਫਿਰਦਾ ਏ। ਜਦ ਤਕ ਦੂਜਾ ਬੱਚਾ ਨਾ ਜਨਮੇ ਉੱਨਾ ਚਿਰ ਪਹਿਲੇ ਬੱਚੇ ਦੇ ਕੁਰੰਗ ਨੂੰ ਨਹੀਂ ਤਿਆਗਦਾ। ਇਸ ਦਾ ਮੋਹ ਜਦੋਂ ਦੂਜੀ ਸ਼ਕਲ ਧਾਰਦਾ ਏ ਤਾਂ ਇਹ ਚਣਿਆਂ ਦੇ ਦਾਣਿਆਂ ਤੇ ਰੀਝ ਕੇ, ਕਲੰਦਰ ਦੇ ਅਧੀਨ ਹੋ ਕੇ ਜੀਵਨ ਭਰ ਨਾਚ ਨੱਚਦਾ ਤੇ ਖੇਡਾਂ ਖੇਡਦਾ ਹੈ ਅਤੇ ਕਮਾਈ ਕਰ ਕੇ ਕਲੰਦਰ ਨੂੰ ਤੇ ਉਸਦੇ ਬੱਚਿਆਂ ਨੂੰ ਖੁਵਾਲਦਾ ਏ।

ਜੇ ਅਸੀਂ ਰੋਜ਼ਾਨਾ ਜੀਵਨ ਦੀਆਂ ਘੜੀਆਂ ਵੱਲ ਧਿਆਨ ਮਾਰੀਏ ਤਾਂ ਪਤਾ ਲੱਗੇਗਾ ਕਿ ਰੇਲ ਗੱਡੀ ਦਾ ਸਫ਼ਰ ਕੁਛ ਘੰਟਿਆਂ ਜਾਂ ਵੱਧ ਤੋਂ ਵੱਧ ਕੁਛ ਦਿਨਾਂ ਦਾ ਈ ਹੁੰਦਾ ਹੈ। ਪਰ ਜਿਸ ਫੱਟੇ ਤੇ ਅਸੀਂ ਬੈਠ ਜਾਂਦੇ ਹਾਂ ਉਸ 'ਤੇ ਕਿਸੇ ਦੂਜੇ ਦਾ ਬੈਠਣਾ ਝੱਲਿਆ ਨਹੀਂ ਜਾਂਦਾ। ਉਸ ਥਾਂ ਨਾਲ ਸਾਡਾ ਮੋਹ ਪੱਕਾ ਹੋ ਜਾਂਦਾ ਹੈ। ਜਿਸ ਲਈ ਅਸੀਂ ਦੂਜੇ ਮੁਸਾਫ਼ਿਰਾਂ ਨਾਲ ਲੜਦੇ ਹਾਂ। ਹਾਲਾਂ ਕਿ ਕੁਝ ਘੰਟਿਆਂ ਪਿੱਛੋਂ ਉਸ ਥਾਂ ਦੀ ਸਾਨੂੰ ਯਾਦ ਵੀ ਭੁੱਲ ਜਾਂਦੀ ਹੈ।

ਇਸ ਮੋਹ ਦੀ ਲੀਲ੍ਹਾ ਦੇਖਣੀ ਹੋਵੇ ਤਾਂ ਆਪਣੇ ਘਰ ਦੀਆਂ ਚਿੜੀਆਂ ਨੂੰ ਬਰੀਕ ਨਜ਼ਰ ਨਾਲ ਦੇਖਣਾ ਚਾਹੀਦਾ ਹੈ ਕਿ ਆਂਡੇ ਦੇਣ ਤੋਂ ਕਈ ਦਿਨ ਪਹਿਲਾਂ ਈ ਆਲ੍ਹਣਾ ਬਣਾਉਣਾ ਆਰੰਭ ਕਰ ਦਿੰਦੀਆਂ ਹਨ ਤੇ ਲੋੜ ਅਨੁਸਾਰ ਨਿੱਕੇ ਵੱਡੇ ਤੀਲ੍ਹੇ ਜੋੜ ਕੇ ਬੜਾ ਸੁੰਦਰ ਘਰ ਸਾਜਦੀਆਂ ਹਨ। ਆਂਡਿਆਂ ਪਿਛੋਂ ਬੱਚੇ ਬਣ ਜਾਣ ਤੇ ਚੋਗਾ ਚੁਗਾ ਕੇ ਉਨ੍ਹਾਂ ਦੀ ਪਾਲਣਾ ਕਰਦੀਆਂ ਹਨ। ਆਲ੍ਹਣੇ 'ਚੋਂ ਨਿਕਲਣ ਪਿਛੋਂ ਉਸ ਨੂੰ ਉਡਣਾ ਤੇ ਸ਼ਿਕਾਰੀ ਜਨੌਰਾਂ ਤੋਂ ਬਚਣਾ ਵੀ ਦੱਸਦੀਆਂ ਹਨ।

ਬੜੇ ਬੜੇ ਰਿਸ਼ੀ ਮੁਨੀ ਵੀ ਮੋਹ ਦਾ ਮੁਕਾਬਲਾ ਨਾ ਕਰ ਸਕੇ। ਸੁਕਦੇਵ ਬੜਾ ਵੱਡਾ ਰਿਸ਼ੀ ਮੰਨਿਆ ਗਿਆ ਹੈ, ਇਸਦਾ ਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਵਾਰੀ ਆਇਆ ਹੈ ਤੇ ਸ੍ਰੀਮਾਨ ਭਾਈ ਗੁਰਦਾਸ ਜੀ ਨੇ ਵੀ ਆਪਣੀ ਬਾਣੀ ਵਿਚ ਕਈ ਵਾਰ ਸੁਕਦੇਵ ਦਾ ਜ਼ਿਕਰ ਕੀਤਾ ਹੈ, ਪਰ ਜਿਸ ਵੇਲੇ ਸੁਕਦੇਵ ਨੂੰ ਮੋਹ ਦੀ ਦੁਨੀਆਂ ਵਿਚ ਫਿਰਦਾ ਦੇਖਾਂਗੇ ਤਾਂ ਪਤਾ ਲੱਗੇਗਾ ਕਿ ਜਨਕ ਪਾਸ ਜਾਣ ਲੱਗਿਆਂ ਆਪਣੀ ਲੰਗੋਟੀ ਤੇ ਤੂੰਬੜੀ ਡਿਉੜੀ ਵਿਚ ਇਕ ਕਿੱਲੀ ਨਾਲ ਟੰਗ ਦਿੱਤੀ ਤੇ ਜਨਕ ਦੇ ਪਾਸ ਬੈਠ ਗਿਆ, ਜਨਕ ਨੇ ਆਪਣੀ ਬ੍ਰਹਮ ਗਿਆਨਤਾ ਤੇ ਸਮਾਨ ਦ੍ਰਿਸ਼ਟਤਾ ਦੱਸਣ ਲਈ ਸ਼ਹਿਰ ਨੂੰ ਅੱਗ ਲਗਵਾ ਦਿੱਤੀ, ਜਿਸ ਕਾਰਨ ਚਾਰ ਚੁਫ਼ੇਰੇ ਚੀਕਾਂ ਪਈਆਂ, ਹਰ ਪਾਸੇ ਹਾ-ਹਾ-ਕਾਰ ਦੇ ਹੌਕੇ ਪੈਣ ਲੱਗ ਪਏ। ਮਰ ਗਏ ਸੜ ਗਏ, ਦੀਆਂ ਸੱਦਾਂ ਸ਼ਹਿਰ ਦੇ ਹਰ ਹਿੱਸੇ ਵਿੱਚੋਂ ਕੰਨੀਂ ਪੈ ਰਹੀਆਂ ਸਨ, ਪਰ ਜਨਕ ਅਡੋਲ ਬੈਠਾ ਸੀ ਤੇ ਆਤਮਾ ਦੇ ਰੰਗ ਵਿਚ ਲੀਨ ਸੀ, ਸੁਕਦੇਵ ਸਾਰਾ ਤਮਾਸ਼ਾ ਦੇਖਦਾ ਤੇ ਹੈਰਾਨੀ ਵਿਚ ਡੁੱਬਾ ਹੋਇਆ ਸੋਚਦਾ ਹੈ ਪਈ ਰਾਜਾ ਜਨਕ ਕਿਤੇ ਬੋਲਾ ਜਾਂ ਪਾਗਲ ਤਾਂ ਨਹੀਂ, ਜੋ ਲੋਕਾਂ ਦੀ ਹਾ-ਹਾ-ਕਾਰ ਤੇ ਚੀਕ ਪੁਕਾਰ ਸੁਣ ਕੇ ਵੀ ਅੱਗ ਬੁਝਾਉਣ ਦਾ ਕੋਈ ਯਤਨ ਨਹੀਂ ਕਰਦਾ! ਏਨੇ ਚਿਰ ਨੂੰ ਅੱਗ ਉਸ ਡਿਉੜੀ ਲਾਗੇ ਪੁੱਜ ਗਈ ਜਿਥੇ ਸੁਕਦੇਵ ਨੇ ਲੰਗੋਟੀ ਤੇ ਤੂੰਬੜੀ ਟੰਗੀ ਹੋਈ ਸੀ। ਬੱਸ ਫੇਰ ਕੀ ਸੀ, ਸੁਕਦੇਵ ਦੇ ਮੋਹ ਨੇ ਸੁਕਦੇਵ ਨੂੰ ਹਲੂਣਿਆ ਤੇ ਆਖਿਆ ਕਿ ਇਹ ਤਾਂ ਰਾਜਾ ਹੈ, ਇਸ ਦੇ ਪਾਸ ਹੀਰੇ ਮੋਤੀ ਤੇ ਲਾਲ ਜਵਾਹਰ ਅਨੇਕ ਪਦਾਰਥ ਹੈ, ਜਿਸ ਕਰਕੇ ਕਿਸੇ ਦੂਜੀ ਜਗ੍ਹਾ ਮਹੱਲ ਬਣਾ ਕੇ ਸੁਖ ਮਾਣੇਗਾ ਪਰ ਮੈਂ ਤਾਂ ਇਕ ਸਾਧੂ ਹਾਂ, ਭੀਖ ਮੰਗ ਕੇ ਪੇਟ ਪਾਲਣਾ ਕਰਨ ਵਾਲਾ ਹਾਂ ਤੇ ਜੰਗਲ ਵਾਸੀ ਹਾਂ। ਜੇ ਮੇਰੀ ਲੰਗੋਟੀ ਸੜ ਗਈ ਤਾਂ ਕਿਥੋਂ ਲਵਾਂਗਾ, ਮੈਨੂੰ ਕੌਣ ਲੈ ਕੇ ਦੇਵੇਗਾ! ਖ਼ਬਰੇ ਕਿਸੇ ਦਾਨੀ ਦੇ ਮਨ ਵਿਚ ਦਯਾ ਆਵੇ ਕਿ ਨਾ ਆਵੇ? ਇਤਿਆਦਿਕ ਸੋਚਾਂ ਸੋਚਦਾ ਡਿਉੜੀ ਵੱਲ ਦੌੜਿਆ ਤਾਂ ਜਨਕ ਨੇ ਅੱਖਾਂ ਖੋਲ੍ਹੀਆਂ ਤੇ ਬੋਲਿਆ ਕਿ ਐ ਸੁਕਦੇਵ! ਤੂੰ ਤਾਂ ਆਪਣੇ ਆਪ ਨੂੰ ਬੜਾ ਤਿਆਗੀ ਤੇ ਵੈਰਾਗੀ ਸਮਝਦਾ ਸੈਂ, ਆਖਦਾ ਸੈਂ ਕਿ ਮੈਂ ਮਾਇਆ ਮੋਹ ਵਿੱਚੋਂ ਨਿਰਲੇਪ ਹਾਂ, ਪਰ ਤੇਰੇ ਮਨ ਵਿਚ ਮੋਹ ਦਾ ਸਾਗਰ ਠਾਠਾਂ ਮਾਰ ਰਿਹਾ ਹੈ, ਤੂੰ ਤਾਂ ਦੋ ਪੈਸੇ ਦੀ ਤੂੰਬੜੀ ਤੇ

ਚਾਰ ਪੈਸੇ ਦੀ ਲੰਗੋਟੀ ਦਾ ਤਿਆਗ ਨਹੀਂ ਕਰ ਸਕਿਆ, ਮੋਹ ਦੇ ਚਿੱਕੜ ਨੇ ਤੈਨੂੰ ਐਸਾ ਫਸਾ ਰਖਿਆ ਹੈ ਕਿ ਤੇਰਾ ਪੈਰ ਅੱਗੇ ਤੁਰ ਹੀ ਨਹੀਂ ਸਕਦਾ। ਤੂੰ ਮੋਹ ਦੇ ਖੂਹ ਵਿਚ ਡਿੱਗਾ ਹੋਇਆ ਗੋਤੇ ਖਾ ਰਿਹਾ ਹੈਂ। ਤੇਰੇ ਨਿਕਲਣ ਦਾ ਕੋਈ ਉਪਾਅ ਈ ਤੇਰੇ ਪਾਸ ਨਹੀਂ ਹੈ। ਤੇਰੇ ਚਾਰ ਚੁਫ਼ੇਰੇ ਮੋਹ ਨੇ ਆਪਣੀ ਫ਼ੌਜ ਦੇ ਮਜ਼ਬੂਤ ਪਹਿਰੇ ਲਾ ਰੱਖੇ ਹਨ, ਜਿਨ੍ਹਾਂ ਕੋਲੋਂ ਛੁਟਕਾਰਾ ਪਾਉਣਾ ਹੁਣ ਤੇਰੇ ਵੱਸ ਦੀ ਗੱਲ ਨਹੀਂ ਰਹੀ।

ਆਸਾ ਵਾਸ਼ਨਾ, ਮਮਤਾ, ਪ੍ਰਪੰਚ, ਧੋਖਾ, ਫਰੇਬ ਇਹ ਸਭ ਮੋਹ ਦੀ ਫ਼ੌਜ ਹੈ ਜੋ ਬੜੀ ਮਜ਼ਬੂਤ ਤੇ ਹੁਸ਼ਿਆਰ ਹੈ। ਇਸ ਦੇ ਸਾਮ੍ਹਣੇ ਬੜੇ ਬੜੇ ਤਪੀਏ ਤੇ ਜੋਗੀ ਹਾਰਦੇ ਦੇਖੇ ਗਏ ਹਨ। ਐ ਸੁਕਦੇਵ! ਤੂੰ ਮੋਹ ਸਾਗਰ ਦੀਆਂ ਛੱਲਾਂ ਦੀ ਲਪੇਟ ਵਿਚ ਫਸਿਆ ਹੋਇਆ ਵੀ ਆਪਣੇ ਆਪ ਨੂੰ ਨਿਰਲੇਪ ਤੇ ਤਿਆਗੀ ਸਮਝਦਾ ਏਂ, ਇਹ ਤੇਰੀ ਭੁੱਲ ਹੈ। ਸੱਚ ਮੁੱਚ ਜੇ ਨਿਰਪੱਖ ਹੋ ਕੇ ਦੇਖਿਆ ਜਾਏ ਤਾਂ ਸੁਕਦੇਵ ਮੋਹ ਦੇ ਗਾੜ੍ਹੇ ਚਿੱਕੜ ਵਿਚ ਉਲਝਿਆ ਪਿਆ ਏ। ਜਿਸ ਦੀ ਹਾਲਤ ਤਰਸ ਯੋਗ ਹੈ। ਇਹ ਹੈ ਮੋਹ ਜੋ ਸਾਰੇ ਸੰਸਾਰੀਆਂ ਨੂੰ ਨਾਚ ਨਚਾ ਰਿਹਾ ਹੈ ਤੇ ਤਮਾਸ਼ਾ ਦੇਖ ਕੇ ਖ਼ੁਸ਼ ਹੋ ਰਿਹਾ ਏ।

ਸ੍ਰੀਮਾਨ ਭਾਈ ਗੁਰਦਾਸ ਜੀ ਨੇ ਸੁਕਦੇਵ ਦੇ ਬਾਰੇ ਇਉਂ ਕਥਨ ਕੀਤਾ ਏ:

**ਬਾਰਹ ਵਰ੍ਹੇ ਗਰਭਾਸਿ ਵਸਿ, ਜੰਮਦੇ ਹੀ ਸੁਕਿ ਲਈ ਉਦਾਸੀ।**
**ਮਾਇਆ ਵਿਚਿ ਅਤੀਤ ਹੋਇ, ਮਨਹਠ ਬਧਿ ਨ ਬੰਦਿਖਲਾਸੀ।**
**ਪਿਤਾ ਬਿਆਸ ਪਰਬੋਧਿਆ, ਗੁਰ ਕਰਿ ਜਨਕ ਸਹਜ ਅਭਿਆਸੀ।**
**ਤਜਿ ਦੂਰਮਤਿ ਗੁਰਮਤਿ ਲਈ, ਸਿਰ ਧਰਿ ਜੂਠਿ ਮਿਲੀ ਸਾਬਾਸੀ।**
**ਗੁਰ ਉਪਦੇਸੁ ਅਵੇਸੁ ਕਰਿ, ਗਰਬਿ ਨਿਵਾਰਿ ਜਗਤਿ ਗੁਰ ਦਾਸੀ।**
**ਪੈਰੀ ਪੈ ਪਾਖਾਕ ਹੋਇ, ਗੁਰਮਤਿ ਭਾਉ ਭਗਤਿ ਪਰਗਾਸੀ।**
**ਗੁਰਮੁਖਿ ਸੁਖ ਫਲ ਸਹਿਜ ਨਿਵਾਸੀ।੧੦।** *(ਵਾਰ ੨੫, ਪਉੜੀ ੧੦)*

ਬਾਰ੍ਹਾਂ ਵਰ੍ਹੇ ਗਰਭ ਦਾ ਵਾਸਾ ਕਰ ਕੇ ਤੇ ਜਨਮ ਤੋਂ ਹੀ ਉਦਾਸ ਧਾਰਨ ਕਰ ਕੇ ਅਤੇ ਮਾਇਆ ਵਿੱਚੋਂ ਨਿਰਲੇਪਤਾ ਅਖ਼ਤਿਆਰ ਕਰ ਕੇ ਵੀ ਮਨ ਦਾ ਹਠ ਨਾ ਗਿਆ। ਜਿਸ ਕਰਕੇ ਬੰਦ ਖ਼ਲਾਸੀ ਨਾ ਹੋ ਸਕੀ। ਕਿਉਂਕਿ ਮਨ ਦੇ ਹਠ ਵਿਚ ਆਪਣੇ ਤਿਆਗ ਤੇ ਆਪਣੀ ਉੱਚੀ ਕੁਲ ਦਾ ਖ਼ਿਆਲ ਕੰਮ ਕਰਦਾ ਸੀ। ਜਿਸ ਕਾਰਨ ਮਨ ਹਠੀਆ ਹੋ ਗਿਆ ਸੀ। ਇਸ ਪੜਦੇ ਵਿਚ ਵੀ ਮੋਹ ਦੀ ਅੰਸ਼ ਹੀ ਝਲਕਾਂ ਮਾਰਦੀ ਦਿਸਦੀ ਹੈ। ਯਾਨੀ ਮਨ ਆਪਣੇ ਤਿਆਗ ਤੇ ਉੱਚੀ ਕੁਲ ਦੇ ਮੋਹ ਵਿਚ ਫਸ ਕੇ ਏਨਾ ਮੋਹਿਆ ਗਿਆ ਕਿ ਉਸਨੂੰ ਤਿਆਗਣਾ ਨਹੀਂ ਸੀ ਚਾਹੁੰਦਾ।

ਸੱਚ ਪੁੱਛੋ ਤਾਂ ਇਸ ਮੋਹ ਨੇ ਵੱਡੇ ਵੱਡਿਆਂ ਦੇ ਸਿਰ ਝੁਕਾ ਕੇ ਰੱਖ ਦਿੱਤੇ ਹਨ। ਸ੍ਵੈ-ਸਨਮਾਨ ਦੀ ਡੀਂਗ ਮਾਰਨ ਵਾਲਿਆਂ ਨੂੰ ਪੈਂਤੜੇ ਤੋਂ ਥਿੜਕਾ ਦਿੱਤਾ ਏ। ਜੈਸਾ ਕਿ ਹੇਠਲੀਆਂ ਸਤਰਾਂ ਤੋਂ ਸਿੱਧ ਹੈ:

**ਮੋਹ ਮਾਇਆ ਦੇ ਨਾਲ ਕਿ, ਦੁਨੀਆਂ ਚਿਪਟੀ ਰਹਿੰਦੀ ਏ।**
**ਝੂਠਾ ਹੈ ਸੰਸਾਰ, ਲੁਕਾਈ ਲਿਪਟੀ ਰਹਿੰਦੀ ਏ।**
**ਛਲ ਬਲ ਦਗ਼ਾ ਫਰੇਬ, ਚੁਫੇਰੇ ਹੁੰਦਾ ਰਹਿੰਦਾ ਏ।**

ਵਿਚ ਫਸਿਆ ਆਪ ਮਨੁੱਖ, ਦੁਖ ਸੁਖ ਸਹਿੰਦਾ ਰਹਿੰਦਾ ਏ।
ਇਸ ਮੋਹੇ ਦੇਵੀ ਦੇਵ, ਮੋਹ ਦਾ ਅਜਬ ਪਸਾਰਾ ਏ।
ਇਹਦਾ ਤਰਨਾ ਕਠਨ ਮਹਾਨ, ਮੋਹ ਦਾ ਸਾਗਰ ਭਾਰਾ ਏ।
ਇਸ ਮੋਹ ਦੇ ਮੋਹੇ ਦੇਖ, ਪੈਗ਼ੰਬਰ ਬਣਦੇ ਘੋੜੇ ਨੇ।
ਕਿਸੇ ਨੇ ਮੋਹ ਦੇ ਮੋਹਿਆਂ, ਰੂਪ ਬਸੰਤ ਵਿਛੋੜੇ ਨੇ।
ਮੋਹ ਦੀ ਖਾ ਕੇ ਮਾਰ ਕਿਸੇ ਨੇ, ਰਾਮ ਜੀ ਘਰ ਚੋਂ ਕੱਢ ਦਿੱਤਾ।
ਮੋਹ ਦੇ ਆਖੇ ਲੱਗ ਕਿਸੇ ਨੇ, ਪੂਰਨ ਆਪਣਾ ਵੱਢ ਦਿੱਤਾ।
ਇਸ ਮੋਹ ਨੇ ਮੱਛੀ ਮਰਨੀ ਨੂੰ, ਲੋਹੇ ਦਾ ਚਣਾ ਚਬਾ ਦਿੱਤਾ।
ਇਸ ਮੋਹ ਨੇ ਚਕਵੀ ਚਾਤਰ ਨੂੰ, ਜਾਗਣ ਦਾ ਵੱਲ ਸਿਖਾ ਦਿੱਤਾ।
ਇਸ ਮੋਹ ਨੇ ਖੇਡੀ ਖੇਡ, ਚਕੋਰਾਂ ਚਬੇ ਕੋਲੇ ਤੱਤੇ ਨੂੰ।
ਮੋਹ ਦੀ ਚਾਲੇ ਚੜ੍ਹਿਆ ਬਾਂਦਰ, ਖੇਲੇ ਖੇਲ ਅਵੱਤੇ ਨੂੰ।
ਮੋਹ ਚੋਂ ਰਹੇ 'ਸੁਤੰਤ੍ਰ' ਉਹ ਕੋਈ, ਵਿਰਲਾ ਈ ਪੁੱਤ ਮਾਂ ਦਾ ਏ।
ਉਹਦੇ ਦਰਸ਼ਨ ਪਾਰ ਉਤਾਰਨ, ਡੰਕਾ ਵੱਜਦਾ ਉਹਦੇ ਨਾਂ ਦਾ ਏ।

ਜਿਸ ਮੋਹ ਦੇ ਸਮੁੰਦਰ ਵਿਚ ਸਾਰਾ ਸੰਸਾਰ ਗੋਤੇ ਖਾਂਦਾ ਹੋਇਆ ਕਿਨਾਰਾ ਨਹੀਂ ਲੱਭ ਸਕਦਾ, ਉਹ ਮੋਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵਿਚ ਲੇਸ ਮਾਤ੍ਰ ਵੀ ਨਹੀਂ। ਉਸ ਮੋਹ ਦਾ ਇਕ ਕਿਣਕਾ ਵੀ ਹਜ਼ੂਰ ਦੇ ਨੇੜੇ ਨਹੀਂ ਫਟਕ ਸਕਿਆ। ਸੰਸਾਰੀ ਮੋਹ ਵਿੱਚੋਂ ਆਪ ਸਦਾ ਨਿਰਲੇਪ ਤੇ ਦੂਰ ਰਹੇ। ਸੰਸਾਰ ਦੇ ਨਾਸ਼ਮਾਨ ਪਦਾਰਥਾਂ ਦੇ ਝੂਠੇ ਮੋਹ ਨੂੰ ਆਪ ਨੇ ਆਪਣੇ ਮਨ ਵਿਚ ਉੱਗਣ ਹੀ ਨਹੀਂ ਦਿੱਤਾ ਸਗੋਂ ਨਿਰਮੋਹ ਰਹੇ।

SIKHBOOKCLUB.COM

ਭਾਰਤ ਭੂਮੀ ਦੇ ਤਿਆਗੀਆਂ ਵਿੱਚੋਂ ਗੌਤਮ ਨੂੰ ਵੱਡਾ ਤਿਆਗੀ ਮੰਨਿਆ ਗਿਆ ਹੈ, ਜਿਸ ਨੇ ਤਾਜ ਤੇ ਤਖ਼ਤ ਨੂੰ ਲੱਤ ਮਾਰ ਕੇ ਮਨੁੱਖ ਜਨਮ ਨੂੰ ਸਫ਼ਲ ਕਰਨ ਲਈ ਤਿਆਗ ਧਾਰਨ ਕੀਤਾ, ਇਕ ਰੋਗੀ ਤੇ ਬੁੱਢੇ ਤੇ ਮੁਰਦੇ ਨੂੰ ਦੇਖ ਕੇ ਗੌਤਮ ਨੂੰ ਭਾਰੀ ਸੱਟ ਵੱਜੀ ਤੇ ਮਨ ਵਿਚ ਫ਼ੈਸਲਾ ਕਰ ਲਿਆ ਕਿ ਰੋਗੀ ਤੇ ਬੁੱਢੇ ਹੋਣ ਤੋਂ ਪਹਿਲਾਂ ਨਾਮ ਜਪ ਕੇ ਜਨਮ ਸੁਧਾਰ ਲਈਏ ਪਰ ਤੁਰਨ ਲੱਗਿਆਂ ਮੋਹ ਨੇ ਜਾਲ ਵਿਛਾ ਦਿੱਤਾ, ਗੌਤਮ ਨੇ ਸੋਚਿਆ ਜੇ ਮੈਂ ਚਲਾ ਗਿਆ ਤਾਂ ਮਾਂ ਰੋਂਦੀ ਮਰ ਜਾਏਗੀ। ਦੂਜੀ ਵਾਰ ਇਸਤ੍ਰੀ ਦਾ ਮੋਹ ਸਾਮ੍ਹਣੇ ਆ ਖਲੋਤਾ, ਮਨ ਦਲੀਲੀਂ ਪੈ ਗਿਆ ਕਿ ਮੇਰੇ ਬਿਨਾਂ ਮੇਰੀ ਇਸਤ੍ਰੀ ਕੀ ਕਰੇਗੀ ? ਕਿਥੇ ਜਾਏਗੀ ਮੇਰੇ ਬਿਨਾਂ ? ਕਿਵੇਂ ਜੀਏਗੀ ? ਤੀਜੀ ਵਾਰੀ ਤੁਰਦਿਆਂ ਪੁੱਤਰ ਦਾ ਪਿਆਰ ਮੋਹ ਬਣ ਕੇ ਲੱਤਾਂ ਨੂੰ ਵਲ ਪਾ ਕੇ ਬਹਿ ਗਿਆ। ਇਸੇ ਤਰ੍ਹਾਂ ਗੌਤਮ ਕਈ ਵਾਰ ਤੁਰਿਆ ਤੇ ਕਈ ਵਾਰ ਰੁਕਿਆ। ਆਖ਼ਰ ਇਕ ਰਾਤ ਨੂੰ ਪ੍ਰਵਾਰ ਨੂੰ ਸੁੱਤਿਆਂ ਛੱਡ ਕੇ ਤੁਰ ਪਿਆ। ਸੁੱਤੀ ਹੋਈ ਇਸਤ੍ਰੀ ਤੇ ਪੁੱਤ ਨੂੰ ਪਿਆਰ ਕਰਦਿਆਂ ਅੱਖੀਆਂ ਸਿੰਮੀਆਂ ਤੇ ਅੱਥਰੂ ਡੁੱਲ੍ਹ ਪਏ। ਮਨ ਨੇ ਹੌਕਾ ਭਰ ਕੇ ਆਖਿਆ, ਬੱਸ ਇਹ ਆਖ਼ਰੀ ਮਿਲਾਪ ਹੈ।

ਜ਼ਰਾ ਏਧਰ ਝਾਤੀ ਪਾਉ, ਅੱਜ ਸੁਲਤਾਨਪੁਰ ਵਿੱਚੋਂ ਸਤਿਗੁਰ ਨਾਨਕ ਦੇਵ ਜੀ ਜਗਤ ਸੁਧਾਰ ਵਾਸਤੇ ਚਲਿਆ ਜੇ, ਚਿੱਟਾ ਦਿਨ ਹੈ। ਸਾਰਾ ਪ੍ਰਵਾਰ ਪਾਸ ਖਲੋਤਾ ਹੋਇਆ ਹੈ, ਪਤੀਬ੍ਰਤਾ ਇਸਤ੍ਰੀ ਨੇ ਚਰਨ ਫੜੇ ਹੋਏ ਨੇ, ਪੁੱਤਾਂ ਦੀ ਜੋੜੀ ਬਾਹਵਾਂ ਨਾਲ ਚੰਬੜੀ ਹੋਈ ਹੈ। ਭਣੂਜਾ ਜੈ ਰਾਮ ਕੋਲ ਖਲੋਤਾ ਸਤਿਗੁਰਾਂ ਵੱਲ ਵੇਖੀ ਜਾਂਦਾ

ਏ ਤੇ ਭੈਣ ਨਾਨਕੀ ਅਰਜ਼ਾਂ ਕਰਦੀ ਹੈ ਕਿ ਵੀਰਾ! ਮੈਂ ਤੈਨੂੰ ਢਾਕੇ ਚੁੱਕ ਕੇ ਖਿਡਾਇਆ ਹੈ ਤੇ ਸੋਹਣੀਆਂ ਸੋਹਣੀਆਂ ਲੋਰੀਆਂ ਦੇ ਕੇ ਤੈਨੂੰ ਰਿਝਾਇਆ ਹੈ, ਤੇਰੇ ਅਨੋਖੇ ਕੌਤਕਾਂ ਤੇ ਨੂਰੀ ਸੂਰਤ ਨੇ ਦਿਲ ਦੇ ਖ਼ਾਨੇ ਵਿਚ ਵਾਸ ਕੀਤਾ ਹੋਇਆ ਹੈ ਪਰ ਅੱਜ ਅੰਮਾ-ਜਾਈ ਇੱਕੋ ਇਕ ਭੈਣ ਨੂੰ ਵਿਛੋੜੇ ਦਾ ਤੀਰ ਮਾਰ ਕੇ ਕਿੱਥੇ ਤੁਰ ਚਲਿਆ ਏਂ ? ਵੇ ਵੀਰਾ! ਨਾ ਜਾ, ਮੈਂ ਮਿੰਨਤਾਂ ਕਰਨੀ ਆਂ, ਨਾ ਜਾ, ਜੇ ਮੇਰੇ ਉਤੇ ਤਰਸ ਨਹੀਂ ਆਉਂਦਾ ਤਾਂ ਮੇਰੀ ਭਾਬੀ ਉਤੇ ਹੀ ਤਰਸ ਕਰ। ਇਹ ਵਿਚਾਰੀ ਤੇਰੇ ਬਿਨਾਂ ਕਿਸ ਦੇ ਆਸਰੇ ਜੀਵਨ ਗੁਜ਼ਾਰੇਗੀ। ਜੇ ਇਸ ਨੂੰ ਬਿਗਾਨੀ ਧੀ ਜਾਣ ਕੇ ਇਸ 'ਤੇ ਵੀ ਤਰਸ ਨਹੀਂ ਆਉਂਦਾ ਤਾਂ ਘੱਟੋ ਘੱਟ ਆਪਣੇ ਸੁੱਖਾਂ ਲੱਧਿਆਂ ਉਤੇ ਤਾਂ ਤਰਸ ਖਾ। ਦੇਖਾਂ ਤੇਰੀਆਂ ਬਾਂਹਵਾਂ ਨਾਲ ਚੰਬੜ ਕੇ ਬਿਲਕਣੀਆਂ ਲੈ ਰਹੇ ਹਨ। ਵੇਖੇਂ ਨਾ ਨਿੱਕੀਆਂ ਨਿੱਕੀਆਂ ਬੁੱਲ੍ਹੀਆਂ ਵਿੱਚੋਂ ਕਿਵੇਂ ਤਰਲੇ ਕੱਢਦੇ ਨੇ, ਵੀਰਾ! ਇਹਨਾਂ ਦੇ ਅੱਥਰੂ ਤੱਤੀ ਭੂਆ ਕੋਲੋਂ ਨਹੀਂ ਦੇਖੇ ਜਾਂਦੇ, ਨਹੀਂ ਝੱਲੇ ਜਾਂਦੇ, ਨਹੀਂ ਸਹਾਰੇ ਜਾਂਦੇ ਵੇ, ਅੰਮਾ-ਜਾਇਆ! ਇਹਨਾਂ ਉਤੇ ਹੀ ਦਇਆ ਕਰ ਤੇ ਨਾ ਜਾ।

ਭੈਣ ਨਾਨਕੀ ਨੇ ਜੋ ਕੁਛ ਆਖਿਆ ਇਹ ਦੁਨੀਆਂਦਾਰਾਂ ਦੇ ਰਸਤੇ ਵਿਚ ਇਕ ਬੜੀ ਭਾਰੀ ਰੁਕਾਵਟ ਤੇ ਉਲਝਣ ਹੈ; ਇਹ ਮੋਹ ਦਾ ਠਾਠਾਂ ਮਾਰਦਾ ਦਰਿਆ ਹੈ ਜਿਸ ਵਿੱਚੋਂ ਪਾਰ ਜਾਣਾ ਕਠਨ ਹੈ। ਇਹ ਦੁਨੀਆਂਦਾਰਾਂ ਦੇ ਪੈਰਾਂ ਨੂੰ ਪੱਕੇ ਸੰਗਲ ਹਨ ਜਿਨ੍ਹਾਂ ਦਾ ਤੋੜਨਾ ਅਸੰਭਵ ਹੈ, ਪਰ ਧੰਨ ਹਨ ਸਤਿਗੁਰ ਸੱਚੇ ਪਾਤਸ਼ਾਹ ਜਿਨ੍ਹਾਂ ਨੇ ਭੈਣ ਜੀ ਨੂੰ ਉੱਤਰ ਦਿੱਤਾ ਕਿ ਐ ਨਾਨਕੀ! ਇਕ ਪਾਸੇ ਤਾਂ ਇਹ ਦੋ ਦੁਖੀ ਤੇ ਦੂਜੇ ਪਾਸੇ ਵਾਹਿਗੁਰੂ ਦੀ ਸਾਜੀ ਹੋਈ ਸ੍ਰਿਸ਼ਟੀ ਵਿਚ ਕਰੋੜਾਂ ਜੀਵ ਦੁਖੀ ਹਨ, ਹੁਣ ਤੂੰ ਹੀ ਦੱਸ ਪਈ ਮੈਂ ਦੋਹ ਵੱਲ ਵੇਖਾਂ ਕਿ ਕਰੋੜਾਂ ਵੱਲ ਵੇਖਾਂ ?

ਇਹ ਸੀ ਨਿਰਮੋਹ ਗੁਰੂ ਦਾ ਉੱਤਰ ਜਿਸ ਨੇ ਬੇਬੇ ਨਾਨਕੀ ਨੂੰ ਚੁੱਪ ਕਰਾ ਦਿੱਤਾ ਤੇ ਸ੍ਰੀ ਗੁਰੂ ਸੱਚੇ ਪਾਤਸ਼ਾਹ ਸਾਰਿਆਂ ਦਾ ਮੋਹ ਤਿਆਗ ਕੇ ਸਭ ਦੇ ਦੇਖਦਿਆਂ ਦੇਖਦਿਆਂ ਔਹ ਗਏ ਔਹ ਗਏ। ਜਗਤ ਭਲਾਈ ਵਾਸਤੇ ਸਾਰੇ ਮੋਹ ਤੋੜ ਕੇ ਤੁਰ ਗਏ। ਕਿਸੇ ਪੰਜਾਬੀ ਦੇ ਕਵੀ ਨੇ ਉਸ ਵੇਲੇ ਦਾ ਨਕਸ਼ਾ ਇਸ ਤਰ੍ਹਾਂ ਕਥਨਿਆ ਹੈ :

ਸ਼ਾਕਾ ਮੁਨੀ ਗੌਤਮ ਜੀ ਦੇ ਰਿਦੇ ਅੰਦਰ, ਜਦੋਂ ਪੈਦਾ ਗਿਆਨ ਦਾ ਨੂਰ ਹੋਇਆ।
ਰੋਗੀ ਬਿਰਧ ਤੇ ਮੁਰਦੇ ਨੂੰ ਦੇਖ ਕਰ ਕੇ, ਪੜਦਾ ਮਾਇਆ ਦਾ ਅੱਖਾਂ ਤੋਂ ਦੂਰ ਹੋਇਆ।
ਮਿਥਿਆ ਲਗ ਪਿਆ ਦਿਸਣ ਸੰਸਾਰ ਸਾਰਾ, ਧੂੰਏਂ ਬੱਦਲ ਦੇ ਵਾਂਗ ਕਾਫ਼ੂਰ ਹੋਇਆ।
ਇੱਛਾ ਹੋਈ ਨਿਰਬਾਣਪਦੁ ਪਾਵਣੇ ਦੀ, ਖ਼ਿਆਲ ਰਾਜ ਸੁਖ ਭੋਗ ਦਾ ਦੂਰ ਹੋਇਆ।
ਸੋਚਣ ਲੱਗਾ ਕਿ ਛੱਡ ਕੇ ਮਹਿਲ ਸ਼ਾਹੀ, ਕੱਲ ਜੰਗਲੀਂ ਜੋਗ ਕਮਾਣ ਚੱਲੀਏ।
ਮਾਤਾ ਪਿਤਾ ਤੇ ਇਸਤ੍ਰੀ ਪੁੱਤ ਤਜ ਕੇ, ਹੋ ਜੰਗਲਾਂ ਨੂੰ ਨਿਰਬਾਣ ਚੱਲੀਏ।
ਐਪਰ ਹੌਸਲਾ ਨਹੀਂ ਸੀ ਪਿਤਾ ਜੀ ਦੇ, ਪਰਬਲ ਮੋਹ ਨੂੰ ਝਟ ਕੇ ਤੁੜਾਵਨੇ ਦਾ।
ਨਾ ਹੀ ਨਿਸਚਾ ਸੀ ਮਾਂ ਦੀ ਗਲਵੱਕੜੀ ਨੂੰ, ਗਿਆਨ ਜ਼ੋਰ ਦੇ ਨਾਲ ਛੁਡਾਵਣੇ ਦਾ।
ਝੱਲਣਾ ਕਠਨ ਦਿਸਿਆ ਪਿਆਰੀ ਨਾਰ ਸੰਦਾ, ਝਾਕਾ ਮਾਰ ਚੀਕਾਂ ਗਸ਼ ਖਾਵਣੇ ਦਾ।
ਪੁਤ੍ਰ ਲਾਡਲਾ ਲੱਤਾਂ ਨੂੰ ਆਣ ਲਿਪਟੂ, ਸਾਹ ਸਤ ਰਹੂ ਨਾ ਕਦਮ ਉਠਾਵਣੇ ਦਾ।
ਸੋਚਾਂ ਸੋਚ ਆਖ਼ਰ ਰਾਤੀਂ ਉੱਠ ਚੋਰੀ, ਟੱਬਰ ਤਿਆਗ ਕੇ ਤੋੜ ਜ਼ੰਜੀਰ ਨਿਕਲੇ।

ਸੁੱਤੀ ਨਾਰ ਤੇ ਪੁੱਤ ਨੂੰ ਪਿਆਰ ਕੀਤਾ, ਤੁਰਨ ਲੱਗਿਆਂ ਨੈਣਾਂ 'ਚੋਂ ਨੀਰ ਨਿਕਲੇ।
ਐਪਰ ਗੁਰੂ ਨਾਨਕ ਜਦੋਂ ਤੁਰਨ ਲੱਗਾ, ਚਿੱਟਾ ਚਾਨਣਾ ਹਾਜ਼ਰ ਪ੍ਰਵਾਰ ਹੈ ਸੀ।
ਸਾਰਾ ਪਿੰਡ ਸਨਬੰਧੀ ਸਮਝੌਣ ਵਾਲੇ, ਸੱਸ ਕਰ ਰਹੀ ਨਾਲ ਪੁਕਾਰ ਹੈ ਸੀ।
ਜੋੜੀ ਪੁਤਰਾਂ ਦੀ ਚੰਬੜ ਬਾਂਹ ਤਾਈਂ, ਨਾ ਜਾਉ ਪਿਤਾ ! ਕਰਦੀ ਵਾਰ ਹੈ ਸੀ।
ਪਤੀਬ੍ਰਤਾ ਅਰਧੰਗੀ ਦੋ ਚਰਨ ਫੜ ਕੇ, ਰਹੀ ਡੋਲ੍ਹ ਆਂਸੂ ਜ਼ਾਰੋ ਜ਼ਾਰ ਹੈ ਸੀ।
ਪਰ ਅਡੋਲ ਗੁਰ ਦਾ ਰਿਦਾ ਡੋਲਿਆ ਨਾ, ਬੋਲੇ ਆ ਗਿਆ ਹੁਕਮ ਕਰਤਾਰ ਦਾ ਏ।
ਨਾਰੀ ਪੁੱਤਾਂ ਦੇ ਸੁਖਾਂ ਨੂੰ ਵਾਰ ਕੇ ਤੇ, ਕਰਨਾ ਦੂਰ ਦੁੱਖ ਸਾਰੇ ਸੰਸਾਰ ਦਾ ਏ।

ਦੀਨ ਦਿਆਲ ਤੇ ਕ੍ਰਿਪਾ ਸਾਗਰ ਸਤਿਗੁਰੂ ਨੇ ਮੋਹ ਦੇ ਸੰਗਲ ਤੋੜ ਕੇ ਕੜੀ ਕੜੀ ਕਰ ਕੇ ਰੱਖ ਦਿੱਤੇ। ਮੋਹ ਨੂੰ ਮਲ ਦਲ ਕੇ, ਪੈਰਾਂ ਹੇਠ ਲਿਤਾੜ ਕੇ, ਸੰਸਾਰ ਨੂੰ ਦੱਸ ਦਿੱਤਾ ਕਿ 'ਵਿਚੇ ਗ੍ਰਿਹਸਤ ਸਦਾ ਰਹੈ ਉਦਾਸੀ, ਜਿਉ ਕਮਲੁ ਰਹੈ ਵਿਚਿ ਪਾਣੀ ਹੇ' ਦੇ ਮਹਾਂਵਾਕ ਅਨੁਸਾਰ ਮਾਇਆ ਵਿਚ ਰਹਿ ਕੇ ਕਿਸ ਤਰ੍ਹਾਂ ਨਿਰਮੋਹ ਰਹੀਦਾ ਹੈ। ਇਸ ਤੋਂ ਸੁਖੈਨ ਹੀ ਪਤਾ ਲੱਗ ਜਾਂਦਾ ਹੈ ਕਿ ਸਤਿਗੁਰਾਂ ਦਾ ਕਿਸੇ ਵੀ ਸੰਸਾਰੀ ਤੇ ਝੂਠੇ ਪਦਾਰਥ ਨਾਲ ਰੰਚਕ ਵੀ ਮੋਹ ਨਹੀਂ ਸੀ। ਨਿਰਮੋਹ ਗੁਰੂ ਦੇ ਦਿੱਤੇ ਹੋਏ ਚਾਨਣੇ ਵਿਚ ਜੀਵਨ-ਯਾਤਰਾ ਕਰਦੇ ਹੋਏ ਬੇਅੰਤ ਸਿੱਖਾਂ ਨੇ, ਮਾਇਆ ਵਿਚ ਰਹਿ ਕੇ ਗ੍ਰਹਿਸਤ ਧਰਮ ਦੀ ਪਾਲਣਾ ਕਰਦਿਆਂ ਹੋਇਆਂ ਉਹ ਉਹ ਕੁਰਬਾਨੀ ਕੀਤੀਆਂ ਹਨ ਜਿਨ੍ਹਾਂ ਨੂੰ ਦੇਖ ਕੇ ਦੰਗ ਰਹਿ ਜਾਈਦਾ ਹੈ।

SIKHBOOKCLUB.COM